ਸਚ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ
GIAN
ਗੁਰਮਤਿ ਗਿਆਨ

ਦਸੰਬਰ 2024

# ਗੁਰਮਤਿ ਵਿਰਸਾ

# GURMAT VIRSA गुरमति विरसा

Year-6, Issue-5, December 2024, Ludhiana gurmatvirsa@gmail.com Multilingual Price 25/-



ਪਹਿਲਾ ਸਥਾਨ: ਕੇਂਦਰ ਮਾਲੂਵਾਲ

## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਕਰਵਾਏ ਗਏ

## ਪੰਜਾਬ ਪੱਧਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ



ਦੂਜਾ ਸਥਾਨ: ਕੇਂਦਰ ਚੱਕ ਕਲਾਂ



ਤੀਜਾ ਸਥਾਨ: ਕੇਂਦਰ ਪਰਿੰਗੜੀ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਅੱਪਰਾ ਦੇ ਪਿੰਡ ਸੰਗ ਢੇਸੀਆਂ ਵਿਖੇ ਸਮਾਗਮ ਦੀ ਸਮਾਪਤੀ ਉਪਰੰਤ ਸਨਮਾਨਤ ਕੀਤਾ ਗਿਆ।





ਕੇਂਦਰ ਨਵਾਂਸ਼ਹਿਰ ਦਾ ਸੁਮਿਤ ਸਿੰਘ 'ਖੰਡੇ ਬਾਟੇ ਦੀ ਪਾਹੁਲ' ਛਕਕੇ ਸਿੰਘ ਸਜਿਆ।



ਕੇਂਦਰ ਖਨਾਲ ਕਲਾਂ ਵਿਖੇ ਵੀਰਾਂ ਦੀ ਲੱਗ ਰਹੀ ਗੁਰਬਾਣੀ ਸੰਥਿਆ ਦੀ ਕਲਾਸ।





ਕੇਂਦਰ ਚੱਕ ਕਲਾਂ ਵਿਖੇ ਬੱਚਿਆਂ ਦੀ ਲੱਗ ਰਹੀ ਗਤਕਾ ਕਲਾਸ ਅਤੇ ਬੀਬੀਆਂ ਦੀ ਗੁਰਮਤਿ ਕਲਾਸ



ਕੇਂਦਰ ਚੱਕ ਕਲਾਂ ਦੇ ਪਿੰਡ ਸ਼ੰਕਰ ਵਿਚ ਸੈਂਟ ਜੋਨਸ ਅਕੈਡਮੀ ਵਿਖੇ ਲਗਾਈ ਜਾ ਰਹੀ ਗੁਰਮਤਿ ਕਲਾਸ



ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਮਾਲੂਵਾਲ ਦੇ ਨਗਰ ਨਿਵਾਸੀ ਅਤੇ ਐਨ.ਆਰ.ਆਈ ਸਤਪਾਲ ਸਿੰਘ ਹਾਂਗਕਾਂਗ ਵਲੋਂ ਪ੍ਰਚਾਰਕ ਭਾਈ ਨਿਰਮਲ ਸਿੰਘ ਸੁਰਸਿੰਘ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਪਰਿੰਗੜੀ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਜੰਮੂ ਦੇ ਗੁ: ਸਿੰਘ ਸਭਾ ਮੁਰਾਲੀਆਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਜੰਮੂ ਦੇ ਗੁ: ਸਿੰਘ ਸਭਾ ਆਰ.ਐਸ.ਪੁਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।

# ਗੁਰਮਤਿ ਵਿਰਸਾ

ਦਸੰਬਰ 2024 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ

## ਮੱਘਰ-ਪੋਹ ਮਹੀਨੇ ਦੇ ਖਾਸ ਦਿਹਾੜੇ

- ਜਨਮ ਦਿਵਸ ਸਾਹਿਬਜ਼ਾਦਾ ਫਤਹਿ ਸਿੰਘ : 29 ਮੱਘਰ (12 ਦਸੰਬਰ)
- ਸ਼ਹੀਦੀ ਵੱਡੇ ਸਾਹਿਬਜ਼ਾਦੇ : 08 ਪੋਹ (21 ਦਸੰਬਰ)
- ਸ਼ਹੀਦੀ ਸਾਕਾ ਚਮਕੌਰ ਸਾਹਿਬ : 08 ਪੋਹ (21 ਦਸੰਬਰ)
- ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ : 13 ਪੋਹ (26 ਦਸੰਬਰ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
Responsible for collection of all Printed matter as per PRB Act
**Registration Number of the Newspaper**
**PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਸਾਕਾ ਸਰਹਿੰਦ | 9 |
| ਕੌਣ ਸਨ ਬਾਈਧਾਰ ਦੇ ਰਾਜੇ? | 12 |
| ਸਾਕਾ ਚਮਕੌਰ ਸਾਹਿਬ: ਦੁਨੀਆਂ ਦੇ ਜੰਗੀ ਇਤਿਹਾਸ ਦੀ... | 14 |
| ਧਰਮ ਪੋਥੀ ਸਬੰਧੀ ਬੇਲੋੜੇ ਭਰਮ | 15 |
| ਅੰਤਰ ਧਰਮ ਸੰਵਾਦ-ਸਿਧ ਗੋਸਟਿ ਸੰਦਰਭ ਵਿਚ | 16 |
| ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਰੋਲ | 19 |
| ਅਕਾਲੀ ਸਿਆਸਤ ਦਾ ਵਰਤਮਾਨ ਸੰਕਟ | 21 |
| ਨੰਨੇ ਵਾਰਸ | 22 |
| ਕਰਮਕਾਂਡਾਂ ਤੇ ਅੰਧ ਵਿਸ਼ਵਾਸਾਂ ਵਿਚ ਉਲਝਾਈ ਜਾ ਰਹੀ... | 24 |
| ਪੰਜਾਬ ਪੱਧਰ ਦੇ ਗੁਰਮਤਿ ਤੇ ਨਰੋਈ ਸਿਹਤ ਮੁਕਾਬਲੇ (ਰਿਪੋਰਟ) | 25 |
| ਮਹਾਨ ਗਦਰੀ ਯੋਧਾ ਸ਼ਹੀਦ ਕਰਤਾਰ ਸਿੰਘ ਸਰਾਭਾ | 26 |
| ਮੈਂ ਬੰਦੇ ਨੂੰ ਜੀਵਨ ਦੇਵਾਂ, ਇਹ ਤਿੱਖੀ ਤਲਵਾਰ ਹੈ ਕਰਦਾ? | 28 |
| ਕਾਵਿ ਕਿਆਰੀ | 30 |
| ਖਾਣ-ਪੀਣ ਵਿਚ ਸੰਜਮ | 32 |
| ਕਾਰਪੋਰੇਟਾਂ ਵਿਰੁੱਧ ਲੜਣ ਵਾਲਾ ਪੰਜਾਬ ਅੱਜ ਖੁਦ ਕਾਰਪੋਰੇਟੀ | 33 |
| **बड़े साहिबज़ादों की लासानी शहादत** | **34** |
| Commemorating firm faith, fearless courage... | 36 |
| ਸਿਹਤ ਸੰਭਾਲ | 37 |
| ਸਾਡੀ ਖੇਤੀ | 38 |
| ਗੁਰਮਤਿ ਸੰਜੋਗ | 40 |
| ਅਕਤੂਬਰ ਮਹੀਨੇ ਦੀਆਂ ਸਰਗਰਮੀਆਂ | 41 |



## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**

# ਪੰਜਾਬ ਦੀ ਉਖੜੀ ਹੋਈ ਸਿਆਸਤ



ਪੰਜਾਬ ਦੀ ਸਾਰੀ ਸਿਆਸਤ ਉਖੜੀ ਹੋਈ ਫਿਰਦੀ ਹੈ। ਕਿਸੇ ਵੀ ਰਾਜਨੀਤਿਕ ਪਾਰਟੀ ਕੋਲ ਪੰਜਾਬ ਲਈ ਨੀਤੀਵੱਤ ਪ੍ਰੋਗਰਾਮ ਨਹੀਂ ਹੈ। ਪੰਜਾਬ ਦੇ ਸੂਝਵਾਨ ਨੇਤਾ ਵੀ ਇਕ ਦੂਜੇ ਤੇ ਦੂਸ਼ਨਬਾਜ਼ੀ ਵਿੱਚ ਰੁੱਝੇ ਹੋਏ ਹਨ। ਭਾਰਤੀ ਜਨਤਾ ਪਾਰਟੀ ਇਸ ਵਕਤ ਤਕਰੀਬਨ ਸਾਰੇ ਭਾਰਤ ਵਿਚ ਰਾਜ ਕਰ ਰਹੀ ਹੈ। ਪੰਜਾਬ ਦੇ ਨੇਤਾ ਭੱਜ ਭੱਜ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਿਲ ਹੋ ਰਹੇ ਹਨ ਪਰ ਕੋਈ ਵੀ ਨੇਤਾ ਪੰਜਾਬ ਦੇ ਮਸਲੇ ਦੀ ਗੱਲ ਨਹੀਂ ਕਰਦਾ। ਸਾਰੇ ਭੰਬਲਭੂਸੇ ਵਿਚ ਪਏ ਹੋਏ ਹਨ।

**-ਨਿਤ ਭੰਬਲਭੂਸੇ ਖਾਹੀ**

ਭੰਬਲਭੂਸੇ ਦਾ ਅਰਥ ਹੈ ਅਵਾਰਾ ਫਿਰਨਾ। ਭਰਮ ਵਿਚ ਘਬਰਾਉਣਾ, ਇਹ ਪਤਾ ਨਾ ਲਗਣਾ ਕਿ ਮੈਂ ਕੀ ਕਰਾਂ ਤੇ ਕੀ ਨਾ ਕਰਾਂ। ਮਹਾਨ ਕੋਸ਼ ਵਿਚ ਅਰਥ ਹਨ ਜਿਵੇਂ ਕੁੱਤਾ ਸ਼ੀਸ਼ੇ ਦੇ ਮਕਾਨ ਵਿੱਚ ਧੋਖਾ ਖਾ ਕੇ ਆਪਣੇ ਅਕਸ ਨੂੰ ਦੇਖ ਕੇ ਭੌਂਕਦਾ ਹੈ, ਭਾਵ ਭੁਲੇਖੇ ਵਿੱਚ ਪੈਣਾ, ਜਿਹਾ ਕਿ ਚੌਥੇ ਪਾਤਸ਼ਾਹ ਜੀ ਦਾ ਸਪੱਸ਼ਟ ਫਰਮਾਣ ਹੈ--

**ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ**
**ਪੰਨਾ 309**

ਜਿਹੜਾ ਸਿਧਾਂਤ, ਨਿਯਮਾਂਵਲੀ, ਇਮਾਨਦਾਰੀ, ਵਫ਼ਾਦਾਰੀ, ਸਤਿ-ਸੰਤੋਖ ਆਦਿਕ ਦੈਵੀ ਗੁਣਾਂ ਤੇ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਛੱਡ ਜਾਂਦਾ ਹੈ ਉਹ ਭੰਬਲਭੂਸੇ ਵਿਚ ਪਿਆ ਹੋਇਆ ਹੈ। ਉਂਝ ਤਾਂ ਪੰਜਾਬ ਦੀ ਰਾਜਨੀਤੀ 1849 ਤੋਂ ਹੀ ਲੀਹੋਂ ਉੱਤਰ ਗਈ ਸੀ ਪਰ ਰਹਿੰਦੀ ਕਸਰ 1947 ਤੇ 1966 ਵਿੱਚ ਪੂਰੀ ਹੋ ਗਈ। ਇਹ ਅਵਸਥਾ ਸੁਧਰਨ ਦੀ ਬਜਾਏ ਦਿਨ-ਬ-ਦਿਨ ਵਿਗੜਦੀ ਹੀ ਗਈ ਹੈ। ਪੰਜਾਬ ਦੀ ਰਾਜਨੀਤੀ ਵਿਚ ਇਸ ਸਮੇਂ ਸਭ ਤੋਂ ਵੱਧ ਨਿਘਾਰ ਆਇਆ ਹੋਇਆ ਹੈ। ਨਿੱਜੀ ਲਾਲਚਾਂ ਤੇ ਪਰਿਵਾਰਵਾਦ ਵਿੱਚ ਫੱਸ ਕੇ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬੁਰੀ ਤਰ੍ਹਾਂ ਤਹਿਸ਼-ਨਹਿਸ਼ ਹੋ ਗਈ ਹੈ। ਅਕਾਲੀ ਦਲ ਬਾਦਲ ਆਪਣੀ ਹੋਂਦ ਬਚਾਉਣ ਲਈ ਸਿਰਤੋੜ ਯਤਨ ਕਰ ਰਿਹਾ ਹੈ। ਚਾਰੇ ਪਾਸਿਉਂ ਨਿਰਾਸ਼ਾ ਹੀ ਪੱਲੇ ਪੈ ਰਹੀ ਹੈ। ਕਾਂਗਰਸ ਪਾਰਟੀ ਨੇ ਕਦੇ ਵੀ ਪੰਜਾਬ ਦੇ ਮੁੱਦਿਆਂ ਦੀ ਗੱਲ ਨਹੀਂ ਕੀਤੀ। ਆਮ ਪਾਰਟੀ ਦੇ 92 ਐਮ. ਐਲ. ਏ. ਸਾਹ-ਸਤ ਹੀ ਗਵਾ ਗਏ ਹਨ। ਪੰਜਾਬ ਦੇ ਹਾਲਾਤ ਪੂਰੀ ਤਰ੍ਹਾਂ ਉਖੜੇ ਹੋਏ ਹੀ ਦਿਸਦੇ ਹਨ ਤੇ ਅਗਾਂਹ ਵੀ ਪੰਜਾਬ ਦੀ ਸਿਆਸਤ ਵਿਚ ਹਨੇਰਾ ਹੀ ਹਨੇਰਾ ਦਿਸਦਾ ਹੈ। ਪੰਜਾਬ ਵਿੱਚ ਜ਼ਿੰਮੇਵਾਰ ਲੀਡਰ ਕੋਈ ਵੀ ਨਹੀਂ ਦਿਸਦਾ ਜਿਸ ਨੂੰ ਪੰਜਾਬ ਦੇ ਮੁੱਦਿਆਂ ਦੀ ਸਾਰ ਹੋਵੇ। ਸਭ ਦੀ ਡੰਗ ਟਪਾਊ ਤੇ ਪਰਵਾਰਵਾਦ ਦੀ ਨੀਤੀ ਹੈ।



**ਪ੍ਰਿੰ. ਗੁਰਬਚਨ ਸਿੰਘ ਪੰਨਵਾਂ**
**99155-29725**

ਬਾਬਾ ਬੰਦਾ ਸਿੰਘ ਬਹਾਦਰ ਦੇ ਸਿਰ 'ਤੇ ਵਿਦੇਸ਼ੀ ਹਕੂਮਤ, ਮੁਗ਼ਲ ਸਲਤਨਤ, ਮੁਸਲਮਾਨੀ ਰਾਜ ਦੇ ਖ਼ਾਤਮੇ ਦੀ ਸ਼ੁਰੂਆਤ ਕਰਨ ਦਾ ਸਿਹਰਾ ਬੱਝਦਾ ਹੈ। ਇਨਾਂ ਤੋਂ ਮਗਰੋਂ ਭਾਈ ਨਾਨੂ ਸਿੰਘ ਦਿਲਵਾਲੀ ਦੇ ਸਪੁੱਤਰ ਭਾਈ ਦਰਬਾਰਾ ਸਿੰਘ ਨੇ ਸਿੱਖ ਫੋਜ ਦੀ ਕਮਾਂਡ ਸੰਭਾਲੀ। ਧਾਰਮਿਕ ਆਗੂ ਭਾਈ ਮਨੀ ਸਿੰਘ ਸਨ। 1716 ਤੋਂ ਲੈ ਕੇ 1733 ਤਕ ਸਿੱਖ ਫ਼ੌਜ ਦੀ ਬੜੀ ਸੁਚੱਜੀ ਅਗਵਾਈ ਕੀਤੀ। 1734 ਤੋਂ 1753 ਤਕ ਜੱਥੇਦਾਰੀ ਨਵਾਬ ਕਪੂਰ ਸਿੰਘ ਜੀ ਨੇ ਸੰਭਾਲੀ। ਛੋਟਾ ਘੱਲੂਘਾਰਾ ਹੁੰਦਾ ਹੈ। 1753 ਵਿਚ ਸਰਦਾਰ ਜੱਸਾ ਸਿੰਘ ਅਹਲੂਵਾਲੀਆਂ ਨੇ ਸਿੱਖ ਫੋਜ ਦੀ ਕਮਾਂਡ ਸੰਭਾਲੀ। 1783 ਵਿੱਚ ਜੱਸਾ ਸਿੰਘ ਅਹਾਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਬਘੇਲ ਸਿੰਘ ਦੀ ਅਗਵਾਈ ਵਿੱਚ 30 ਹਜ਼ਾਰ ਫੌਜ ਦੀ ਮਦਦ ਨਾਲ ਦਿੱਲੀ ਦੇ ਲਾਲ ਕਿਲ੍ਹੇ 'ਤੇ ਨੀਲਾ ਨਿਸ਼ਾਨ ਸਾਹਿਬ ਲਹਿਰਾਇਆ।

ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਨਿਰਸੰਦੇਹ ਬਹੁਤ ਵਧੀਆ ਸੀ ਪਰ ਅਗਾਂਹ ਲੀਡਰ ਪੈਦਾ ਨਹੀਂ ਕਰ ਸਕਿਆ। ਜਿਸ ਦਾ ਨਤੀਜਾ ਅੰਗਰੇਜ਼ਾਂ ਦਾ ਪੰਜਾਬ 'ਤੇ ਕਬਜ਼ਾ ਹੋ ਗਿਆ।

1873 ਵਿਚ ਸਿੰਘ ਸਭਾ ਲਹਿਰ ਨੇ ਕਾਬਲ ਆਗੂ, ਵਿਦਵਾਨ, ਅਖ਼ਬਾਰ ਨਵੀਸ, ਉਸਤਾਦ-ਪ੍ਰੋਫੈਸਰ, ਲੇਖਕ, ਪ੍ਰਚਾਰਕ ਤੇ ਵਿਦਵਾਨ ਪੈਦਾ ਕੀਤੇ ਜਿੰਨ੍ਹਾਂ ਸਿੱਖ ਸਰੋਕਾਰਾਂ ਤੇ ਪੰਜਾਬ ਦੇ ਸਭਿਆਚਾਰ ਲਈ ਜਾਨ ਲਾ ਕੇ ਕੰਮ ਕੀਤਾ। ਵੱਡੀ ਗਿਣਤੀ ਵਿਚ ਸਕੂਲ ਕਾਲਜ ਖੋਲ੍ਹੇ ਗਏ।

ਦੇਸ਼ ਪੰਜਾਬ ਦੀ ਬੇਹਤਰੀ ਲਈ ਅਕਾਲੀ ਦਲ ਹੋਂਦ ਵਿਚ ਆਇਆ। ਇਹ ਇਕ ਅਜੇਹੀ ਖੇਤਰੀ ਪਾਰਟੀ ਸੀ ਜੋ ਪੰਜਾਬ ਦੇ ਸਹੀ ਤੱਥਾਂ ਨੂੰ ਸਮਝ ਕੇ ਦੇਸ਼ ਪੰਜਾਬ ਦੀ ਅਜ਼ਾਦੀ ਲਈ ਲੜੀ। ਪਰ ਛੇਤੀ ਹੀ ਕਰਮ ਚੰਦ ਗਾਂਧੀ ਤੇ ਨਹਿਰੂ ਵਰਗਿਆਂ ਦੇ ਢਹੇ ਚੜ੍ਹ ਕੇ ਦੇਸ਼ ਪੰਜਾਬ ਨੂੰ ਛੱਡ ਕੇ ਭਾਰਤ ਦੀ ਅਜ਼ਾਦੀ ਵਿਚ ਕੁੱਦ ਪਏ। ਅਕਾਲੀਏ ਹੁੰਦੇ ਹੋਏ ਕਾਂਗਰਸੀਏ ਬਣ ਗਏ। ਕਾਂਗਰਸ ਨੇ ਨੈਸ਼ਨਲ ਪਾਰਟੀ ਹੋਣ ਦੇ ਨਾਤੇ ਬਾਹਰੋਂ ਧਰਮ ਨਿਰਪੱਖਤਾ ਦਾ ਮੌਖਟਾ ਪਾਇਆ ਹੋਇਆ ਸੀ ਅੰਦਰਖਾਤੇ ਹਿੰਦੂਤਵ ਨਾਲ ਇਕ ਮਿਕ ਹੋਈ ਪਈ ਸੀ।

ਗੁਰਦੁਆਰਾ ਸੁਧਾਰ ਲਹਿਰ ਸਮੇਂ ਅਕਾਲੀ ਆਗੂਆਂ ਵਿਚ ਪ੍ਰਧਾਨਗੀ ਲੈਣ ਲਈ ਦੌੜ ਸ਼ੁਰੂ ਹੋ ਗਈ। ਏਦਾਂ ਵੀ ਕਹਿਆ ਜਾ ਸਕਦਾ ਹੈ ਕਿ ਸਿੱਖ ਆਗੂ ਪੂਰੀ ਤਰ੍ਹਾਂ ਈਰਖਾ ਦੇ ਸ਼ਿਕਾਰ ਹੋ ਗਏ ਸਨ। ਬੇ-ਸ਼ੱਕ ਅਕਾਲੀਏ ਧੜਿਆਂ ਵਿੱਚ ਵੰਡੇ ਗਏ ਪਰ ਸਿੱਖ ਸਰੋਕਾਰ ਅਜੇ ਬਰਕਰਾਰ ਸਨ। ਕੁਝ ਅਕਾਲੀਆਂ ਦੀ ਸੋਚ ਅਜ਼ਾਦ ਪੰਜਾਬ ਪ੍ਰਾਪਤ ਕਰਨ ਦੀ ਸੀ ਜੋ ਕਿ ਵਧੀਆ ਉਪਰਾਲਾ ਸੀ ਪਰ ਉਹ ਸਿਰੇ ਨਹੀਂ ਚੜ੍ਹ ਸਕੀ।

1947 ਤੋਂ ਮਗਰੋਂ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਦੇ ਹੱਕਾਂ ਵਾਸਤੇ ਵੱਡੀ ਜਦੋ-ਜਹਿਦ ਕੀਤੀ, ਜਦਕਿ ਸਾਥੀ ਵਜ਼ੀਰੀਆਂ ਅਤੇ ਤਾਕਤ ਵਾਸਤੇ ਕਾਂਗਰਸ ਦੀ ਝੋਲੀ ਪੈ ਕੇ ਪੰਥ ਨਾਲ ਗਦਾਰੀ ਕਰਨ ਲਈ ਤਿਆਰ ਹੋ ਗਏ। ਮਾਸਟਰ ਤਾਰਾ ਸਿੰਘ ਇਕੱਲੇ ਰਹਿ ਗਏ।

ਹੁਕਮ ਸਿੰਘ, ਬਲਦੇਵ ਸਿੰਘ, ਗਿਆਨ ਸਿੰਘ ਰਾੜੇਵਾਲੇ ਵਰਗੇ ਵਜ਼ੀਰੀਆਂ ਦੇ ਲਾਲਚ ਵਿਚ ਫਸ ਗਏ। ਕੱਟੜ-ਫਿਰਕੂ ਹਿੰਦੂਆਂ ਵਾਂਙ ਇਹ ਲੀਡਰ ਪੱਕੇ ਦੇਸ਼ ਭਗਤ ਬਣ ਗਏ ਸਨ। ਦੂਸਰੇ ਪਾਸੇ ਜਦੋਂ ਉਨ੍ਹਾਂ ਨੂੰ ਕੁਝ ਨਹੀਂ ਮਿਲਦਾ ਸੀ ਤਾਂ ਉਹ ਵਾਪਸ ਪੰਥ ਵਲ ਮੁੜ ਆਉਂਦੇ ਸਨ। ਹਾਲਾਤ ਏਦਾਂ ਦੇ ਬਣ ਗਏ ਦੋ ਦਹਾਕੇ ਵਜ਼ੀਰੀਆਂ ਦਾ ਨਿੱਘ ਮਾਣਦਿਆਂ ਪੂਰੀ ਤਰ੍ਹਾਂ ਪੰਥ ਅਤੇ ਪੰਜਾਬ ਵਲੋਂ ਪਿੱਠ ਮੋੜ ਗਏ ਸਨ। ਜ਼ੈਲ ਸਿੰਘ, ਦਰਬਾਰਾ ਸਿੰਘ, ਬੂਟਾ ਸਿੰਘ, ਸਵਰਨ ਸਿੰਘ, ਗੁਰਦਿਆਲ ਸਿੰਘ ਵਰਗੇ ਕਦੇ ਪੰਥ ਵਲ ਨਹੀਂ ਮੁੜੇ। ਇਹ ਅਜੇਹੇ ਲੀਡਰ ਸਨ ਜਿਹੜੇ ਪੰਥ ਅਤੇ ਪੰਜਾਬ ਨਾਲ ਗਦਾਰੀ ਵੱਧ ਵੱਧ ਕੇ ਕਰਦੇ ਸਨ। ਮੁੱਕਦੀ ਗੱਲ ਕਿ ਇਨ੍ਹਾਂ ਲੀਡਰਾਂ ਲਈ ਪੰਜਾਬ, ਪੰਜਾਬੀ, ਪੰਥ, ਤੇ ਸਿਖ ਸਰੋਕਾਰਾਂ ਲਈ ਕੋਈ ਥਾਂ ਨਹੀਂ ਸੀ। ਕਾਂਗਰਸੀ ਸਿੱਖ ਲੀਡਰਾਂ ਨੇ ਜਨਸੰਘ ਵਾਂਙ ਸਦਾ ਪੰਜਾਬੀ ਸੂਬੇ ਦੀ ਵਿਰੋਧਤਾ ਕੀਤੀ। ਕਮਿਉਨਿਸਟ ਪਾਰਟੀਆਂ ਨੇ ਕਦੇ ਵੀ ਪੰਜਾਬ ਦੇ ਮੁੱਦਿਆਂ ਦੀ ਗੱਲ ਨਹੀਂ ਕੀਤੀ ਹੈ।

1947 ਉਪਰੰਤ ਪੰਜਾਬ ਵਿਚ ਮੁੱਖ ਮੰਤਰੀ ਗੋਪੀ ਚੰਦ ਭਾਰਗਵ, ਭੀਮ ਚੰਦ ਸੱਚਰ, ਪ੍ਰਤਾਪ ਸਿੰਘ ਕੈਰੋਂ, ਰਾਮ ਕ੍ਰਿਸ਼ਨ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ, ਗੁਰਨਾਮ ਸਿੰਘ ਜਸਟਿਸ, ਲਛਮਣ ਸਿੰਘ ਗਿੱਲ, ਪ੍ਰਕਾਸ਼ ਸਿੰਘ ਬਾਦਲ, ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ, ਸੁਰਜੀਤ ਸਿੰਘ ਬਰਨਾਲਾ, ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ, ਬੀਬੀ ਰਜਿੰਦਰ ਕੌਰ ਭੱਠਲ,ਅਮਰਿੰਦਰ ਸਿੰਘ, ਚਰਨਜੀਤ ਸਿੰਘ ਚੰਨੀ ਤੇ ਹੁਣ ਭਗਵੰਤ ਸਿੰਘ ਮਾਨ ਹਨ।

ਨਿਰਸੰਦੇਹ ਪ੍ਰਤਾਪ ਸਿੰਘ ਕੈਰੋਂ ਨੇ ਖੇਤੀ ਯੂਨੀਵਰਸਿਟੀ, ਪੱਕੀਆਂ ਸੜਕਾਂ,

ਸਮਾਲ ਇੰਡਸਟਰੀ ਮੁਰੱਬੇ ਬੰਦੀ ਵਰਗੇ ਕੰਮਾਂ ਨੂੰ ਪਹਿਲ ਦਿੱਤੀ। ਇਹ ਸਾਰਾ ਕੁਝ ਸਾਂਝੇ ਪੰਜਾਬ ਦੇ ਸਮੇਂ ਹੋਇਆ। ਜਦੋਂ ਪੰਜਾਬੀ ਸੂਬਾ ਬਣਿਆ ਤਾਂ ਇਹ ਅਧੂਰਾ ਬਣਾਇਆ ਗਿਆ। ਪੰਜਾਬੀ ਸੂਬੇ ਦੀ ਵਿਰੋਧਤਾ ਵੀ ਪ੍ਰਤਾਪ ਸਿੰਘ ਕੈਰੋਂ ਕਰਦਾ ਰਿਹਾ। ਚੰਡੀਗੜ੍ਹ, ਭਾਖੜਾ ਡੈਮ, ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖੇ ਗਏ। ਅਕਾਲੀਏ ਇਨ੍ਹਾਂ ਦੀ ਪਰਾਪਤੀ ਲਈ ਮੋਰਚੇ ਲਗਾਉਂਦੇ ਰਹੇ ਤੇ ਪੰਜਾਬ ਦੀਆਂ ਬਾਕੀ ਸਾਰੀਆਂ ਰਾਜਸੀ ਪਾਰਟੀਆਂ ਅਕਾਲੀਆਂ ਦੀ ਇਸ ਮੰਗ ਦਾ ਵਿਰੋਧ ਕਰਦੀਆਂ ਰਹੀਆਂ। ਸਭ ਤੋਂ ਵੱਡੀ ਬਦ ਕਿਸਮਤੀ ਪੰਜਾਬ ਦੀ ਇਹ ਰਹੀ ਹੈ, ਕਿ ਜਿਹੜੇ ਅਕਾਲੀਏ ਰਾਜ ਸਤਾ ਹਾਸਲ ਕਰਨ ਲਈ ਪੰਜਾਬ ਦੀਆਂ ਹੱਕੀ ਮੰਗਾਂ ਦੀ ਗੱਲ ਕਰਦੇ ਸਨ ਪਰ ਰਾਜ ਭਾਗ ਦੇ ਮਾਲਕ ਬਣਦਿਆਂ ਹੀ ਸਾਰਾ ਕੁਝ ਭੁੱਲ ਭੁਲਾ ਜਾਂਦੇ ਸਨ।

1966 ਉਪਰੰਤ ਪੰਜਾਬ ਵਿਚ ਕਾਂਗਰਸੀਏ ਤੇ ਅਕਾਲੀਏ, ਵਾਰੀ ਵਾਰੀ ਪੰਜਾਬ 'ਤੇ ਹਕੂਮਤ ਕਰਦੇ ਰਹੇ। ਇਹ ਦੋਵੇਂ ਪਾਰਟੀਆਂ ਰਾਜਸੀ ਸਤਾ ਦਾ ਪੂਰਾ ਅਨੰਦ ਮਾਣਦੀਆਂ ਰਹੀਆਂ ਪਰ ਪੰਜਾਬ ਲਈ ਕਿਸੇ ਵੀ ਕੁਝ ਨਹੀਂ ਕੀਤਾ। ਕਾਂਗਰਸ ਦਾ ਮੁੱਖ ਮੰਤਰੀ ਹੀ ਉਸ ਨੂੰ ਲਾਇਆ ਜਾਂਦਾ ਸੀ ਜਿਹੜਾ ਕਾਂਗਰਸੀ ਕੇਂਦਰ ਦੇ ਹੱਕ ਵਿਚ ਭੁਗਤੇ। ਹਰੀ ਕੇ ਪੱਤਣ ਤੋਂ ਨਹਿਰਾਂ ਦੀ ਪ੍ਰਵਾਨਗੀ ਪ੍ਰਤਾਪ ਸਿੰਘ ਕੈਰੋਂ ਨੇ ਦਿੱਤੀ ਤੇ ਦੂਜਾ ਸੁਪਰੀਮ ਕੋਰਟ ਵਿਚੋਂ ਪਾਣੀਆਂ ਦਾ ਕੇਸ ਕਾਂਗਰਸੀ ਦਰਬਾਰਾ ਸਿੰਘ ਨੇ ਵਾਪਸ ਲੈ ਕੇ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਿਆ ਪਰ ਚੀਫ਼ ਮਨਿਸਟਰੀ ਫਿਰ ਵੀ ਨਾ ਰਹੀ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਲਈ ਬਹੁਤ ਮਜ਼ਬੂਤ ਖੇਤਰੀ ਪਾਰਟੀ ਸੀ ਪਰ ਲਾਲਚ ਵੱਸ ਤੇ ਪ੍ਰਵਾਰਕ ਮੋਹ ਦੀ ਭੇਟ ਚੜ੍ਹ ਗਈ। ਸ਼੍ਰੋਮਣੀ ਅਕਾਲੀ ਦਲ ਇਖ਼ਲਾਕੀ ਕਿਰਦਾਰ ਤੋਂ ਕਿਨਾਰਾ ਕਰਦਿਆਂ ਚੀਫ਼ ਮਨਿਸਟਰੀ ਹਾਸਲ ਕਰਨ ਲਈ ਕੱਟੜ ਫਿਰਕੂ ਜਨਸੰਘ (ਭਾਰਤੀ ਜਨਤਾ ਪਾਰਟੀ) ਨਾਲ ਸਮਝੌਤਾ ਕਰਦੀ ਰਹੀ। ਅਕਾਲੀਏ ਕਾਮਰੇਡ ਖੱਬਿਆਂ ਤੇ ਸੱਜਿਆਂ ਨਾਲ ਵੀ ਸਮਝੋਤਾ ਕਰਦੇ ਰਹੇ ਜਦ ਕਿ ਧਾਰਮਿਕ ਤੇ ਪੰਜਾਬ ਦੇ ਸਰੋਕਾਰਾਂ ਸਬੰਧੀ ਕਾਮਰੇਡਾਂ ਤੇ ਅਕਾਲੀਆਂ ਦੀ ਸੋਚ ਦਾ ਬਹੁਤ ਵੱਡਾ ਅੰਤਰ ਹੈ। ਭਾਰਤੀ ਜਨਤਾ ਪਾਰਟੀ ਨੇ ਅਕਾਲੀਆਂ ਨੂੰ ਆਪਣੇ ਫਿਰਕੂ ਰੰਗ ਵਿਚ ਰੰਗ ਲਿਆ। ਪ੍ਰਕਾਸ਼ ਸਿੰਘ ਬਾਦਲ ਵੋਟਾਂ ਲਈ ਮੁਕਟ ਪਹਿਨ ਕੇ ਹਵਨ ਕਰਦੇ ਮੱਥੇ 'ਤੇ ਤਿਲਕ ਲਗਾਉਂਦੇ ਰਹੇ, ਗੁੱਟਾਂ 'ਤੇ ਮੌਲੀਆਂ ਬੰਨ੍ਹ ਲਈਆਂ। ਆਪਣੀਆਂ ਰਵਾਇਤਾਂ ਵਲੋਂ ਪੂਰੀ ਤਰ੍ਹਾਂ ਮੂੰਹ ਮੋੜ ਲਿਆ। ਡੇਰਾਵਾਦ ਦੇ ਸਭਿਆਚਾਰ ਨੂੰ ਸਿੱਖੀ ਵਿਹੜੇ ਵਿਚ ਬਾਦਲ ਪਰਿਵਾਰ ਨੇ ਸਥਾਪਿਤ ਕਰਕੇ ਸਿੱਖੀ ਨਾਲ ਧ੍ਰੋਹ ਕਮਾਇਆ।

ਜੇ ਅਕਾਲੀਆਂ ਨੇ ਸਤਲੁਜ ਜਮਨਾ ਨਹਿਰ ਦੀ ਹਾਮੀ ਭਰੀ ਤਾਂ ਦਰਬਾਰਾ ਸਿੰਘ ਨੇ ਸੁਪਰੀਮ ਕੋਰਟ ਵਿਚੋਂ ਪਾਣੀਆਂ ਦਾ ਕੇਸ ਵਾਪਸ ਲੈ ਕੇ ਪੰਜਾਬ ਨਾਲ ਚਿੱਟੇ ਦਿਨ ਗਦਾਰੀ ਕੀਤੀ। ਬੇਅੰਤ ਸਿੰਘ ਦੇ ਰਾਜਕਾਲ ਵਿਚ ਨੌਜਵਾਨਾਂ ਦਾ ਚੁਣ ਚੁਣ ਕੇ ਸ਼ਿਕਾਰ ਕੀਤਾ ਜਾਂਦਾ ਰਿਹਾ।

ਪੰਜਾਬ ਨੂੰ ਲੀਹ 'ਤੇ ਲਿਆਉਣ ਦੀ ਥਾਂ 'ਤੇ ਅਣਖੀ ਪੰਜਾਬੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ ਦੇ ਕੇ ਵਿਹਲੜ ਬਣਾ ਧਰਿਆ। ਮਿਹਨਤ ਕੱਸ਼ ਲੋਕਾਂ ਨੂੰ ਆਟਾ ਦਾਲ ਮੁਫਤ ਦੇ ਕੇ ਪੰਜਾਬ ਸਿਰ ਅਰਬਾਂ ਦਾ ਕਰਜ਼ਾ ਚਾੜ੍ਹ ਦਿੱਤਾ। ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਾਉਂਦਿਆਂ ਆਪਣੇ ਕਾਰੋਬਾਰ ਸਥਾਪਿਤ ਕਰ ਲਏ। ਜਿਹੜੀ ਆਮਦਨ ਸਰਕਾਰ ਨੂੰ ਆਉਣੀ ਸੀ ਉਹ ਆਮਦਨ ਇਨ੍ਹਾਂ ਕੋਲ ਚਲੀ ਗਈ। ਵਿਕਾਸ ਦੀਆਂ ਸਕੀਮਾਂ ਫੇਲ੍ਹ ਹੁੰਦੀਆਂ ਗਈਆਂ। ਅਕਾਲੀਆਂ ਤੇ ਕਾਂਗਰਸੀਆਂ ਨੇ ਪੰਜਾਬ ਲਈ ਕੋਈ ਵੀ ਦੂਰ ਦ੍ਰਿਸ਼ਟੀ ਨਾਲ ਵਿਉਂਤ ਬੰਦੀ ਨਹੀਂ ਕੀਤੀ।

ਸਭ ਤੋਂ ਵੱਧ ਰੌਲ਼ਾ ਅਕਾਲੀਆਂ ਦੇ ਰਾਜ ਵਿਚ ਰੇਤ ਮਾਫੀਆ ਤੇ ਚਿੱਟੇ ਦੇ ਨਸ਼ੇ ਦਾ ਪਿਆ। ਸ਼ਰੋਮਣੀ ਅਕਾਲੀ ਦਲ ਬਾਦਲ ਨੇ ਪੰਜਾਬ ਲਈ ਕੁਝ ਕਰਨਾ ਸੀ ਪਰ ਇਹ ਆਪਣਾ ਵਪਾਰ ਵਧਾਉਣ ਵਿੱਚ ਲੱਗ ਗਏ।। ਅਜੇਹੇ ਸਮੇਂ ਵੀ ਆਏ ਜਦੋਂ ਬਾਦਲ ਦੀ ਕੇਂਦਰ ਵਿਚ ਪੂਰੀ ਤੂਤੀ ਬੋਲਦੀ ਸੀ ਪਰ ਬਾਦਲ ਨੇ ਸੀਨੀਅਰ ਅਕਾਲੀਆਂ ਨੂੰ ਦਰ-ਕਿਨਾਰ ਕਰਕੇ ਆਪਣੀ ਨੂੰਹ ਨੂੰ ਵਜ਼ੀਰੀ ਲੈ ਦਿੱਤੀ। ਸੀਨੀਅਰ ਅਕਾਲੀਆਂ ਨਾਲੋਂ ਹਰਸਿਮਰਤ ਕੌਰ ਸਭ ਤੋਂ ਛੋਟੀ ਉਮਰ ਦੀ ਸੀ। ਬੀਬਾ ਹਰਸਿਮਰਤ ਕੌਰ ਦੀ ਪੰਥ ਤੇ ਪੰਜਾਬ ਪ੍ਰਤੀ ਕੋਈ ਕੁਰਬਾਨੀ ਨਹੀਂ ਤੇ ਨਾ ਹੀ ਉਸ ਨੂੰ ਕੋਈ ਤਜਰਬਾ ਸੀ।

1984 ਉਪਰੰਤ ਵਾਪਰੀਆਂ ਘਟਨਾਵਾਂ, ਜ਼ੁਲਮ ਕਰਨ ਵਾਲੇ ਪੁਲਸੀਆਂ ਨੂੰ ਸਜਾਵਾਂ, ਬੇ-ਕਸੂਰ ਨੌਜਵਾਨਾਂ ਦੇ ਕਤਲਾਂ ਦੀ ਪੜਤਾਲ, ਧਰਮੀ ਫੌਜੀਆਂ ਦੇ ਮੁੜ ਵਸੇਬੇ ਲਈ, ਸਿੱਖ ਰੈਫਰੈਂਸ ਲਾਇਬ੍ਰੇਰੀ ਦੀਆਂ ਪੁਸਤਕਾਂ ਆਦਿ ਸਬੰਧੀ ਅਕਾਲੀਆਂ ਕਦੇ ਕੋਈ ਗੱਲ ਨਹੀਂ ਕੀਤੀ। ਉਲਟਾ ਅਕਾਲੀ ਦਲ ਨੇ ਆਪਣਾ ਮੁੱਖ ਦਫਤਰ ਅੰਮ੍ਰਿਤਸਰ ਤੋਂ ਬਦਲ ਕੇ ਚੰਡੀਗੜ੍ਹ ਬਣਾ ਲਿਆ। ਅਜੇਹੇ ਵਰਤਾਰੇ ਵਿਚ ਅਕਾਲੀ ਦਲ ਬਾਦਲ ਨੇ ਪੂਰੀ ਤਰ੍ਹਾਂ ਪੰਥ ਵਲੋਂ ਪਿੱਠ ਮੋੜ ਲਈ। ਰਹਿੰਦੀ ਕਸਰ ਬਾਦਲ ਪੰਥਕ ਸਰੋਕਾਰਾਂ ਨੂੰ ਰੋਲਦਿਆਂ ਵੋਟਾਂ ਲੈਣ ਲਈ ਸੌਦਾ ਸਾਧ ਦੇ ਪੈਰਾਂ ਵਿੱਚ ਜਾ ਬੈਠਾ। ਬਾਦਲ ਨੇ ਏਥੇ ਬੱਸ ਨਹੀਂ ਕੀਤੀ, ਸੌਧਾ ਸਾਧ ਨੂੰ ਬਿਨਾਂ ਮੰਗਿਆਂ ਮੁਆਫੀ ਦਿੱਤੀ ਤੇ ਸ਼੍ਰੋਮਣੀ ਕਮੇਟੀ ਕੋਲੋਂ 90 ਲੱਖ ਦੇ ਇਸ਼ਤਿਹਾਰ ਦੇਣੇ ਦੇ ਕੇ ਆਪਣੀ ਅਕਲ ਦਾ ਜਲੂਸ ਕੱਢਿਆ।

ਪਿਉ ਮੁੱਖ ਮੰਤਰੀ ਪੁੱਤ ਗ੍ਰਹਿ ਮੰਤਰੀ ਹੋਵੇ ਤੇ ਇਨ੍ਹਾਂ ਦੇ ਰਾਜ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਗਿਣ ਮਿਥ ਕੇ ਬੇਅਦਬੀ ਹੋਵੇ ਪਰ ਬਾਦਲ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ, ਉਲਟਾ ਸਿੱਖ ਨੌਜਵਾਨਾਂ 'ਤੇ ਹੀ ਨਜਾਇਜ਼ ਪਰਚੇ ਬਣਾ ਧਰੇ। ਏਦੂੰ ਵੱਧ ਹੋਰ ਬੇ-ਸ਼ਰਮੀ ਕਿਹੜੀ ਹੋ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੁਹਾਡੇ ਰਾਜ ਵਿਚ ਹੋਈ ਹੈ ਤੁਹਾਡੇ ਲਈ ਡੁੱਬ ਕੇ ਮਰਨ ਵਾਲੀ ਗੱਲ ਸੀ।

ਫਿਰ ਕਾਂਗਰਸ ਸਰਕਾਰ ਆਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਉਨ੍ਹਾਂ ਵੀ ਕੱਖ ਨਹੀਂ ਕੀਤਾ। ਮੁੱਕਦੀ ਗੱਲ 1966 ਤੋਂ ਲੈ ਕੇ 2022 ਤਕ ਕਾਂਗਰਸ ਤੇ ਅਕਾਲੀਏ ਉਤਰ ਕਾਟੋ ਮੈਂ ਚੜ੍ਹਾਂ ਵਾਲੀ ਖੇਡ ਖੇਡਦੇ ਰਹੇ। ਪੰਜਾਬ ਦੇ ਲੋਕ ਇਨ੍ਹਾਂ ਰਵਾਇਤੀ ਪਾਰਟੀਆਂ ਤੋਂ ਬਹੁਤ ਅਵਾਜ਼ਾਰ ਹੋ ਚੁੱਕੇ ਸਨ।

ਕੇਂਦਰ ਵਿੱਚ ਡਾ. ਮਨਮੋਹਨ ਸਿੰਘ ਦੀ ਦੋ ਵਾਰ ਰਲ਼ੀ ਮਿਲ਼ੀ ਸਰਕਾਰ ਬਣੀ। ਅੰਨਾ ਹਜ਼ਾਰੇ ਨੂੰ ਚੇਤਾ ਆ ਗਿਆ ਕਿ ਮੈਂ ਵੀ ਆਪਣੇ ਬਾਰੇ ਲੋਕਾਂ ਨੂੰ ਕੁਝ ਦੱਸ ਦਿਆਂ। ਡਾ. ਮਨਮੋਹਨ ਸਿੰਘ ਦੀ ਸਰਕਾਰ ਨੂੰ ਲੀਹ ਤੋਂ ਲਾਹੁਣ ਲਈ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਜਨ ਲੋਕਪਾਲ ਬਿੱਲ ਲਿਆਉਣ ਲਈ ਅਗਸਤ 2011 ਨੂੰ ਦਿੱਲੀ ਵਿਚ ਅੰਦੋਲਨ ਸ਼ੁਰੂ ਕੀਤਾ। ਲਗ-ਪਗ ਬਹੁਤ ਸਾਰੀਆਂ ਪਾਰਟੀਆਂ ਸਮਰੱਥਨ ਵਿਚ ਆ ਗਈਆਂ। ਭਾਰਤੀ ਜਨਤਾ ਪਾਰਟੀ ਨੇ ਇਸ ਅੰਦੋਲਨ ਨੂੰ ਆਪਣੇ ਹੱਕ ਵਿਚ ਭੁਗਤਾਅ ਲਿਆ। ਅੰਨਾ ਹਜ਼ਾਰੇ ਦੇ ਅੰਦੋਲਨ ਚੋਂ ਕੇਜਰੀਵਾਲ ਪੈਦਾ ਹੋਇਆ। ਉਸ ਨੇ ਆਮ ਪਾਰਟੀ ਦੀ ਨੀਂਹ ਰੱਖੀ। ਆਮ ਪਾਰਟੀ ਵਿਚ ਬਹੁਤ ਹੀ ਦਾਨਸ਼ਵਰ, ਸੁਹਿਰਦ ਤੇ ਕੁਝ ਕਰਨ ਦੀ ਆਸ ਨਾਲ ਲੋਕ ਸ਼ਾਮਿਲ ਹੋਏ।

ਸਮਾਜ ਸੇਵੀ ਅੰਨਾ ਹਜ਼ਾਰੇ ਰਾਜਨੀਤਿਕ ਪਾਰਟੀ ਬਣਾਉਣ ਦੇ ਹੱਕ ਵਿਚ ਨਹੀਂ ਸੀ। ਫਿਰ ਵੀ ਆਮ ਪਾਰਟੀ ਦਾ ਜਨਮ ਹੋ ਗਿਆ। ਦੇਖਦਿਆਂ ਦੇਖਦਿਆਂ ਉਸ ਦੀ ਪਾਰਟੀ ਨੇ ਦਿੱਲੀ ਵਿੱਚ ਸੀਟਾਂ ਜਿੱਤੀਆਂ ਤੇ ਕਾਂਗਰਸ ਦੀ ਸਹਾਇਤਾ ਨਾਲ ਮੁੱਖ ਮੰਤ੍ਰੀ ਤਾਂ ਬਣ ਗਿਆ ਪਰ ਥੋੜੇ ਦਿਨਾਂ ਵਿਚ ਹੀ ਸਰਕਾਰ ਡਿੱਗ ਪਈ। ਦੁਬਾਰਾ ਚੋਣ ਵਿਚ ਕੇਜਰੀਵਾਲ ਦੀ ਪਾਰਟੀ ਨੂੰ ਪੂਰਨ ਬਹੁ-ਮਤ ਮਿਲ ਗਿਆ। ਪੂਰੀ ਤਾਕਤ ਹਾਸਲ ਕਰ ਲਈ ਪਰ ਦਿੱਲੀ ਨੂੰ ਪੂਰੇ ਸੂਬੇ ਦੇ ਅਧਿਕਾਰ ਨਹੀਂ ਹਨ।

ਸਰਕਾਰ ਦੇ ਭਰੋਸੇ ਮਗਰੋਂ ਅੰਨਾ ਹਜ਼ਾਰੇ ਨੇ ਆਪਣਾ ਅੰਦੋਲਨ ਖਤਮ ਕਰ ਦਿੱਤਾ। ਇਸ ਅੰਦੋਲਨ ਦਾ ਕੇਜਰੀਵਾਲ ਤੇ ਭਾਰਤੀ ਜਨਤਾ ਪਾਰਟੀ ਨੇ ਪੂਰਾ ਲਾਭ ਉਠਾਇਆ ਜਦ ਕਿ ਕਾਂਗਰਸ ਦਾ ਨੁਕਸਾਨ ਹੋਣਾ ਤਹਿ ਹੋ ਗਿਆ। ਦੂਸਰੇ ਪਾਸੇ ਸ਼ੀਲਾ ਦੀਕਸ਼ਤ ਦਿੱਲੀ ਵਿਚ ਤਿੰਨ ਵਾਰ ਤੋਂ ਮੁੱਖ ਮੰਤਰੀ ਬਣੀ ਹੋਈ ਸੀ ਆਮ ਪਾਰਟੀ ਇਸ ਖੜੋਤ ਨੂੰ ਤੋੜਨ ਵਿਚ ਕਾਮਯਾਬ ਹੋ ਗਈ ਸੀ।

ਦਿੱਲੀ ਵਿਚ ਕੇਜਰੀਵਾਲ ਨੇ ਹੂੰਝਾ ਫੇਰਵੀਂ ਜਿੱਤ ਹਾਸਲ ਕਰਕੇ ਬੁਲੰਦੀ ਦੇ ਝੰਡੇ ਗੱਡ ਦਿੱਤੇ। ਦਿੱਲੀ ਵਾਸੀਆਂ ਨੇ ਕੇਜਰੀਵਾਲ ਦੇ ਸ਼ਬਦੀ ਜਾਲ ਨੂੰ ਤਰਜੀਹ ਦਿੱਤੀ। ਹੁਣ ਕੇਜਰੀਵਾਲ ਨੇ ਪੰਜਾਬ ਵਲ ਨੂੰ ਮੂੰਹ ਕਰ ਲਿਆ। ਪੰਜਾਬ ਦੇ ਲੋਕਾਂ ਨੇ ਦੋ ਰਵਾਇਤੀ ਪਾਰਟੀਆਂ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਕੇਜਰੀਵਾਲ ਦੇ ਧੂੰਆਂਧਾਰ ਲੈਕਚਰ ਤੇ ਭਗਵੰਤ ਸਿੰਘ ਮਾਨ ਦੇ ਚੁਟਕਲਿਆਂ ਨੇ ਪੰਜਾਬ ਦੀ

ਰਾਜਨੀਤੀ ਨੂੰ ਪੂਰੀ ਤਰ੍ਹਾਂ ਪ੍ਰਭਾਵਤ ਕੀਤਾ। ਪੰਜਾਬ ਦੇ ਲੋਕਾਂ ਨੂੰ ਭਾਵੇਂ ਆਮ ਪਾਰਟੀ ਸਬੰਧੀ ਕੋਈ ਬਹੁਤਾ ਭੁਲੇਖਾ ਨਹੀਂ ਸੀ ਫਿਰ ਵੀ ਆਪਣੇ ਸੂਬੇ ਦੀ ਕਿਸਮਤ ਅਜਮਾਉਣ ਲਈ ਰਵਾਇਤੀ ਪਾਰਟੀਆਂ ਨੂੰ ਖੂੰਝੇ ਲਾਉਂਦਿਆਂ 92 ਐਮ. ਐਲ. ਏ. ਜਿਤਾ ਦਿੱਤੇ ਤੇ ਪੰਜਾਬ ਦੇ ਰਾਜ ਭਾਗ ਦੀ ਡੋਰ ਆਮ ਪਾਰਟੀ ਨੂੰ ਫੜਾ ਦਿੱਤੀ। ਆਮ ਆਦਮੀ ਪਾਰਟੀ ਨੂੰ ਪਾਰਲੀਮੈਂਟ ਵਿਚ ਕੁਝ ਸੀਟਾਂ ਮਿਲੀਆਂ। ਆਮ ਆਦਮੀ ਪਾਰਟੀ ਦਾ ਭਾਂਡਾ ਛੋਟਾ ਸੀ ਪਰ ਦਾਣੇ ਬਹੁਤੇ ਪੈ ਗਏ। ਆਮ ਆਦਮੀ ਪਾਰਟੀ ਪੰਜਾਬ ਵਿਚ ਸਰਕਾਰ ਤਾਂ ਬਣਾ ਗਈ ਹੈ ਪਰ ਅਜੇ ਤਕ ਡਾਵਾਂ ਡੋਲ ਹੀ ਫਿਰ ਰਹੀ ਹੈ।

ਪੰਜਾਬ ਦੇ ਮੁੱਖ ਮੰਤਰੀ ਦੀ ਭਗਵੰਤ ਸਿੰਘ ਮਾਨ ਨੇ ਸੁੰਹ ਚੁੱਕ ਲਈ ਪਰ ਵਾਗਡੋਰ ਸਾਰੀ ਆਮ ਆਦਮੀ ਪਾਰਟੀ ਨੇ ਆਪਣੇ ਹੱਥ ਰੱਖੀ। ਅਜ਼ਾਦਾਨਾ ਤੌਰ 'ਤੇ ਕੰਮ ਨਹੀਂ ਕਰਨ ਦਿੱਤਾ। ਮੁੱਖ ਮੰਤਰੀ ਦੇ ਨਾਲ ਦਿੱਲੀ ਤੋਂ ਆਏ ਪਾਰਟੀ ਕਾਰਕੁੰਨਾਂ ਨੂੰ ਬਹੁਤ ਸਾਰੀਆਂ ਤਾਕਤਾਂ ਦੇ ਕੇ ਸਰਕਾਰੀ ਕੰਟਰੋਲ ਉਨ੍ਹਾਂ ਨੂੰ ਦੇ ਦਿੱਤਾ। ਪੰਜਾਬ ਦੇ ਮੁੱਖ ਮੰਤਰੀ ਦੂਜਿਆਂ ਸੂਬਿਆਂ ਵਿੱਚ ਪਾਰਟੀ ਦੀ ਚੋਣ ਲੜਨ ਲਈ ਜ਼ਿਆਦਾ ਸਮਾਂ ਦੇਣ ਲੱਗ ਪਏ। ਸਟੇਜ ਤੇ ਧਮਾਕੇਦਾਰ ਭਾਸ਼ਨ ਦੇਣਾ ਹੋਰ ਹੈ ਪਰ ਸੂਬੇ ਲਈ ਬਰੀਕ ਰਾਜਨੀਤੀ ਦੀ ਸੂਝ ਹੋਣਾ ਹੋਰ ਹੈ। ਨਿਰਸੰਦੇਹ ਭਗਵੰਤ ਸਿੰਘ ਮਾਨ ਦੀ ਨਿਯਤ 'ਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਪਰ ਉਨ੍ਹਾਂ ਦੇ ਕੰਮ ਕਰਨ ਦੀ ਸ਼ੈਲੀ ਆਮ ਲੋਕਾਂ ਨੂੰ ਪ੍ਰਭਾਵਤ ਨਹੀਂ ਕਰ ਸਕੀ।

ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ਦਾ ਰੁਖ ਦੇਖ ਕੇ ਬਹੁਤ ਸਾਰੇ ਨੇਤਾ ਆਪ ਹੀ ਪਾਰਟੀ ਨੂੰ ਛੱਡ ਗਏ ਜਾਂ ਉਨ੍ਹਾਂ ਨੂੰ ਕੱਢ ਦਿੱਤਾ। ਆਮ ਪਾਰਟੀ ਦਾ ਢਾਂਚਾ ਤਾਂ ਜ਼ਰੂਰ ਖੜਾ ਹੋ ਗਿਆ ਪਰ ਤਾਕਤ ਸਾਰੀ ਆਮ ਪਾਰਟੀ ਦੇ ਸੁਪਰੀਮੋ ਨੇ ਆਪਣੇ ਹੱਥ ਵਿਚ ਹੀ ਰੱਖੀ। ਆਮ ਪਾਰਟੀ ਨੇ ਪੰਜਾਬ ਦੇ ਵਿਕਾਸ ਲਈ ਕੋਈ ਠੋਸ ਨੀਤੀ ਨਹੀਂ ਬਣਾਈ। ਆਮ ਪਾਰਟੀ ਦੇ ਆਗੂਆਂ ਨੂੰ ਪੰਜਾਬ ਦੇ ਸਭਿਆਚਾਰ ਤੇ ਸਰੋਕਾਰਾਂ ਦੀ ਵੀ ਸੂਝ ਨਹੀਂ ਹੈ। ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ ਅਮੁੱਲੇ ਸਿਧਾਂਤ ਨੂੰ ਤਿਲਾਂਜਲੀ ਦੇ ਕੇ ਆਪਣਾ ਨਵਾਂ ਫੋਟੋਆਂ ਦਾ ਸਭਿਆਚਾਰ ਘੜ ਲਿਆ। ਇਹ ਸਭਿਆਚਾਰ ਥੋੜੀਆਂ ਵੋਟਾਂ ਤਾਂ ਲੈ ਕੇ ਦੇ ਸਕਦਾ ਹੈ ਪਰ ਪੰਜਾਬ ਦੀ ਰੂਹ ਤੋਂ ਕੋਹਾਂ ਦੂਰ ਹੈ। ਪੰਜਾਬ ਦੇ ਲੋਕ ਗੁਰੂਆਂ ਦੀ ਰੂਹ ਨਾਲ ਜੁੜੇ ਹੋਏ ਹਨ।

ਸੁਖਬੀਰ ਸਿੰਘ ਬਾਦਲ ਵਲੋਂ ਬਣਾਏ ਸੁਖ ਵਿਲਾਸ ਦੀ ਜਾਂਚ ਪੜਤਾਲ ਕਰਾਉਣ ਦੀ ਥਾਂ 'ਤੇ ਜਾਂ ਕੇਸ ਦਰਜ ਕਰਨ ਤੋਂ ਪਹਿਲਾਂ ਹੀ ਧੂਆਂਧਾਰ ਬਿਆਨ ਦੇਣੇ, ਚੰਗੇ ਤਾਂ ਲਗਦੇ ਹਨ ਪਰ ਠੋਸ ਨਤੀਜੇ ਨਹੀਂ ਨਿਕਲਦੇ। ਅਜੇਹੇ ਕਾਹਲੀ ਵਿੱਚ ਦਿੱਤੇ ਬਿਆਨਾਂ ਨਾਲ ਸਥਿੱਤੀ ਹਾਸੋਹੀਣੀ ਬਣ ਗਈ ਹੈ। ਪੰਜਾਬ ਸਰਕਾਰ ਦੀ ਹੁਣ ਤਕ ਦੀ ਕਾਰਗੁਜ਼ਾਰੀ ਪੰਜਾਬੀਆਂ ਨੂੰ ਪ੍ਰਭਾਵਤ ਨਹੀਂ ਕਰ ਸਕੀ। ਮਹੱਲਾ ਕਲੀਨਕ ਬਣਾਉਣ ਦੀ ਥਾਂ 'ਤੇ ਚੱਲ ਰਹੀਆਂ ਸਰਕਾਰੀ ਡਿਸਪੈਂਸਰੀਆਂ ਨੂੰ ਅਪਡੇਟ ਕਰ ਦੇਣਾ ਚਾਹੀਦਾ ਸੀ। ਭਗਵੰਤ ਸਿੰਘ ਮਾਨ ਦੀ ਸਰਕਾਰ ਵਲੋਂ ਜਿਹੜੇ ਫੈਸਲੇ ਕੀਤੇ ਜਾਂਦੇ ਰਹੇ ਉਹ ਮੁੜ ਵਾਪਸ ਲੈਣੇ ਪਏ। ਤਿੰਨ ਸੌ ਯੂਨਿਟ ਬਿਜਲੀ ਸਭ ਨੂੰ ਫ੍ਰੀ ਦੇਣੀ ਪੰਜਾਬ ਦੀ ਆਰਥਿਕਤਾ ਦਾ ਲੱਕ ਤੋੜਨ ਦੇ ਬਰਾਬਰ ਹੈ। ਇਹ ਸਹੂਲਤ ਤਾਂ ਕਿਸੇ ਨੇ ਮੰਗੀ ਹੀ ਨਹੀਂ ਸੀ।

ਹੁਣ ਪਾਰਟੀ ਵਲੋਂ ਆਪਣੇ ਅਫ਼ਸਰਾਂ ਨੂੰ ਪੰਜਾਬ ਦੀ ਵਾਗਡੋਰ ਸੰਭਾਲ ਦੇਣੀ, ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਬਹੁਤ ਸਾਰੇ ਵਿਜੀਲੈਂਸ ਨੇ ਕੇਸ ਦਰਜ ਕੀਤੇ ਪਰ ਉਨ੍ਹਾਂ ਨੂੰ ਕਦੋਂ ਬੂਰ ਪਏਗਾ ਕੁਝ ਕਿਹਾ ਨਹੀਂ ਜਾ ਸਕਦਾ? ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਪੂਰੀ ਤਰ੍ਹਾਂ ਨੰਗਿਆ ਕੀਤਾ ਜਾਏਗਾ। ਇਸ ਸਬੰਧੀ ਕੁੰਵਰ ਵਿਜੇ ਪਰਤਾਪ ਸਿੰਘ ਵਿਧਾਨ ਸਭਾ ਵਿਚ ਸਮਾਂ ਮੰਗਦਾ ਆ ਰਿਹਾ ਹੈ ਉਸ ਨੂੰ ਹੁਣ ਤਕ ਬੇਅਦਬੀ ਮੁਆਮਲਿਆਂ ਸਬੰਧੀ ਬੋਲਣ ਦਾ ਸਮਾਂ ਹੀ ਨਹੀਂ ਮਿਲ ਸਕਿਆ। ਹੁਣ ਤਾਂ ਸੁਪਰੀਮ ਕੋਰਟ ਵਿਚੋਂ ਵੀ ਸੌਦਾ ਸਾਧ ਤੇ ਕੇਸ ਚਲਾਉਣ ਦੀ ਆਗਿਆ ਮਿਲ ਗਈ ਹੈ ਦੇਖੋ ਊਠ ਕਿਸ ਕਰਵੱਟ ਬੈਠਦਾ ਹੈ।

ਪੰਜਾਬ ਦੀ ਵਰਤਮਾਨ ਸਥਿੱਤੀ ਸਬੰਧੀ ਸ੍ਰ. ਸੁਖਦੇਵ ਸਿੰਘ ਪਤਰਕਾਰ ਦੀ ਟਿੱਪਣੀ ਬੜੀ ਸਾਰਥਿਕ ਹੈ—

"ਪ੍ਰਧਾਨ ਮੰਤਰੀ ਵਜੋਂ ਇੰਦਰਾ ਗਾਂਧੀ ਪੰਜਾਬ (ਅਤੇ ਹੋਰਨਾਂ ਸਟੇਟਾਂ) ਦੇ ਵਿਧਾਨਿਕ ਅਧਿਕਾਰ ਰੱਜ ਕੇ ਹਥਿਆਉਂਦੀ ਰਹਿੰਦੀ ਸੀ ਕਿਸੇ ਵੀ ਵਿਸ਼ੇ ਬਾਰੇ ਦਿੱਲੀ ਵਿੱਚ ਮੀਟਿੰਗ ਹੁੰਦੀ ਫਲਸਰੂਪ ਸੂਬਿਆਂ ਦੀ ਕੁਝ ਨਾ ਕੁਝ ਤਾਕਤ ਕੁਤਰਦੀ ਰਹਿੰਦੀ ਸੀ। ਪਰ ਉਹ ਸਭ ਕੁਝ ਇੱਕ ਤਰੀਕੇ, ਸਲੀਕੇ, ਵਿਧੀ ਰਾਹੀਂ ਕਰਦੀ ਸੀ। ਆਪਣੇ ਕਿਸੇ ਮੁੱਖ ਮੰਤਰੀ ਦੀ ਜਨਤਕ ਤੌਰ 'ਤੇ ਖੇਹ ਨਹੀਂ ਉਡਾਉਂਦੀ ਸੀ। ਪਰ ਕੇਜਰੀਵਾਲ ਜੀ ਦਾ ਬਾਬਾ ਆਦਮ ਨਿਰਾਲਾ ਹੈ। ਪੰਜਾਬ ਦੇ ਦਿਨ-ਪ੍ਰਤੀ-ਦਿਨ ਦੇ ਰਾਜ ਪ੍ਰਬੰਧ ਕਾਰੋਬਾਰ ਵਿੱਚ ਜਿੰਨਾ ਦਖਲ ਆਮ ਆਦਮੀ ਪਾਰਟੀ ਦੇ ਇਸ ਸੁਪਰੀਮੋ ਦਾ ਹੈ ਇੰਨਾ ਅੱਜ ਤੱਕ 75 ਸਾਲਾਂ ਵਿੱਚ ਨਹੀਂ ਵੇਖਿਆ ਗਿਆ। ਇੰਝ ਲਗਦਾ ਹੈ ਕਿ ਹਰਿਆਣੇ ਦੀਆਂ ਸ਼ਰਮਨਾਕ ਹਾਰਾਂ ਪਿੱਛੋਂ ਤਾਂ ਬਿਲਕੁਲ ਹੰਭ ਗਿਆ ਹੈ। ਕੇਜਰੀਵਾਲ ਨੇ ਮੁੱਖ ਮੰਤਰੀ ਦੇ ਦਫਤਰ ਅੰਦਰ ਰਿਮੋਟ ਕੰਟਰੋਲ ਰਾਹੀਂ, ਇੱਕ ਢੰਗ ਨਾਲ ਖਰੂਦ ਮਚਾ ਰੱਖਿਆ ਹੈ। ਭਗਵੰਤ ਸਿੰਘ ਮਾਨ ਦੇ ਚਾਰ ਸੀਨੀਅਰ ਵਿਸ਼ਵਾਸ ਪਾਤਰ ਅਫ਼ਸਰਾਂ ਨੂੰ ਜਿਸ ਕੋਝੇ ਢੰਗ ਨਾਲ ਕੱਢਿਆ ਗਿਆ ਉਸ ਤਰ੍ਹਾਂ ਕਿਸੇ ਘਰ ਦੀ ਸੁਆਣੀ ਆਪਣੀ ਝਾੜੂ ਪੋਚਾ ਦੇਣ ਵਾਲੀ ਨੂੰ ਵੀ ਨਹੀਂ ਕੱਢਦੀ। ਕੇਜਰੀਵਾਲ ਨੇ ਹੱਦ ਹੀ ਮੁਕਾ ਦਿੱਤੀ ਹੈ।

ਭਗਵੰਤ ਸਿੰਘ ਮਾਨ ਦੇ ਦਫ਼ਤਰ ਵਿੱਚ ਸਭ ਤੋਂ ਅਹਿਮ ਪੁਜ਼ੀਸ਼ਨ ਤੇ ਆਪਣਾ ਇੱਕ ਪਾਲਤੂ ਬਾਊਂਸਰ ਬਿਠਾ ਦਿੱਤਾ ਜਿਸ ਤੋਂ ਉਸ ਨੇ ਆਪਣੀ ਹੀ ਪਾਰਟੀ ਦੀ ਔਰਤ ਰਾਜ ਸਭਾ ਮੈਂਬਰ ਉੱਪਰ ਕੁਟਾਪਾ ਚੜ੍ਹਵਾਇਆ ਸੀ। ਅਤੇ ਜਿਸ ਉਪਰ ਫੌਜਦਾਰੀ ਕੇਸ ਚੱਲ ਰਿਹਾ ਹੈ ਅਤੇ ਜੋ ਇਸ ਵੇਲੇ ਜ਼ਮਾਨਤ ਤੇ ਹੈ। ਇਹ ਬਾਊਂਸਰ ਹੁਣ ਚੀਫ਼ ਮਨਿਸਟਰ ਦੇ ਪ੍ਰਿਸੀਪਲ ਸਕੱਤਰ ਤਕ ਨੂੰ ਅੱਖਾਂ ਵਿਖਾਵੇਗਾ। ਤਾਨਾ ਸ਼ਾਹੀ ਇਸ ਹੱਦ ਤਕ ਚਲੀ ਗਈ ਕਿ ਰਾਤੋ ਰਾਤ ਕੇ. ਏ. ਪੀ. ਸਿਨਹਾ ਨਾਂ ਦਾ ਇੱਕ ਨਵਾਂ ਨਕੋਰ ਚੀਫ਼ ਸੈਕਟਰੀ ਬਿਠਾ ਦਿੱਤਾ। ਵਰਤਮਾਨ ਮੁੱਖ ਸਕੱਤਰ ਅਨੁਰਾਗ ਵਰਮਾ ਨੂੰ ਮੱਖਣ ਵਿੱਚੋਂ ਵਾਲ ਵਾਂਙ ਬਾਹਰ ਕੱਢ ਮਾਰਿਆ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਵਜੋਂ ਇਸ ਵਰਤਾਰੇ ਨੂੰ ਕਿਵੇਂ ਵੇਖਦਾ ਹੋਵੇਗਾ? ਕੀ ਉਸ ਨੂੰ ਕੋਈ ਹੇਠੀ ਮਹਿਸੂਸ ਨਹੀਂ ਹੋ ਰਹੀ? ਕੀ ਉਹ ਸ਼ਰਮਸਾਰ ਨਹੀਂ ਹੋ ਰਿਹਾ? ਕੀ ਉਹ ਇਸੇ ਤਰ੍ਹਾਂ ਕੰਮ ਕਰਦਾ ਰਹੇਗਾ?

ਇਤਿਹਾਸ ਦੇ ਇਸ ਨਵੇਂ ਅਧਿਆਏ ਦੀ ਗੱਲ ਕਰਦਿਆਂ ਮੈਂ ਹੈਰਾਨ ਪਰੇਸ਼ਾਨ ਹਾਂ। ਪੰਜਾਬ ਨੇ ਆਪਣੀ ਅਜੇਹੀ ਦੁਰਦਸ਼ਾ 1849 ਤੋਂ ਇਲਾਵਾ ਪਹਿਲਾਂ ਜਾਂ ਬਾਅਦ ਵਿੱਚ ਸ਼ਾਇਦ ਕਦੇ ਦੇਖੀ ਵੀ ਨਾ ਹੋਵੇ"।

ਸਾਡਾ ਮੱਥਾ ਤਾਂ ਓਦੋਂ ਹੀ ਠਣਕ ਗਿਆ ਸੀ ਜਦੋਂ ਰਾਜ ਸਭਾ ਦੇ ਮੈਂਬਰ ਬਣਾਉਣ ਸਮੇਂ ਉਨ੍ਹਾਂ ਲੋਕਾਂ ਨੂੰ ਰਾਜ ਸਭਾ ਵਿਚ ਭੇਜ ਦਿੱਤਾ ਜਿੰਨ੍ਹਾਂ ਨੂੰ ਪੰਜਾਬ ਦੇ ਹਿੱਤਾਂ ਦੀ ਕੋਈ ਜਾਣਕਾਰੀ ਨਹੀਂ ਹੈ। 92 ਐਮ. ਐਲ. ਏ ਮਨਿਸਟਰਾਂ ਜਾਂ ਆਮ ਪਾਰਟੀ ਦੇ ਕਿਸੇ ਕਾਰਕੁੰਨ ਨੇ ਕਦੇ ਵੀ ਪੰਜਾਬ ਦੇ ਹਿੱਤਾਂ ਦੀ ਗੱਲ ਨਹੀਂ ਕੀਤੀ।

ਅਸੀਂ ਪੰਜਾਬ ਇਕਾਈ ਦੀ ਆਮ ਪਾਰਟੀ ਨੂੰ ਸਲਾਹ ਦਿੰਦੇ ਹਾਂ ਕਿ ਅਜੇ ਵੀ ਸਮਾਂ ਹੈ ਕਿ ਪੰਜਾਬ ਦੇ ਪੁੱਤ ਬਣ ਕੇ ਕੋਈ ਪੰਜਾਬ ਲਈ ਸਖਤ ਸਟੈਂਡ ਲਓ। ਪੰਜਾਬ ਦੇ ਹਿੱਤਾਂ ਦੀ ਗੱਲ ਕਰੋ। ਕੇਂਦਰ ਨਾਲ ਟੱਕਰ ਲੈਣ ਦੀ ਥਾਂ 'ਤੇ ਪੰਜਾਬ ਦੇ ਮਸਲੇ ਹੱਲ ਕਰਉਣ ਲਈ ਨੀਤੀਵਾਨ ਬਣੋ।

ਭਾਰਤੀ ਜਨਤਾ ਪਾਰਟੀ ਵਿਚ ਇਸ ਵੇਲੇ ਬਹੁਤੇ ਲੀਡਰ ਦੂਜੀਆਂ ਪਾਰਟੀਆਂ ਵਿਚੋਂ ਗਏ ਹਨ। ਜੇ ਕੋਈ ਪੰਜਾਬ ਦਾ ਦਰਦ ਰੱਖਦਾ ਹੈ ਤਾਂ ਜਨਤਾ ਪਾਰਟੀ ਵਿਚ ਰਹਿੰਦਿਆਂ ਕੋਈ ਪੰਜਾਬ ਲਈ ਪੈਕਜ ਲੈ ਲਓ ਨਹੀਂ ਤਾਂ ਇਤਿਹਾਸ ਤੁਹਾਨੂੰ ਵੀ ਮੁਆਫ਼ ਨਹੀਂ ਕਰੇਗਾ। ਪੰਜਾਬ ਦੇ ਮੁੱਦਿਆਂ ਲਈ ਸਾਰੀਆਂ ਪਾਰਟੀਆਂ ਨੂੰ ਆਪਣੇ ਵਖਰੇਵੇਂ ਛੱਡ ਕੇ ਪੰਜਾਬ ਨਾਲ ਜੁੜੇ ਮੁੱਦਿਆਂ ਦੀ ਗੱਲ ਕਰਨੀ ਚਾਹੀਦੀ ਹੈ। ਇਕ ਦੂਜੇ ਤੇ ਦੂਸ਼ਣਬਾਜ਼ੀ ਚੁਟਕਲਿਆਂ ਰਾਹੀਂ ਲਾਉਣੀ ਬੜੀ ਚੰਗੀ ਲਗਦੀ ਹੈ, ਪਰ ਇਹ ਪੰਜਾਬ ਦਾ ਕੁਝ ਵੀ ਸਵਾਰ ਨਹੀਂ ਸਕਦੀ।

ਪੰਜਾਬ ਦੀ ਸਮੁੱਚੀ ਲੀਡਰਸ਼ਿੱਪ ਵਿਚ ਇਖ਼ਲਾਕ ਪੱਖੋਂ ਬਹੁਤ ਵੱਡਾ ਨਿਘਾਰ ਆ ਚੁੱਕਾ ਹੈ।

ਇਕ ਚਾਕ ਹੋ ਤੋ ਸੀਂ ਲੂੰ, ਹਮਦਮ ਗਿਰੇਬਾਂ ਆਪਨਾ,
ਜ਼ਾਲਮ ਨੇ ਫਾੜ ਡਾਲਾ ਹੈ ਯਿਹ ਤਾਰ ਤਾਰ ਕਰ ਕੇ। –0–

# ਪਾਠਕਾਂ ਦੇ ਸਵਾਲ ਜਵਾਬ

–ਗੁਰਮਤਿ ਵਿਰਸਾ
ਬਿਊਰੋ

**ਸਵਾਲ: ਸਾਡੇ ਪਿੰਡ ਵਿੱਚ ਇੱਕ ਮੋਨੀ ਬਾਬਾ ਹੈ ਜਿਸਦੀ ਲੋਕ ਬੜੀ ਮਹਾਨਤਾ ਦੱਸਦੇ ਹਨ, ਕੀ ਇਹ ਠੀਕ ਹੈ?**

**ਉੱਤਰ–** ਮਨਹੱਠ ਨਾਲ ਮਨੋਵਰਤ ਧਾਰਨ ਅਤੇ ਕਰਤਾਰ ਦੀ ਦਿੱਤੀ ਰਸਨਾ ਨੂੰ ਸਹੀ ਤਰੀਕੇ ਨਾਲ ਨਾ ਵਰਤਨਾ ਗੁਰਮਤਿ ਵਿੱਚ ਨਿੰਦਿਤ ਕਰਮ ਹੈ।

**ਸਵਾਲ: ਭਾਈ ਤਿਲੋਕਾ ਜੀ ਦੇ ਜੀਵਨ ਤੋਂ ਕੀ ਸਿੱਖਿਆ ਮਿਲਦੀ ਹੈ?**

**ਉੱਤਰ–** ਗੁਰੂ ਦਾ ਸਿੱਖ ਨਰਕ ਸੁਰਗ ਦੀ ਇੱਛਾ ਨਹੀਂ ਕਰਦਾ ਤੇ ਗੁਰੂ ਦੀ ਸਿੱਖਿਆ ਤੇ ਹੀ ਚੱਲਣਾ ਆਪਣਾ ਜੀਵਨ ਮਨੋਰਥ ਸਮਝਦਾ ਹੈ।

**ਸਵਾਲ: ਮਹਾਰਾਣੀ ਜਿੰਦ ਕੌਰ (ਜਿੰਦਾ) ਦਾ ਸਿੱਖ ਇਤਿਹਾਸ ਵਿੱਚ ਕੀ ਯੋਗਦਾਨ ਹੈ?**

**ਉੱਤਰ–** ਅੰਗਰੇਜ਼ਾਂ ਦੇ ਕਥਨ ਅਨੁਸਾਰ ਇਕ ਹੀ ਮਰਦ ਹੈ ਰਾਣੀ ਜਿੰਦਾ ਜਿਸ ਨੇ ਲਾਰਡ ਡਲਜੌਜ਼ੀ ਨੂੰ ਇਹ ਲਿਖਿਆ ਸੀ ਕਿ: "ਰੱਖ ਲੈ ਦੋ ਚਾਰ ਨਮਕ ਹਰਾਮਾਂ ਨੂੰ ਅਤੇ ਬਾਕੀ ਪੰਜਾਬ ਨੂੰ ਫਾਂਸੀ ਲੱਗਾ ਦੇਹ"। ਮਹਾਰਾਣੀ ਜਿੰਦਾ ਨੇ ਉਸ ਸਮੇਂ ਤੱਕ ਦਮ ਨਾ ਲਿਆ ਜਦ ਤੱਕ ਮਹਾਰਾਜਾ ਦਲੀਪ ਸਿੰਘ ਨੂੰ ਫਿਰ ਸਿੱਖੀ ਬਾਣੇ ਵਿੱਚ ਨਾ ਦੇਖ ਲਿਆ।

**ਸਵਾਲ: ਭਾਈ ਨੰਦ ਲਾਲ ਜੀ ਨੇ ਰਾਜ ਦਰਬਾਰ ਦੀ ਨੌਕਰੀ ਕਿਉਂ ਛੱਡੀ?**

**ਉੱਤਰ–** ਔਰੰਗਜ਼ੇਬ ਨੇ ਇਕ ਦਫਾ ਇਕ ਚਿੱਠੀ ਦਾ ਫਾਰਸੀ ਵਿਚ ਉਤਰ ਬਣਾਉਣ ਲਈ ਸਭ ਵਿਦਵਾਨ ਸੱਦੇ ਤੇ ਸਭ ਵਿਚੋਂ ਆਪ ਦਾ ਉਤਰ ਪਸੰਦ ਕੀਤਾ। ਇਸੇ ਤਰ੍ਹਾਂ ਕੁਰਾਨ ਦੀ ਇਕ ਆਇਤ ਦੇ ਅਰਥ ਆਪ ਦੇ ਕੀਤੇ ਹੋਏ ਬਹੁਤ ਸਲਾਹੇ ਗਏ। ਔਰੰਗਜ਼ੇਬ ਨੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਕਿਹਾ ਕਿ ਐਸੇ ਚੰਗੇ ਵਿਦਵਾਨ ਨੂੰ ਮੁਸਲਮਾਨ ਬਣਾਉਣਾ ਚਾਹੀਦਾ ਹੈ। ਇਹ ਪਤਾ ਲੱਗਦੇ ਸਾਰ ਹੀ ਭਾਈ ਜੀ ਰਾਜ ਦਰਬਾਰ ਦੀ ਨੌਕਰੀ ਛੱਡ ਕੇ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਪਾਸ ਆ ਗਏ।

**ਸਵਾਲ --ਜੱਸਾ ਸਿੰਘ ਆਹਲੂਵਾਲੀਏ ਦੀ ਮਾਤਾ ਜੀ ਦਾ ਸਿੱਖ ਇਤਿਹਾਸ ਵਿੱਚ ਕੀ ਯੋਗਦਾਨ ਹੈ?**

**ਉੱਤਰ–** ਸਿਰ ਦੇ ਸਾਂਈ ਸ: ਬਦਰ ਸਿੰਘ ਜੀ ਦੇ ਗੁਜ਼ਰ ਜਾਣ ਉਪਰੰਤ ਵੀ ਹੌਂਸਲਾ ਨਹੀਂ ਹਾਰਿਆ ਤੇ ਯਤੀਮ ਬੱਚੇ ਸ: ਜੱਸਾ ਸਿੰਘ ਆਹਲੂਵਾਲੀਆ ਦੀ ਐਸੀ ਸ਼ਾਨਦਾਰ ਢੰਗ ਨਾਲ ਪਾਲਣਾ ਪੋਸ਼ਣਾ ਕੀਤੀ ਕਿ ਉਹ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੋ ਨਿਬੜਿਆ। ਅੰਮ੍ਰਿਤਸਰ ਵਿਖੇ, ਸ: ਜੱਸਾ ਸਿੰਘ ਨੂੰ ਨਾਲ ਬਿਠਾ ਕੇ ਦੁਤਾਰੇ ਨਾਲ ਬੜਾ ਮਧੁਰ ਕੀਰਤਨ ਕਰਨ ਦਾ ਸੁਭਾਗ ਵੀ ਇਸ ਮਾਤਾ ਜੀ ਨੂੰ ਪ੍ਰਾਪਤ ਹੈ।

**ਸਵਾਲ: ਸ਼੍ਰੋਮਣੀ ਕਮੇਟੀ ਦਾ ਮੁੱਢ ਕਿਵੇਂ ਬੱਝਾ?**

**ਉੱਤਰ:** (ੳ) ਸਰਕਾਰ ਨੇ 13 ਨਵੰਬਰ ਸੰਨ 1920 ਨੂੰ ਗੁਰਦੁਆਰਿਆਂ ਦੇ ਪ੍ਰਬੰਧ ਲਈ 36 ਸੱਜਣਾਂ ਦੀ ਕਮੇਟੀ ਬਣਾ ਦਿੱਤੀ।

(ਅ) ਸ: ਹਰਬੰਸ ਸਿੰਘ ਅਟਾਰੀ ਦੀ ਪ੍ਰਧਾਨਗੀ ਹੇਠ ਨਿਯੁਕਤ ਕਰ ਦਿੱਤੀ। 15 ਅਤੇ 16 ਨਵੰਬਰ ਸੰਨ 1920 ਦੇ ਇਕੱਠ ਵਿੱਚ ਫੈਸਲਾ ਹੋਇਆ ਕਿ ਸਭ ਗੁਰਦੁਆਰਿਆਂ ਦੇ ਪ੍ਰਬੰਧ ਲਈ 175 ਸਿੰਘਾਂ ਦੀ ਕਮੇਟੀ ਬਣਾਈ ਜਾਵੇ।

(ੲ) ਸਰਕਾਰ ਵਲੋਂ ਬਣਾਈ ਕਮੇਟੀ ਦੇ 36 ਸਿੰਘ ਵੀ ਇਸ ਕਮੇਟੀ ਵਿੱਚ ਸ਼ਾਮਿਲ ਕਰ ਲਏ ਜਾਣ। ਇਸ ਕਮੇਟੀ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਜਾਏ।

**ਸਵਾਲ: ਅੱਜ ਕਲ੍ਹ ਅਨੰਦਕਾਰਜ ਸਮੇਂ ਕਿਹੜੀਆਂ ਕੁਰੀਤੀਆਂ ਜਾਂ ਮਨਮਤਾਂ ਕੀਤੀਆਂ ਜਾਂਦੀਆਂ ਹਨ?**

**ਉੱਤਰ–** 1. ਜਾਤ-ਪਾਤ ਜਾਂ ਗੋਤ ਦੀ ਵਿਚਾਰ ਕਰਨਾ।

2. ਚੰਗੇ ਦਿਨ ਦੀ ਖੋਜ ਲਈ ਪੱਤ੍ਰੀ ਵਾਚਣਾ।

3. ਵਿਆਹ ਤੋਂ ਪਹਿਲਾਂ ਰਿੰਗ-ਸੈਰੇਮਨੀ ਕਰਨਾ।

4. ਵਿਆਹ ਤੋਂ ਪਹਿਲਾਂ ਚੁੰਨੀ ਚੜ੍ਹਾਉਣ ਜਾਣਾ।

5. ਕੋਈ ਮੰਗ ਮਨਾਉਣੀ ਜਾਂ ਪੈਸਾ ਲੈ ਕੇ ਸੰਜੋਗ ਕਰਨਾ।

6. ਸ਼ਰਾਬ ਪੀਣੀ ਜਾਂ ਪਿਲਾਉਣੀ।

7. ਭੰਗੜਾ ਪਾਉਣਾ ਜਾਂ ਨਾਚ-ਗਾਣੇ ਦਾ ਪ੍ਰੋਗਰਾਮ ਕਰਨਾ।

8. ਸਿਹਰਾ ਮੁਕਟ ਜਾਂ ਗਾਨਾ ਬੰਨਣਾ।

9. ਜੈ ਮਾਲਾ ਪਉਣੀ।

10. 'ਅਨੰਦ' ਵੇਲੇ ਲੜਕੇ-ਲੜਕੀ ਹੇਠਾਂ ਵੱਖਰਾ ਗਦੇਲਾ ਵਿਛਾਉਣਾ।

11. ਮਨੋਕਲਪਿਤ ਸਿਹਰਾ ਜਾਂ ਸਿੱਖਿਆ ਪੜ੍ਹਨੀ।

12. ਵਾਰਨੇ ਕਰਨੇ।

13. ਲਾਵਾਂ ਮਗਰੋਂ ਲੜਕਾ-ਲੜਕੀ ਉਪਰ ਫੁੱਲ ਸੁਟਣੇ।

14 ਕਿਸੇ ਸਮਾਧ ਆਦਿ ਤੇ ਜਾ ਕੇ ਮੱਥੇ ਟੇਕਣੇ ਤੇ ਮੰਨਤਾਂ ਮੰਨਣੀਆਂ।

**ਸਵਾਲ– ਗੁਰਦੁਆਰਾ ਸਾਹਿਬ ਵਿਚ ਕਿਹੜੇ ਕਿਹੜੇ ਕਰਮ ਕਰਨਾ ਮਨਮਤ ਹੈ?**

**ਉੱਤਰ:** 1. ਗੁਰਦੁਆਰਿਆਂ ਵਿੱਚ ਮੂਰਤੀਆਂ, ਬੁੱਤ ਜਾਂ ਫੋਟੋ ਰੱਖਣੀਆਂ।

2. ਮੂਰਤੀ ਪੂਜਾ ਕਰਨਾ, ਤਸਵੀਰਾਂ(ਫੋਟੋ) ਅੱਗੇ ਮੱਥਾ ਟੇਕਣਾ ਜਾਂ ਉਹਨਾਂ ਉਤੇ ਚੌਰ ਕਰਨਾ।

3. ਜੋਤਾਂ ਜਗਾਉਣੀਆਂ।

4 ਭੋਗ ਲਾਉਣੇ।

5 ਟੱਲ ਖੜਕਾਉਣੇ।

6. ਧੂਫ ਜਾਂ ਦੀਵੇ ਜਗਾ ਕੇ ਆਰਤੀ ਕਰਨੀ

7. ਕੰਧਾਂ ਜਾਂ ਥੜਿਆਂ 'ਤੇ ਨੱਕ ਰਗੜਨਾ।

8. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਕਰ (ਤੁੱਲ) ਕਿਸੇ ਹੋਰ ਪੁਸਤਕ ਨੂੰ ਅਸਥਾਪਨ ਕਰਨਾ।

9. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਗੂੜੇ (ਪੀੜ੍ਹੇ) ਦੇ ਪਾਵਿਆਂ ਨੂੰ ਮੁੱਠੀਆਂ ਭਰਨਾਂ।

10 ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲਾ ਚੁੱਕ ਕੇ ਦਰਸ਼ਨ ਕਰਾਉਣਾ/ਕਰਨਾ।

11. ਮੰਜੀ ਜਾਂ ਪੀੜ੍ਹੇ ਹੇਠ ਪਾਣੀ ਰੱਖਣਾ।

12. ਮਜ਼ਬੂਰੀ ਤੋਂ ਬਿਨਾ--ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਗਦੇਲਾ, ਆਸਣ, ਚੌਕੀ, ਕੁਰਸੀ, ਜਾਂ ਕਿਸੇ ਵਿਸ਼ੇਸ਼ ਵਿਤਕਰੇ ਨਾਲ ਬੈਠਣਾ।

13. ਸੰਗਤ ਜਾਂ ਲੰਗਰ ਵਿੱਚ ਬੈਠਣ ਸਮੇਂ ਕਿਸੇ ਨਾਲ ਜਾਤ-ਪਾਤ ਦਾ ਵਿਤਕਰਾ ਕਰਨਾ।

14. ਕੜਾਹ ਪ੍ਰਸ਼ਾਦਿ ਜਾਂ ਲੰਗਰ ਵਰਤਾਉਣ ਸਮੇਂ ਕਿਸੇ ਨਾਲ ਉਚ-ਨੀਚ ਜਾਂ ਜਾਤ-ਪਾਤ ਦਾ ਵਿਤਕਰਾ ਕਰਨਾ।

15. ਸੰਗਤ ਵਿੱਚ ਸਹਿਜ ਪਾਠ ਜਾਂ ਅਖੰਡਪਾਠ ਦੇ ਨਾਲ ਇਕੋ ਸਮੇਂ ਕੀਰਤਨ, ਕਥਾ ਜਾਂ ਵਿਖਿਆਨ ਕਰਨਾ।

16. ਸਹਿਜ ਪਾਠ ਜਾਂ ਅਖੰਡਪਾਠ ਵੇਲੇ ਕੁੰਭ, ਜੋਤ, ਨਲੀਏਰ ਰੱਖਣਾ।

17. ਅਖੰਡ ਪਾਠ ਦੇ ਨਾਲ ਨਾਲ ਜਾਂ ਕਿਸੇ ਹੋਰ ਬਾਣੀ ਦਾ ਜਾਂ ਵਿਸ਼ੇਸ਼ ਸ਼ਬਦ ਦਾ ਪਾਠ ਕਰਨਾ।

18. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕਲਗੀ ਲਗਾ ਕੇ ਜਾਂ ਸਿਹਰਾ (ਮੁਕਟ) ਬੰਨ੍ਹ ਕੇ ਜਾਣਾ।

19. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕਿਸੇ ਵਿਆਕਤੀ ਦੇ ਗਲ ਵਿੱਚ ਹਾਰ ਪਾਉਣੇ, ਉਪਰੋਂ ਫੁੱਲ ਸੁਟਣੇ ਜਾਂ ਪੈਸੇ ਵਾਰਨੇ।

20. ਕਿਸੇ ਬੀਬੀ ਵਲੋਂ ਘੁੰਡ ਕੱਢ ਕੇ ਗੁਰਦੁਆਰੇ ਜਾਣਾ।

21. ਗੁਰਦੁਆਰੇ ਨੰਗੇ ਸਿਰ ਜਾਂ ਠਾਠਾ ਬੰਨ੍ਹ ਕੇ ਜਾਣਾ।

22. ਗੁਰੂ ਦੀ ਹਜ਼ੂਰੀ ਵਿਚ ਫੋਕੀ ਕਿਸੇ ਦੀ ਵਡਿਆਈ ਕਰਨੀ ਭਾਵ ਖੁਸ਼ਾਮਦ ਕਰਨੀ।

23 ਅਨਮਤਾਂ ਦੇ ਤਿਉਹਾਰ ਮਨਾਉਣੇ।

–0–




# ਆਤਮਿਕ ਮੌਤ ਤੋਂ ਬਚੀਏ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਸਰੀਰਕ ਤਲ 'ਤੇ ਮਨੁੱਖ ਇੱਕ ਵਾਰ ਹੀ ਮਰਦਾ ਹੈ ਪਰ ਆਪਣੀ ਜ਼ਿੰਮੇਵਾਰੀ ਨਾ ਸਮਝਣ ਵਾਲਾ ਆਤਮਿਕ ਤਲ'ਤੇ ਦਿਨ ਵਿੱਚ ਕਈ ਵਾਰ ਮਰਦਾ ਹੈ। ਮਨੁੱਖ ਦਾ ਹੱਥਲਾ ਜੀਵਨ ਪਹਿਲਾ ਅਤੇ ਅਖੀਰਲਾ ਹੋਣ ਕਰਕੇ ਬਹੁਤ ਕੀਮਤੀ ਹੈ। ਸਰੀਰ ਦਾ ਮਹੱਤਵ ਇਹ ਨਹੀਂ ਕਿ ਇਸ ਨੇ ਕਿੰਨੀਆਂ ਖ਼ੁਸ਼ਬੂਆਂ ਲਗਾਈਆਂ, ਕਿੰਨੇ ਸੋਹਣੇ ਕਪੜੇ ਪਹਿਨੇ, ਕਿੰਨੀਆਂ ਵਧੀਆ ਮੋਟਰ ਗੱਡੀਆਂ ਖਰੀਦ ਲਈਆਂ। ਇਹ'ਤੇ ਜਿੰਨੀ ਕਿਸੇ ਮਨੁੱਖ ਪਾਸ ਪਹੁੰਚ ਹੈ ਉਸ ਅਨੁਸਾਰ ਵਸਤੂਆਂ ਬਜ਼ਾਰ ਵਿਚੋਂ ਖਰੀਦ ਲੈਂਦਾ ਹੈ ਜਾਂ ਵੱਖ-ਵੱਖ ਮੁਲਕਾਂ ਦੇ ਬਣਾਏ ਹੋਏ ਨਿਯਮਾਂ ਅਨੁਸਾਰ ਮਨੁੱਖ ਆਪਣੀ ਆਪਣੀ ਸਹੂਲਤ ਅਨੁਸਾਰ ਆਪਣੀਆਂ ਗਰਜ਼ਾ ਪੂਰੀਆਂ ਕਰ ਲੈਂਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਮਨੁੱਖ ਨੇ ਆਪਣੇ ਜੀਵਨ ਨੂੰ ਸਫਲ ਕਿੰਨਾ ਬਣਾਇਆ ਹੈ?

**ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ ॥ ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ॥ ਗੋਬਿੰਦ ਨਾਮੰ ਨਹ ਸਿਮਰੰਤਿ ਅਗਿਆਨੀ ਜਾਨੰਤਿ ਅਸਥਿਰੰ॥ ਦੁਰਲਭ ਦੇਹ ਉਧਰੰਤ ਸਾਧ ਸਰਣ ਨਾਨਕ॥ ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ ॥**

**(1354)**

**ਅੱਖਰੀਂ ਅਰਥ--** (ਇਹ ਸਰੀਰ) ਕੱਚਾ ਕਿਲ੍ਹਾ ਹੈ, (ਜੋ) ਪਾਣੀ (ਭਾਵ, ਵੀਰਜ) ਦਾ ਬਣਿਆ ਹੋਇਆ ਹੈ ਅਤੇ ਲਹੂ ਤੇ ਚੰਮ ਨਾਲ ਲਿੰਬਿਆ ਹੋਇਆ ਹੈ। (ਇਸ ਦੇ) ਨੌ ਦਰਵਾਜ਼ੇ (ਗੋਲਕਾਂ) ਹਨ, (ਪਰ ਦਰਵਾਜ਼ਿਆਂ ਦੇ) ਭਿੱਤ ਨਹੀਂ ਹਨ, ਸੁਆਸਾਂ ਦੀ (ਇਸ ਨੂੰ) ਥੰਮ੍ਹੀ (ਦਿੱਤੀ ਹੋਈ) ਹੈ। ਮੂਰਖ ਜੀਵ (ਇਸ ਸਰੀਰ ਨੂੰ) ਸਦਾ-ਥਿਰ ਰਹਿਣ ਵਾਲਾ ਜਾਣਦੇ ਹਨ ਤੇ ਪਰਮਾਤਮਾ ਦਾ ਨਾਮ ਕਦੇ ਯਾਦ ਨਹੀਂ ਕਰਦੇ। ਹੇ ਨਾਨਕ! ਜੋ ਬੰਦੇ ਸਾਧ ਸੰਗਤਿ ਵਿੱਚ ਆ ਕੇ ਪਰਮਾਤਮਾ ਦਾ ਨਾਮ ਜਪਦੇ ਹਨ, ਉਹ ਇਸ ਦੁਰਲੱਭ ਸਰੀਰ ਨੂੰ (ਨਿੱਤ ਦੀ ਮੌਤ ਦੇ ਮੂੰਹੋਂ) ਬਚਾ ਲੈਂਦੇ ਹਨ।

1. ਸੰਸਾਰ ਦੀ ਉਤਪਤੀ ਇੱਕ ਬਝਵੇਂ ਨਿਯਮ ਵਿੱਚ ਹੋਈ ਹੈ ਤੇ ਬਝਵੇਂ ਨਿਯਮ ਤਹਿਤ ਹੀ ਹਰੇਕ ਵਸਤੂ ਆਪਣੇ ਆਪਣੇ ਕਾਰਜ ਰਾਹੀਂ ਮਨੁੱਖਤਾ ਦੀ ਸੇਵਾ ਵਿੱਚ ਲੱਗੀ ਹੋਈ ਹੈ।

2. ਮਿੱਟੀ ਦੇ ਕੱਚੇ ਘੜੇ ਵਿੱਚ ਪਾਣੀ ਨਹੀਂ ਟਿਕਾਇਆ ਜਾ ਸਕਦਾ ਜੇ ਪਕਾ ਕੇ ਕਿਸੇ ਠੋਕਰ ਆਦਿ ਤੋਂ ਬਚਾ ਕੇ ਰੱਖੀਏ ਤਾਂ ਉਹ ਘੜਾ ਥੋੜੀ ਲੰਬੀ ਉਮਰ ਵੀ ਭੋਗ ਸਕਦਾ ਹੈ।

3. ਇੰਝ ਹੀ ਮਨੁੱਖ ਦੇ ਸਰੀਰ ਦੀ ਕੋਈ ਪਾਇਆਂ ਨਹੀਂ ਹੈ ਇਹ ਕਦੇ ਸੰਸਾਰ ਨੂੰ ਛੱਡ ਕੇ ਨਾ ਜਾਵੇ ਪਰ ਜੇ ਇਸ ਦੀ ਸੰਭਾਲ ਵਲ ਧਿਆਨ ਦੇਈਏ ਤਾਂ ਇਹ ਜ਼ਿੰਦਗੀ ਦੇ ਵੱਧ ਦਿਨ ਵੀ ਜੀਵਤ ਰਹਿ ਸਕਦਾ ਹੈ।

4. ਜ਼ਿੰਦਗੀ ਦੇ ਵੱਧ ਦਿਨ ਜਿਉਣ ਦਾ ਮਹੱਤਵ ਨਹੀਂ ਹੈ, ਮਹੱਤਵ ਇਸ ਗੱਲ ਦਾ ਹੈ ਕਿ ਇਹ ਕਿਸ ਤਰ੍ਹਾਂ ਜੀਵਿਆ ਹੈ? ਕੀ ਇਸ ਨੇ ਆਪਣੀ ਬਣਦੇ ਫ਼ਰਜ਼ਾਂ ਵਲੋਂ ਕੋਈ ਕੁਤਾਹੀ ਤਾਂ ਨਹੀਂ ਕੀਤੀ? ਇਤਿਹਾਸ ਗਵਾਹ ਹੈ ਕਿ ਕਈ ਛੋਟੀ ਉਮਰ ਵਿੱਚ ਅਜੇਹੇ ਕੰਮ ਕਰਕੇ ਗਏ ਹਨ ਜੋ ਸਾਰੀ ਦੁਨੀਆਂ ਲਈ ਚਾਨਣ ਮੁਨਾਰਾ ਹਨ।

5. ਅਗਿਆਨਤਾ ਕਰਕੇ ਬਹੁਤੇ ਮਨੁੱਖ, ਅੰਹਕਾਰ ਵਿੱਚ ਆਪਣਾ ਜੀਵਨ ਬਸਰ ਕਰ ਰਹੇ ਹਨ ਤੇ ਅਗਿਆਨਤਾ ਕਰਕੇ ਹੀ ਕਈਆਂ ਨੇ ਆਪਣਿਆਂ ਭਰਾਵਾਂ ਦੀਆਂ ਜ਼ਮੀਨਾਂ'ਤੇ ਕਬਜ਼ੇ ਕਰ ਲਏ ਹਨ।

6. ਮਨੁੱਖ ਜਦੋਂ ਕਿਸੇ ਨੂੰ ਸੰਸਾਰ ਵਿਚੋਂ ਮਰਦਾ ਦੇਖਦਾ ਹੈ ਤਾਂ ਇਹ ਸਮਝਦਾ ਹੈ ਇਹ ਹੀ ਮਰਿਆ ਹੈ ਮੈਂ ਅਜੇ ਥੋੜਾ ਮਰਨਾ ਹੈ। ਅਗਿਆਨਤਾ ਕਰਕੇ ਹੀ ਸਮਾਜ ਵਿੱਚ ਈਰਖਾ ਦਵੈਤ ਸਾੜੇ ਵਿੱਚ ਲੋਕਾਂ ਨੇ ਆਪਣਾ ਜੀਵਨ ਬੇ ਸੁਆਦਾ ਕੀਤਾ ਹੋਇਆ ਹੈ।

7. ਅਗਿਆਨਤਾ ਕੋਈ ਸਦਾ ਰਹਿਣ ਵਾਲੀ ਚੀਜ਼ ਨਹੀਂ ਹੈ ਇਹ ਅਗਿਆਨਤਾ ਦੂਰ ਹੋ ਸਕਦੀ ਹੈ ਜਦੋਂ ਮਨੁੱਖ ਆਪ ਪੜ੍ਹ, ਸੁਣਕੇ ਤੇ ਵਿਚਾਰ ਕਰਕੇ ਅਮਲ ਕਰਨ ਦਾ ਯਤਨ ਕਰੇਗਾ।

8. ਇਸ ਸਾਰੇ ਦੀ ਸਮਝ ਤਾਂ ਹੀ ਆ ਸਕਦੀ ਹੈ ਜਦੋਂ ਸਤਿਗੁਰ ਦੀ ਸੰਗਤ ਕਰੇਗਾ। ਸਤਿਗੁਰ ਦੀ ਸੰਗਤ ਤੋਂ ਭਾਵ ਕੇਵਲ ਏਨਾ ਕੁ ਹੀ ਨਹੀਂ ਕਿ ਧਾਰਮਿਕ ਇਮਾਰਤ ਦੀਆਂ ਪਉੜੀਆਂ ਨੂੰ ਹੱਥ ਲਗਾਇਆ, ਮੱਥਾ ਟੇਕਿਆ ਤੇ ਘਰ ਆ ਗਏ। ਸਤਿਗੁਰ ਦੀ ਸੰਗਤ ਤੋਂ ਭਾਵ ਸੱਚੇ ਗਿਆਨ ਨੂੰ ਹਾਸਲ ਕਰਕੇ ਉਸ ਦੀ ਵਰਤੋਂ ਕਰਨ ਤੋਂ ਹੈ।

9. ਜੇ ਗਿਆਨ ਦੀ ਸਮਝ ਆ ਜਾਏ ਤਾਂ ਮਨੁੱਖ ਆਪਣੇ ਫ਼ਰਜ਼ਾਂ ਵਲੋਂ ਕੁਤਾਈ ਨਹੀਂ ਕਰੇਗਾ। ਬੇ-ਸਮਝੀ ਕਰਕੇ ਮਨੁੱਖ ਮਿਲੇ ਹੋਏ ਸਮੇਂ ਦੇ ਮਹੱਤਵ ਨੂੰ ਨਹੀਂ ਸਮਝਦਾ ਤੇ ਕੁਤਾਹੀਆਂ ਕਰਕੇ ਆਤਮਿਕ ਮੌਤੇ ਮਰਿਆ ਰਹਿੰਦਾ ਹੈ।

**ਕਹਤ ਸੁਨਤ ਕਿਛੁ ਸਾਂਤਿ ਨ**
**ਉਪਜਤ ਬਿਨੁ ਬਿਸਾਸ ਕਿਆ ਸੇਖਾਂ ॥**
**ਪ੍ਰਭੂ ਤਿਆਗਿ ਆਨ ਜੋ ਚਾਹਤ**
**ਤਾ ਕੈ ਮੁਖਿ ਲਾਗੈ ਕਾਲੇਖਾ ॥ (1221)**

-0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com

## ਨਿੱਕੀਆਂ ਜਿੰਦਾਂ ਵੱਡੇ ਸਾਕੇ:

# ‘ਸਾਕਾ ਸਰਹਿੰਦ’

-ਡਾ. ਅਮਨਦੀਪ ਸਿੰਘ ਟੱਲੇਵਾਲੀਆ # 98146-99446

**ਇਹ ਸ਼ਹੀਦੀ ਸਾਕਾ 13 ਪੋਹ ਸੰਮਤ 1761 (1705 ਈ.) ਨੂੰ ਵਾਪਰਿਆ। ਭਾਵੇਂ ਵਜ਼ੀਰ ਖਾਨ ਨੇ ਦੋ ਚਮਕਦੇ ਹੀਰਿਆਂ ਨੂੰ ਬਿਨਾਂ ਕਸੂਰੋਂ ਮਿੱਟੀ ਵਿੱਚ ਰੋਲ ਦਿੱਤਾ ਪਰ ਉਹ ਸੂਰਮੇਂ ਤਾਂ ਅਮਰ ਹਨ। ਉਹਨਾਂ ਦੀ ਸ਼ਹੀਦੀ ਨੇ ਬੰਦੇ ਵਰਗੇ ਵੈਰਾਗੀ ਸਾਧੂਆਂ ਦੇ ਮਨ ’ਤੇ ਅਜਿਹਾ ਅਸਰ ਕੀਤਾ ਕਿ ਜਿਹੜੇ ਬੈਰਾਗੀ ਸਾਧੂ ਆਪਣੇ ਡੇਰੇ ਦੇ ਆਲੇ ਦੁਆਲੇ ਖ਼ੂਨ ਦਾ ਛਿੱਟਾ ਵੀ ਡੁਲ੍ਹਿਆ ਬਰਦਾਸ਼ਤ ਨਹੀਂ ਸਨ ਕਰਦੇ, ਉਨ੍ਹਾਂ ਗੁਰੂ ਕਿਰਪਾ (ਥਾਪੜੇ) ਨਾਲ ਇਨ੍ਹਾਂ ਮਾਸੂਮਾਂ ਦੇ ਡੁੱਲ੍ਹੇ ਹੋਏ ਖ਼ੂਨ ਨੂੰ ਦੇਖ ਕੇ ਪਾਪੀ ਕੋਲੋਂ ਬਦਲਾ ਲੈਣ ਦੀ ਪੱਕੀ ਧਾਰ ਲਈ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।**

ਮਾਂ ਲਈ ਸਭ ਤੋਂ ਵੱਡੀ ਚੀਜ਼ ਹੁੰਦੀ ਹੈ ਉਸ ਦੀ ਗੋਦੀ ਵਿੱਚ ਪੁੱਤਰ ਦਾ ਖੇਡਣਾ। ਇਸ ਦਾਤ ਨੂੰ ਪ੍ਰਾਪਤ ਕਰਨ ਲਈ ਮਾਵਾਂ ਲੱਖਾਂ ਜਫ਼ਰ ਜਾਲਦੀਆਂ ਹਨ:- ‘ਤੀਰਥ-ਤੀਰਥ ਖੈਰ ਮੰਗਾਵੇ, ਗੁੱਗੇ ਤੇ ਮੜ੍ਹੀਆਂ ਪੂਜਵਾਵੇ। ਸਿਵਿਆਂ ਉਤੇ ਮਾਸ ਰੰਡ੍ਹਾਵੇ, ਅਣਹੋਈਆਂ ਗੱਲਾਂ ਕਰਵਾਵੇ। ਪੁੱਤਰ ਜਿਹਾ ਨਾ ਮੇਵਾ ਡਿੱਠਾ, ਜਿਤਨਾ ਕੱਚਾ ਉਤਨਾ ਹੀ ਮਿੱਠਾ।’

ਪਰ ਧੰਨ ਨੇ ਉਹ ਮਾਵਾਂ ਜਿਹੜੀਆਂ ਆਪਣੇ ਪੁੱਤਰਾਂ ਦੇ ਟੋਟੇ-ਟੋਟੇ ਕਰਵਾ ਕੇ ਝੋਲੀ ਪਵਾਉਂਦੀਆਂ ਹਨ, ਹੱਥੀਂ ਆਪਣੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਜੰਗ ਵਿੱਚ ਤੋਰਦੀਆਂ ਹਨ ਪਰ ਫਿਰ ਵੀ ਅੱਖਾਂ ’ਚੋਂ ਹੰਝੂ ਨਹੀਂ ਕੇਰਦੀਆਂ। ਧੰਨ ਹੈ ਉਹ ਪਿਤਾ ਜਿਹੜਾ ਅੱਖਾਂ ਸਾਹਮਣੇ ਆਪਣੇ ਪੁੱਤਰਾਂ ਨੂੰ ਸ਼ਹੀਦ ਹੁੰਦੇ ਵੇਖ ਕੇ ਵੀ ਇਹੋ ਆਖਦਾ ਹੈ :- ‘'ਇਨ ਪੁੱਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।''

ਇਹੀ ਹੈ ਇਸ ਸ਼ਹੀਦੀ ਸਾਕੇ ਦੀ ਗਾਥਾ ਜਿਸ ਦਾ ਅੱਖਰ-ਅੱਖਰ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ‘ਜ਼ੁਲਮ ਸਾਹਮਣੇ ਸੀਸ ਝੁਕਾਉਣਾ ਅਣਖੀ ਲੋਕਾਂ ਦਾ ਕੰਮ ਨਹੀਂ ਅਤੇ ਨਾਲ ਹੀ ਇਹ ਸਾਕਾ ਇਸ ਗੱਲ ਦਾ ਪ੍ਰਤੀਕ ਹੈ ਕਿ ਮੌਤ ਨੂੰ ਅਤੇ ਉਮਰ ਨੂੰ ਮਾਪਣ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ ਜਦੋਂ ਕੋਈ ਮੌਤ ‘ਸੁੱਤੇ ਹੋਏ ਲੋਕਾਂ ਨੂੰ ਜਗਾਉਣ ਲਈ’ ਜਾਂ ‘ਜ਼ੁਲਮ ਰਾਜ ਦੇ ਤਖ਼ਤਾਂ-ਤਾਜਾਂ ਨੂੰ ਹਿਲਾਉਣ ਲਈ ਹੋਈ ਹੋਵੇ।’

ਇਹ ਵੀ ਇੱਕ ਸਚਾਈ ਹੈ ਕਿ ਜਿਹੜੇ ਇਨਸਾਨ ਇਤਿਹਾਸ ਤੋਂ ਕੁੱਝ ਸਿਖਦੇ ਨਹੀਂ, ਉਹ ਹੀ ਇਤਿਹਾਸ ਨੂੰ ਦੁਹਰਾਉਣ ਦੇ ਜ਼ਿੰਮੇਵਾਰ ਹੁੰਦੇ ਹਨ। ਜਿਵੇਂ ਕਰਬਲਾ ਵਿੱਚ ਹਜ਼ਰਤ ਅਲੀ ਦੇ ਪੁੱਤਰਾਂ (ਹਸਨ, ਹੁਸੈਨ) ਨੂੰ ਸਮੇਂ ਦੇ ਹਾਕਮਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ ਸੀ, ਉਸੇ ਤਰ੍ਹਾਂ ਜੇ ਵਜ਼ੀਰ ਖਾਨ ਨੇ ਉਸ ਸਾਕੇ ਤੋਂ ਕੁੱਝ ਸਿੱਖਿਆ ਹੁੰਦਾ ਤਾਂ ਉਹ ਅਜਿਹੀ ਸਥਿਤੀ ਨੂੰ ਦੁਬਾਰਾ ਦੁਹਰਾਉਣ ਦੀ ਜੁਰਅਤ ਨਾ ਕਰਦਾ।

ਹਥਲੇ ਲੇਖ ਦਾ ਵਿਸ਼ਾ ‘ਨਿੱਕੀਆਂ ਜਿੰਦਾਂ’ ਭਾਵ ਗੁਰੂ ਗੋਬਿੰਦ ਸਾਹਿਬ ਜੀ ਦੇ ਲਾਲਾਂ ਨਾਲ ਸਬੰਧਿਤ ਸਾਕਾ ਹੈ ਜਿਨ੍ਹਾਂ ਵਿੱਚੋਂ ‘ਸਾਹਿਬਜਾਦਾ ਜੋਰਾਵਰ ਸਿੰਘ’ ਜੀ ਦਾ ਜਨਮ 1696 ਈ. ’ਚ ਤੇ ‘ਸਾਹਿਬਜਾਦਾ ਫਤਿਹ ਸਿੰਘ’ ਜੀ ਦਾ ਜਨਮ 1699 ਈ. ਵਿੱਚ ਅਨੰਦਪੁਰ ਸਾਹਿਬ ਦੀ ਧਰਤੀ ਤੇ ਦਸਮੇਸ਼ ਪਿਤਾ ‘ਗੁਰੂ ਗੋਬਿੰਦ ਸਿੰਘ ਸਾਹਿਬ’ ਜੀ ਦੇ ਘਰ ਹੋਇਆ।

‘ਸਾਕਾ ਸਰਹਿੰਦ’ ਕਿਉਂ ਵਾਪਰਿਆ ? ਅਨੰਦਪੁਰ ਸਾਹਿਬ ਦੀ ਲੜਾਈ ਜੋ ਇਤਿਹਾਸਕਾਰਾਂ ਅਨੁਸਾਰ ਮਈ 1704 ਈ: (ਸੰਮਤ 1761) ਨੂੰ ਸ਼ੁਰੂ ਹੋਈ ਸੀ ਲਗਾਤਾਰ ਸੱਤ ਮਹੀਨੇ ਚੱਲਦੀ ਰਹੀ ਕਿਲੇ ਦੇ ਅੰਦਰ ਸਿੰਘਾਂ ਕੋਲ ਰਾਸ਼ਨ ਪਾਣੀ ਮੁੱਕ ਗਿਆ ਅਤੇ ਉਧਰ ਪਹਾੜੀ ਰਾਜਿਆਂ ਦੀਆਂ ਅਤੇ ਮੁਸਲਮਾਨੀ ਫੌਜਾਂ ਵੀ ਹੋਰ ਬਹੁਤਾ ਚਿਰ ਲੜਨ ਦੇ ਸਮਰੱਥ ਨਹੀਂ ਸਨ। ਇਸ ਕਰਕੇ ਮੁਸਲਮਾਨਾਂ ਨੇ ਕੁਰਾਨ ਦੀਆਂ ਅਤੇ ਪਹਾੜੀ ਰਾਜਿਆਂ ਨੇ ਗਊਆਂ ਦੀਆਂ



ਗੁਰਦੁਆਰਾ ਫਤਹਿਗੜ੍ਹ ਸਾਹਿਬ

ਝੂਠੀਆਂ ਸਹੁੰਆਂ ਖਾ ਕੇ ਗੁਰੂ ਜੀ ਕੋਲੋਂ ਅਨੰਦਪੁਰ ਦਾ ਕਿਲ੍ਹਾ ਖਾਲੀ ਕਰਵਾ ਲਿਆ ਅਤੇ ਕਿਹਾ ਕਿ ਉਹ ਮੁੜ ਕੇ ਵਾਰ ਨਹੀਂ ਕਰਨਗੇ ਪਰ ਗੁਰੂ ਗੋਬਿੰਦ ਸਿੰਘ ਜੀ ਜਾਣਦੇ ਸਨ ਕਿ ਇਹ ਮੱਕਾਰ, ਚਾਲਬਾਜ ਲੋਕ ਕਦੇ ਵੀ ਆਪਣੀ ਆਖੀ ਗੱਲ ਤੋਂ ਮੁਕਰ ਸਕਦੇ ਹਨ। ਪਰ ਮਾਤਾ ਗੁਜਰੀ ਜੀ ਅਤੇ ਕੁੱਝ ਸਿੰਘਾਂ ਦੇ ਕਹਿਣ ’ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ ਅਤੇ ਰੋਪੜ ਦੇ ਇਲਾਕੇ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ। ਅਜੇ ਗੁਰੂ ਜੀ ਦਾ ਵਹੀਰ ਸਰਸਾ ਨਦੀ ਕੰਢੇ ਹੀ ਪਹੁੰਚਿਆ ਸੀ ਕਿ ਪਿੱਛੋਂ ਆ ਰਹੀ ਦੁਸ਼ਮਣ ਦੀ ਫੌਜ਼ ਨੇ ਮੁੜ ਹਮਲਾ ਕਰ ਦਿੱਤਾ। ਸਰਸਾ ਨਦੀ ਵਿੱਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਇਸ ਸਥਾਨ ’ਤੇ ਲਹੂ ਡੋਲਵੀਂ ਟੱਕਰ ਸ਼ੁਰੂ ਹੋਈ। ਬਹੁਤਾ ਕੀਮਤੀ ਇਤਿਹਾਸ ਸਰਸਾ ਨਦੀ ਵਿੱਚ ਰੁੜ ਗਿਆ। ਇਸੇ ਹੀ ਸਥਾਨ ’ਤੇ ਗੁਰੂ ਜੀ ਦਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ, ਵੱਡੇ ਸਾਹਿਬਜ਼ਾਦੇ, ਪਿਤਾ ਗੁਰੂ ਗੋਬਿੰਦ ਸਿੰਘ ਜੀ ਸਮੇਤ ਕੁੱਝ ਸਿੰਘਾਂ ਦੇ ਨਾਲ ਚਮਕੌਰ ਸਾਹਿਬ ਵੱਲ ਨੂੰ ਚਲੇ ਗਏ, ਛੋਟੇ ਸਾਹਿਬਜ਼ਾਦੇ ਅਤੇ ਬਿਰਧ ਮਾਂ ਗੁਜਰੀ ਜੀ ਇਕੱਲੇ ਰਹਿ ਗਏ। ਪੋਹ ਦੀ ਰੁੱਤ, ਕਹਿਰਾਂ ਦੀ ਸਰਦੀ ਦੋ ਛੋਟੇ ਛੋਟੇ ਬਾਲ ਦਾਦੀ ਦੀ ਉਂਗਲੀ ਫੜ ਕੇ ਜੰਗਲਾਂ ਵਿੱਚ ਦੀ ਹੁੰਦੇ ਹੋਏ ਹਨੇਰੇ ਨੂੰ ਚੀਰਦੇ ਆਪਣੀ ਜ਼ਿੰਦਗੀ ਦੇ ਔਕੜਾਂ ਭਰੇ ਸਫ਼ਰ ਨੂੰ ਤਹਿ ਕਰ ਰਹੇ ਸਨ। ਇੰਝ ਤੁਰਦੇ-ਤੁਰਦੇ ਗੰਗੂ ਬ੍ਰਾਹਮਣ, ਜੋ ਕਿ ਗੁਰੂ ਘਰ ਦਾ ਰਸੋਈਆ ਸੀ ਆਪਣੇ ਪਿੰਡ ਸਹੇੜੀ ਲੈ ਗਿਆ। ਦੂਸਰੇ ਦਿਨ ਬੱਚਿਆਂ ਦੀ ਗ੍ਰਿਫਤਾਰੀ ਲਈ ਰੱਖੇ ਗਏ ਬੇਸ਼ੁਮਾਰ ਕੀਮਤੀ ਇਨਾਮ ਨੇ ਗੰਗੂ ਬ੍ਰਾਹਮਣ ਦੇ ਮਨ ਵਿੱਚ ਲਾਲਚ ਪੈਦਾ ਕਰ ਦਿੱਤਾ। ਲਾਲਸਾ ਕਾਰਨ ਅੰਨ੍ਹੇ ਹੋਏ ਗੰਗੂ ਬ੍ਰਾਹਮਣ ਨੇ ਗੁਰੂ ਘਰ ਦੀ 25 ਸਾਲ ਰਸੋਈ ਦੀ ਸੇਵਾ ਕਰਦਿਆਂ ਪ੍ਰਾਪਤ ਕੀਤੀ ਮਾਇਆ (ਅਹਿਸਾਨ) ਨੂੰ ਭੁਲਾ ਕੇ ਹੋਰ ਇਨਾਮੀ ਰਾਸੀ ਦੀ ਪ੍ਰਾਪਤੀ ਲਈ ਉਸ ਨੇ ਮਾਸੂਮ ਬੱਚਿਆਂ ਤੇ ਬਿਰਧ ਦਾਦੀ ਮਾਤਾ ਦੀ ਸੂਚਨਾ ਕਿ ਉਹ ਮੇਰੇ ਘਰ ਵਿੱਚ ਹਨ, ਸਹੇੜੀ ਦੇ ਚੌਧਰੀ ਨੂੰ ਜਾ ਦਿੱਤੀ ਜਿਸ ਉਪਰੰਤ ਚੌਧਰੀ ਅਤੇ ਗੰਗੂ ਨੇ ਇਸ ਗੱਲ ਦੀ ਇਤਲਾਹ ਮੋਰਿੰਡੇ ਦੇ ਰੰਘੜ ਕੋਲ ਕਰ ਦਿੱਤੀ, ਕਿਉਂਕਿ ਉਹ ਦੋਨੋ ਵੀ ਚਾਹੁੰਦੇ ਸਨ ਕਿ ਗੁਰੂ ਗੋਬਿੰਦ

ਸਿੰਘ ਜੀ ਦੇ ਬੱਚਿਆਂ ਅਤੇ ਦਾਦੀ ਮਾਤਾ ਨੂੰ ਵਜ਼ੀਰ ਖਾਨ ਕੋਲ ਫੜਾ ਕੇ ਉਹ ਬਹੁਤ ਵੱਡਾ ਇਨਾਮ ਪ੍ਰਾਪਤ ਕਰ ਲੈਣਗੇ।

ਇੱਥੇ ਇਹ ਧਾਰਨਾ ਕਿ ਮਾਤਾ ਜੀ ਕੋਲ ਕੀਮਤੀ ਸੋਨਾ ਤੇ ਹੀਰੇ ਸਨ, ਜਿਸ ਲਾਲਚ ਕਾਰਨ ਗੰਗੂ ਪਾਪੀ ਬਣਿਆ, ਬਿਲਕੁਲ ਹੀ ਅਧਾਰਹੀਣ ਤੇ ਗੁਰਮਤਿ ਵਿਰੋਧੀ ਜਾਪਦੀ ਹੈ ਕਿਉਂਕਿ ਦਾਦੀ ਮਾਤਾ ਜੀ ਦੀ ਪ੍ਰੇਰਨਾ ਸਦਕਾ ਹੀ ਨਾਬਾਲਕ ਗੁਰੂ ਗੋਬਿੰਦ ਸਾਹਿਬ ਜੀ ਨੇ ਛੋਟੀ ਉਮਰ 'ਚ ਆਪਣੇ ਕੀਮਤੀ ਕੰਗਣ (ਮੁੰਦਰੀ) ਪਟਨਾ (ਬਿਹਾਰ) ਵਿਖੇ ਨਦੀ 'ਚ ਸੁੱਟਿਆ ਸੀ ਜਦ ਉਹ ਬੱਚਿਆਂ ਨਾਲ ਖੇਲਦਿਆਂ ਇੱਕ ਸੋਨੇ ਦੀ ਮੁੰਦਰੀ ਬਾਰੇ ਆਪਣੇ ਸਾਥੀਆਂ ਨੂੰ ਸਮਝਾ ਰਹੇ ਸੀ ਕਿ ਨਦੀ 'ਚ ਇੱਥੇ ਡਿੱਗੀ ਹੈ। ਉਹੀ ਦਾਦੀ ਮਾਤਾ ਆਪ ਇਤਨੇ ਸੰਕਟਮਈ ਸਮੇਂ 'ਚ ਸੋਨਾ, ਹੀਰੇ ਆਦਿ ਦੀ ਪੋਟਲੀ ਨਾਲ ਲੈ ਕੇ ਚਲੀ ਹੋਈ ਸੀ, ਬਾਰੇ ਧਾਰਨਾ ਮਾਤਾ ਜੀ ਦੀ ਸ਼ਖ਼ਸੀਅਤ ਨੂੰ ਗ਼ਲਤ ਰੰਗਤ ਦੇਣ ਦਾ ਪ੍ਰਤੀਕ ਜਾਪਦੀ ਹੈ।

ਉਧਰ ਗੰਗੂ ਵੀ ਜਾਤ ਦਾ ਬ੍ਰਾਹਮਣ ਸੀ ਜੋ ਕਿ ਅਜਿਹੀ ਮਾਨਸਿਕਤਾ ਵਿੱਚ ਪਲਿਆ ਹੋਇਆ ਸੀ ਜਿੱਥੇ ਮਜ਼ਲੂਮਾਂ ਅਤੇ ਬੇਕਸੂਰ ਲੋਕਾਂ ਦੀ ਮਜ਼ਬੂਰੀ ਦਾ ਨਜਾਇਜ਼ ਫਾਇਦਾ ਉਠਾਇਆ ਜਾਂਦਾ ਹੈ। ਉਨ੍ਹਾਂ ਤਿੰਨਾਂ (ਚੌਧਰੀ, ਗੰਗੂ ਤੇ ਰੰਘੜ) ਨੇ ਮਿਲ ਕੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੇ ਬੰਦੀ ਬਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਦਾਦੀ ਜੀ ਸਮੇਤ ਇੱਕ ਰਾਤ ਠੰਡੇ ਬੁਰਜ ਵਿੱਚ ਰੱਖਿਆ ਗਿਆ, ਉਹ ਬੁਰਜ ਜਿਸ ਨੂੰ ਸਿੱਖ ਇਤਿਹਾਸ ਵਿੱਚ 'ਚੰਡਾਲ ਬੁਰਜ' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿਸ ਦੇ ਚਾਰ ਥੰਮ ਸਨ, ਨਾ ਉੱਪਰ ਕੋਈ ਛੱਤ ਸੀ, ਲੋਹੇ ਦੇ ਸਰੀਏ ਵਾਲੇ ਵੱਡੇ ਵੱਡੇ ਦਰਵਾਜ਼ੇ ਸਨ। ਪੋਹ ਦੀ ਠੰਡੀ ਹਵਾ ਕਲੇਜਿਆਂ ਨੂੰ ਚੀਰਕੇ ਲੰਘ ਰਹੀ ਸੀ ਪਰ ਸਿਦਕ ਦੇ ਪੱਕੇ ਸ਼ਹੀਦ ਦਾਦੇ ਦੇ ਪੋਤੇ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਦਾ ਅਨੰਦ ਮਾਣ ਰਹੇ ਸਨ। ਮਖ਼ਮਲਾਂ 'ਤੇ ਸੌਣ ਵਾਲੇ, ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਲੇ ਅੱਜ ਭੁੱਖਣ-ਭਾਣੇ ਠੰਡੇ ਬੁਰਜ ਵਿੱਚ ਬੈਠੇ ਦਾਦੀ ਮਾਂ ਦੀਆਂ ਕਹਾਣੀਆਂ (ਆਪ-ਬੀਤੀਆਂ) ਸੁਣ ਰਹੇ ਸਨ, ਇਹ ਵਾਰਤਾਲਾਪ ਕੋਈ ਕਾਲਪਨਿਕ 'ਤੇ ਆਧਾਰਿਤ ਨਹੀਂ ਸੀ, ਸਗੋਂ ਸੱਚ ਦੇ ਰਾਹ 'ਤੇ ਤੁਰੇ ਹੋਏ ਪਾਂਧੀਆਂ ਨੂੰ ਰਸਤੇ ਵਿੱਚ ਆਉਣ ਵਾਲੀਆਂ ਔਖਿਆਈਆਂ ਅਤੇ ਉਨ੍ਹਾਂ ਔਕੜਾਂ ਨੂੰ ਖਿੜੇ ਮੱਥੇ ਸਹਿਣ ਕਰਨ ਦਾ ਉਪਦੇਸ਼ ਦਿੰਦੀਆਂ ਸਨ। ਦਾਦੀ ਮਾਂ ਸਮਝਾ ਰਹੀ ਸੀ ਕਿ ਬੱਚਿਓ ! ਦਾਦਾ ਜੀ ਦੀ ਚਿੱਟੀ ਪੱਗ ਨੂੰ ਦਾਗ ਲੱਗਣ ਤੋਂ ਬਚਾਇਓ ਭਾਵੇਂ ਤੁਹਾਡਾ ਸੀਸ ਕੱਟ ਜਾਵੇ। ਦਾਦੀ ਮਾਂ ਦੀਆਂ ਦਿੱਤੀਆਂ ਨਸੀਹਤਾਂ 'ਤੇ ਫੁੱਲ ਚੜ੍ਹਾਉਂਦਿਆਂ ਬੱਚਿਆਂ ਨੇ ਕਿਹਾ ਸੀ ਕਿ ਸਿਰ ਦੇ ਕੇ ਸਿਦਕ ਬਚਾਵਾਂਗੇ। 24 ਦਸੰਬਰ 1704 ਈ: ਦਾ ਦਿਨ ਚੜ੍ਹਿਆ, ਠੰਡੇ ਬੁਰਜ ਵਿੱਚੋਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਸਿਪਾਹੀ ਆਏ। ਇਸ ਸਥਿਤੀ ਦਾ ਵਰਣਨ ਅੱਲਾ ਯਾਰ ਖਾਂ ਜੋਗੀ 'ਸ਼ਹੀਦਾਨਿ ਵਫ਼ਾ' ਵਿੱਚ ਇਸ ਤਰ੍ਹਾਂ ਕਰਦਾ ਹੈ:- "ਜਾਨੇ ਸੇ ਪਹਿਲੇ ਆਓ, ਗਲੇ ਸੇ ਲਗਾ ਤੋ ਲੂੰ, ਕੇਸੋਂ ਕੋ ਕੰਘੀ ਕਰੂੰ ਜਰਾ ਧੁਲਾ ਤੋ ਲੂੰ, ਪਿਆਰੇ ਸਰੋਂ ਪੇ ਨੰਨ੍ਹੀ ਸੀ, ਕਲਗੀ ਸਜਾ ਤੋ ਲੂੰ, ਮਰਨ ਸੇ ਪਹਿਲੇ ਤੁਮ ਕੋ, ਦੁਲਹਾ ਬਨਾ ਤੋ ਲੂੰ।"

> **'ਸਾਕਾ ਸਰਹਿੰਦ' ਕਿਉਂ ਵਾਪਰਿਆ ? ਅਨੰਦਪੁਰ ਸਾਹਿਬ ਦੀ ਲੜਾਈ ਜੋ ਇਤਿਹਾਸਕਾਰਾਂ ਅਨੁਸਾਰ ਮਈ 1704 ਈ: (ਸੰਮਤ 1761) ਨੂੰ ਸ਼ੁਰੂ ਹੋਈ ਸੀ ਲਗਾਤਾਰ ਸੱਤ ਮਹੀਨੇ ਚੱਲਦੀ ਰਹੀ ਕਿਲੇ ਦੇ ਅੰਦਰ ਸਿੰਘਾਂ ਕੋਲ ਰਾਸ਼ਨ ਪਾਣੀ ਮੁੱਕ ਗਿਆ ਅਤੇ ਉਧਰ ਪਹਾੜੀ ਰਾਜਿਆਂ ਦੀਆਂ ਅਤੇ ਮੁਸਲਮਾਨੀ ਫੌਜਾਂ ਵੀ ਹੋਰ ਬਹੁਤਾ ਚਿਰ ਲੜਨ ਦੇ ਸਮਰੱਥ ਨਹੀਂ ਸਨ। ਇਸ ਕਰਕੇ ਮੁਸਲਮਾਨਾਂ ਨੇ ਕੁਰਾਨ ਦੀਆਂ ਅਤੇ ਪਹਾੜੀ ਰਾਜਿਆਂ ਨੇ ਗਊਆਂ ਦੀਆਂ ਝੂਠੀਆਂ ਸਹੁੰਆਂ ਖਾ ਕੇ ਗੁਰੂ ਜੀ ਕੋਲੋਂ ਅਨੰਦਪੁਰ ਦਾ ਕਿਲ੍ਹਾ ਖਾਲੀ ਕਰਵਾ ਲਿਆ ਅਤੇ ਕਿਹਾ ਕਿ ਉਹ ਮੁੜ ਕੇ ਵਾਰ ਨਹੀਂ ਕਰਨਗੇ ਪਰ ਗੁਰੂ ਗੋਬਿੰਦ ਸਿੰਘ ਜੀ ਜਾਣਦੇ ਸਨ ਕਿ ਇਹ ਮੱਕਾਰ, ਚਾਲਬਾਜ ਲੋਕ ਕਦੇ ਵੀ ਆਪਣੀ ਆਖੀ ਗੱਲ ਤੋਂ ਮੁਕਰ ਸਕਦੇ ਹਨ। ਪਰ ਮਾਤਾ ਗੁਜਰੀ ਜੀ ਅਤੇ ਕੁੱਝ ਸਿੰਘਾਂ ਦੇ ਕਹਿਣ 'ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ ਅਤੇ ਰੋਪੜ ਦੇ ਇਲਾਕੇ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ।**

ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ, ਸੂਰਮਿਆਂ ਨੇ ਕਚਿਹਰੀ ਵਿੱਚ ਖਲੋ ਕੇ, ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।' ਬੁਲਾਈ। ਇਹ ਦੇਖ ਕੇ ਸੂਬਾ ਕੰਬ ਉੱਠਿਆ। ਕਹਿੰਦੇ ਹਨ ਜਿਸ ਦਰਵਾਜ਼ੇ ਰਾਹੀਂ ਸਾਹਿਬਜ਼ਾਦਿਆਂ ਨੂੰ ਕਚਿਹਰੀ ਵਿੱਚ ਲਿਆਂਦਾ ਗਿਆ ਉਹ ਬਹੁਤ ਨੀਵਾਂ ਸੀ, ਤਾਂ ਕਿ ਜਦੋਂ ਉਹ ਅੰਦਰ ਵੜਣ ਤਾਂ ਉਹਨਾਂ ਦੀ ਨੀਵੀਂ ਪੈ ਜਾਵੇ ਪਰ ਅਣਖ ਨਾਲ ਜਿਉਣ ਵਾਲੇ ਸੂਰਮਿਆਂ ਦੀ ਧੌਣ ਕਾਇਰਾਂ ਸਾਹਮਣੇ ਨਹੀਂ ਝੁਕ ਸਕਦੀ।

ਸੂਬੇ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਡੁਲਾਉਣ ਦੇ ਲੱਖਾਂ ਯਤਨ ਕੀਤੇ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ ਤਾਂ ਕਿ ਉਹ ਸਿੱਖ ਧਰਮ ਨੂੰ ਛੱਡ ਕੇ ਇਸਲਾਮ ਕਬੂਲ ਕਰ ਲੈਣ। ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਮੋਰਿੰਡੇ ਦੇ ਇੱਕ ਅਹਿਲਕਾਰ ਨੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਤੁਹਾਡੇ ਪਿਤਾ ਜੀ ਅਤੇ ਭਰਾ ਚਮਕੌਰ ਦੀ ਜੰਗ ਵਿੱਚ ਮਾਰੇ ਗਏ ਹਨ। ਸੋ, ਤੁਹਾਡਾ ਕੋਈ ਆਸਰਾ ਨਹੀਂ ਰਿਹਾ ਜੇਕਰ ਤੁਸੀਂ ਇਸਲਾਮ ਕਬੂਲ ਕਰ ਲਵੋ ਤਾਂ ਵਜ਼ੀਰ ਖ਼ਾਨ ਤੁਹਾਡੀ ਰੱਖਿਆ ਕਰ ਸਕਦਾ ਹੈ। ਸੂਰਜ ਪ੍ਰਕਾਸ਼ ਅਨੁਸਾਰ: ''ਸਾਹਿਬਜ਼ਾਦਿਓ! ਪਿਤਾ ਤੁਹਾਰਾ ॥ ਗੜ ਚਮਕੌਰ ਘੇਰ ਗਹਿ ਮਾਰਾ॥ ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ ॥ ਸੰਗੀ ਸਿੰਘ ਸਕਲ ਸੋ ਮਾਰੇ ॥''

ਅੱਗੋਂ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ :- "ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ ॥ ਜਗ ਮਹਿੰ ਕੋਨ ਸਕੇ ਤਿੰਹ ਮਾਰਾ ?॥ ਜਿੰਮ ਆਕਾਸ਼ ਕੋ ਕਿਆ ਕੋਈ ਮਾਰਹਿ ? ॥ ਕੌਨ ਅੰਧੇਰੀ ਕੋ ਨਿਰਵਾਰਹਿ ?॥" ਭਾਵ ਸੂਬੇ ਦੀ ਗੱਲ ਸੁਣ ਕੇ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ ਕਿ ਸਾਨੂੰ ਤਾਂ ਅਕਾਲ ਪੁਰਖ ਦੇ ਆਸਰੇ ਦੀ ਲੋੜ ਹੈ ਹੋਰ ਕੋਈ ਆਸਰੇ ਦੀ ਲੋੜ ਨਹੀਂ। ਸਾਹਿਬਜ਼ਾਦਿਆਂ ਨੇ ਨਿਡਰ ਹੋ ਕੇ ਕਿਹਾ ਕਿ ਵਜ਼ੀਰ ਖ਼ਾਨ ! ਸੂਰਜ ਪੂਰਬ ਨੂੰ ਛੱਡ ਕੇ ਪੱਛਮ 'ਚੋਂ ਨਿਕਲ ਸਕਦਾ, ਮੱਛੀਆਂ ਪਾਣੀ ਤੋਂ ਬਿਨਾਂ ਜਿੰਦਾ ਰਹਿ ਸਕਦੀਆਂ ਹਨ ਪਰ ਸ਼ੇਰਾਂ ਦੇ ਪੁੱਤ ਤੇਰੀਆਂ ਗਿੱਦੜ ਧਮਕੀਆਂ ਅੱਗੇ ਝੁਕ ਨਹੀਂ ਸਕਦੇ। ਸੂਬੇ ਨੂੰ ਜਦ ਕੋਈ ਗੱਲ ਰਾਹ ਪੈਂਦੀ ਨਾ ਦਿਸੀ ਤਾਂ ਉਹਨੇ ਸਾਹਿਬਜ਼ਾਦਿਆਂ ਨੂੰ ਇੱਕ ਰਾਤ ਹੋਰ ਠੰਡੇ ਬੁਰਜ ਵਿੱਚ ਰੱਖਣ ਦਾ ਹੁਕਮ ਕੀਤਾ। ਭੁੱਖੇ ਤਿਹਾਏ ਛੋਟੇ ਬੱਚੇ ਦੂਜੇ ਦਿਨ ਬੁਰਜ 'ਚ ਤਸੀਹਿਆਂ ਭਰੀ ਰਾਤ ਪਲ-ਪਲ ਕਰਕੇ ਗੁਜ਼ਾਰ ਰਹੇ ਸਨ। ਇਸ ਸਮੇਂ ਹੀ ਗੁਰੂ ਘਰ ਦਾ ਇੱਕ ਪ੍ਰੇਮੀ ਬਾਬਾ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖਾਨ ਦੇ ਲੰਗਰ ਵਿੱਚ ਨੌਕਰੀ ਕਰਦਾ ਸੀ, ਦੁੱਧ ਦੀ ਗੜਵੀ ਲੈ ਕੇ ਬੁਰਜ ਵਿੱਚ ਪਹੁੰਚਿਆ, ਰਸਤੇ ਵਿੱਚ ਕਿਸੇ ਪਹਿਰੇਦਾਰ ਨੇ ਬਾਬਾ ਜੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੂੰ ਮੋਹਰਾਂ ਅਤੇ ਪੈਸੇ ਵੀ ਦੇਣੇ ਪਏ। ਮਾਤਾ ਗੁਜਰੀ ਜੀ ਨੇ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਮੋਤੀ ਮਹਿਰੇ ਦਾ ਧੰਨਵਾਦ ਕੀਤਾ:- "ਪਿਖ ਕੇ ਪ੍ਰੇਮ ਸੁ ਮੋਤੀ ਕੇਰਾ, ਮਾਤਾ ਕਹਯੋ ਭਲਾ ਹੋਵੈ ਤੇਰਾ॥"

ਸਾਹਿਬਜ਼ਾਦਿਆਂ ਦੀ ਦੂਸਰੀ ਪੇਸ਼ੀ 25 ਦਸੰਬਰ 1704 ਈ. ਨੂੰ ਹੋਈ। ਜਦੋਂ ਸਿਪਾਹੀ ਬੱਚਿਆਂ ਨੂੰ ਲੈਣ ਆਏ ਤਾਂ ਦਾਦੀ ਮਾਂ ਨੇ ਲਾਲ ਦੇ ਲਾਲਾਂ ਦੇ ਮੁੱਖ ਚੁੰਮੇ ਅਤੇ ਉਨ੍ਹਾਂ ਨੂੰ ਸਿਦਕ ਦੇ ਪੱਕੇ ਰਹਿਣ ਦੀ ਪ੍ਰੇਰਨਾ ਦਿੱਤੀ। ਸਾਹਿਬਜ਼ਾਦਿਆਂ ਨੇ ਕਚਿਹਰੀ ਵਿੱਚ ਜਾ ਕੇ ਗੱਜ ਕੇ ਫ਼ਤਿਹ ਫਿਰ ਬੁਲਾਈ। ਸੂਬੇ ਨੇ ਫਿਰ ਉਹੀ ਇਸਲਾਮ ਕਬੂਲ ਕਰਨ ਦੀ ਪੇਸ਼ਕਾਰੀ ਕੀਤੀ ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਾਰੀ ਨੂੰ ਠੁਕਰਾ ਦਿੱਤਾ। ਵਜ਼ੀਰ ਖਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ, ਤਾਂ ਉਨ੍ਹਾਂ ਜਵਾਬ ਦਿੱਤਾ ਕਿ ਉਹ ਆਪਣੇ ਪਿਤਾ ਜੀ ਵਾਂਗ ਇੱਕ ਸ਼ੇਰਾਂ ਦੀ ਫੌਜ ਤਿਆਰ ਕਰਨਗੇ ਅਤੇ ਤੇਰੇ ਵਰਗੇ ਗਿੱਦੜਾਂ ਦੇ ਤਖ਼ਤ ਤਾਜ ਹਿਲਾ ਕੇ ਰੱਖ ਦੇਣਗੇ। ਸੂਬੇ ਨੇ ਆਪਣੀ ਹਾਰ ਨੂੰ ਛੁਪਾਉਣ ਲਈ ਕਾਜ਼ੀ ਕੋਲੋਂ ਫ਼ਤਵਾ ਲਵਾਇਆ, ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਬਾਗੀ ਦੇ ਪੁੱਤਰਾਂ ਨੂੰ ਜਿਉਂਦਿਆਂ ਨੂੰ ਨੀਹਾਂ ਵਿੱਚ ਚਿਣ ਦੇਣਾ ਚਾਹੀਦਾ ਹੈ। ਇਹ ਉਹ

ਕੁਲਿਹਣੀ ਘੜੀ ਸੀ ਜਿਸ ਨੂੰ ਸੁਣ ਕੇ ਧਰਤੀ ਕੰਬੀ, ਅਸਮਾਨ ਡੋਲਿਆ, ਪੱਥਰ ਮੋਮ ਵਾਂਗ ਪਿਘਲ ਗਏ ਅਤੇ ਹਜ਼ਰਤ ਮੁਹੰਮਦ ਸਾਹਿਬ ਨੇ ਅਰਸ਼ਾਂ 'ਚੋਂ ਖ਼ੂਨ ਦੇ ਅੱਥਰੂ ਵਹਾਏ ਜਿਸ ਸਮੇਂ ਇਹ ਫ਼ੈਸਲਾ ਸੁਣਾਇਆ ਗਿਆ ਉਸ ਵੇਲੇ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖ਼ਾਨ ਵੀ ਉੱਥੇ ਮੌਜੂਦ ਸੀ। ਉਹ ਉੱਠ ਖਲੋਤਾ ਤੇ ਉਹਨੇ 'ਹਾਅ ਦਾ ਨਾਅਰਾ' ਮਾਰਿਆ, ਵਜ਼ੀਰ ਖ਼ਾਨ ! ਬੱਚਿਆਂ ਉੱਤੇ ਜ਼ੁਲਮ ਕਰਨਾ ਬਹੁਤ ਵੱਡਾ ਪਾਪ ਹੈ, ਇਸਲਾਮ ਇਸ ਪਾਪ ਦੀ ਮੰਨਜ਼ੂਰੀ ਨਹੀਂ ਦਿੰਦਾ। ਇਸ ਹਾਅ ਦੇ ਨਾਅਰੇ ਨੂੰ ਸੁਣ ਕੇ ਵਜ਼ੀਰ ਖ਼ਾਨ ਦਾ ਮਨ ਕੁੱਝ ਬਦਲਿਆ ਪਰ ਕੋਲ ਬੈਠੇ ਸੁੱਚਾ ਨੰਦ ਨੇ ਭਾਨੀ ਮਾਰਦਿਆਂ ਕਿਹਾ: ''ਵਜ਼ੀਰ ਖ਼ਾਨ ਇਨ੍ਹਾਂ ਬੱਚਿਆਂ ਨੂੰ ਜਿਉਂਦੇ ਛੱਡ ਕੇ ਤੂੰ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ ਕਿਉਂਕਿ ਦੁਸ਼ਮਣ ਨੂੰ ਅਤੇ ਸੱਪ ਨੂੰ ਭੁੱਲ ਜਾਣਾ ਬਹੁਤ ਵੱਡੀ ਗਲਤੀ ਹੁੰਦੀ ਹੈ।'' ਬੱਸ ਫਿਰ ਕੀ ਸੀ, ਉਹ ਅੰਤਿਮ ਘੜੀ ਆ ਗਈ ਜਦ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਨੀਹਾਂ ਵਿੱਚਚਿਣ ਦਿੱਤਾ ਗਿਆ। ਜਦ ਕੰਧ ਮੁਕੰਬਲ ਹੋ ਗਈ ਤਾਂ ਇੱਟਾਂ ਦਾ ਇਹ ਢਾਂਚਾ ਇੱਕ ਕੁਦਰਤੀ ਸ਼ਕਤੀ ਨਾਲ ਧੜੰਮ ਡਿੱਗ ਪਿਆ ਤੇ ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਪਾਇਆ ਗਿਆ ਜਿੱਥੇ ਬੱਚੇ ਮੁੜ ਹੋਸ਼ 'ਚ ਨਾ ਆਏ।

ਕੁਝ ਇਤਿਹਾਸਕਾਰਾਂ ਅਨੁਸਾਰ ਤੀਜ਼ੀ ਪੇਸ਼ੀ 26 ਦਸੰਬਰ ਨੂੰ ਅਤੇ ਕੁੱਝ ਮੁਤਾਬਿਕ 27 ਦਸੰਬਰ 1704 ਈ. ਨੂੰ ਵੀ ਹੋਈ। ਇਸਲਾਮ ਧਾਰਨ ਕਰਨ ਦੀ ਰਟ ਮੁੜ ਦੁਹਰਾਈ ਗਈ ਪਰ ਸਾਹਿਬਜ਼ਾਦਿਆਂ ਨੇ ਸਿਦਕ ਦੇ ਪੱਕੇ ਰਹਿਣ ਦਾ ਪ੍ਰਣ ਦੁਹਰਾਇਆ।

ਕੁੱਝ ਇਤਿਹਾਸਕਾਰਾਂ ਅਨੁਸਾਰ ਕੰਧ ਡਿੱਗਣ ਉਪਰੰਤ ਬੱਚੇ ਜੀਵਤ ਤੇ ਬੇਹੋਸ਼ੀ ਦੀ ਹਾਲਤ 'ਚ ਸਨ ਜਿਸ ਕਾਰਨ ਤਲਵਾਰ ਨਾਲ ਉਨ੍ਹਾਂ ਦਾ ਸਿਰ, ਧੜ ਨਾਲੋਂ ਅਲੱਗ ਕੀਤਾ ਗਿਆ ਇਹ ਫਤਵਾ ਵੀ ਦੂਸਰੇ (ਅਗਲੇ) ਦਿਨ ਬੱਚਿਆਂ ਨੂੰ ਕਚਿਹਰੀ 'ਚ ਪੇਸ਼ ਕਰਨ ਉਪਰੰਤ ਦੁਬਾਰਾ ਲਿਆ ਗਿਆ ਜਿਵੇਂ ਕਿ 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:- 'ਸ਼ਾਸ਼ਲ ਬੇਗ ਅਰ ਬਾਸ਼ਲ ਬੇਗ। ਉਭੈ ਜਲਾਦਨ ਖਿਚ ਕੈ ਤੇਗ। ਤਿਸਹੀ ਠਉਰ ਖਰਿਓ ਕੈ ਸੀਸ। ਤੁਰਤ ਉਤਾਰੇ ਦੁਸ਼ਟੈਂ ਰੀਸ। ਤੇਰਾਂ ਪੋਹ ਥਾ ਮੰਗਲਵਾਰ। ਮਚਿਓ ਸ਼ਹਿਰ ਮੇਂ ਹਾਹਾਕਾਰ॥' ਭਾਵ ਸੂਬੇ ਨੇ ਆਪਣਾ ਆਖਰੀ ਫ਼ੈਸਲਾ ਦਿੱਤਾ ਕਿ, "ਇਨ੍ਹਾਂ ਬੱਚਿਆਂ ਦੇ ਸਿਰ ਕਲਮ ਕਰ ਦਿੱਤੇ ਜਾਣ" ਜਿਸ 'ਤੇ ਪਹਿਰਾ ਦੇਂਦਿਆਂ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ।

ਖ਼ੈਰ, ਉਹ ਕਿਹੜੀ ਅੱਖ ਹੋਵੇਗੀ ਜਿਹੜੀ ਨਿਰਦੋਸ਼ ਨਾ-ਬਾਲਗ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੇ ਤਰੀਕੇ ਬਾਰੇ ਸੁਣ ਕੇ ਨਾ ਰੋਈ ਹੋਵੇਗੀ।

**ਸਾਹਿਬਜ਼ਾਦਿਆਂ ਦੀ ਦੂਸਰੀ ਪੇਸ਼ੀ 25 ਦਸੰਬਰ 1704 ਈ. ਨੂੰ ਹੋਈ। ਜਦੋਂ ਸਿਪਾਹੀ ਬੱਚਿਆਂ ਨੂੰ ਲੈਣ ਆਏ ਤਾਂ ਦਾਦੀ ਮਾਂ ਨੇ ਲਾਲ ਦੇ ਲਾਲਾਂ ਦੇ ਮੁੱਖ ਚੁੰਮੇ ਅਤੇ ਉਨ੍ਹਾਂ ਨੂੰ ਸਿਦਕ ਦੇ ਪੱਕੇ ਰਹਿਣ ਦੀ ਪ੍ਰੇਰਨਾ ਦਿੱਤੀ। ਸਾਹਿਬਜ਼ਾਦਿਆਂ ਨੇ ਕਚਿਹਰੀ ਵਿੱਚ ਜਾ ਕੇ ਗੱਜ ਕੇ ਫ਼ਤਿਹ ਫਿਰ ਬੁਲਾਈ। ਸੂਬੇ ਨੇ ਫਿਰ ਉਹੀ ਇਸਲਾਮ ਕਬੂਲ ਕਰਨ ਦੀ ਪੇਸ਼ਕਾਰੀ ਕੀਤੀ ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਾਰੀ ਨੂੰ ਠੁਕਰਾ ਦਿੱਤਾ। ਵਜ਼ੀਰ ਖਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ, ਤਾਂ ਉਨ੍ਹਾਂ ਜਵਾਬ ਦਿੱਤਾ ਕਿ ਉਹ ਆਪਣੇ ਪਿਤਾ ਜੀ ਵਾਂਗ ਇੱਕ ਸ਼ੇਰਾਂ ਦੀ ਫੌਜ ਤਿਆਰ ਕਰਨਗੇ ਅਤੇ ਤੇਰੇ ਵਰਗੇ ਗਿੱਦੜਾਂ ਦੇ ਤਖ਼ਤ ਤਾਜ਼ ਹਿਲਾ ਕੇ ਰੱਖ ਦੇਣਗੇ। ਸੂਬੇ ਨੇ ਆਪਣੀ ਹਾਰ ਨੂੰ ਛੁਪਾਉਣ ਲਈ ਕਾਜ਼ੀ ਕੋਲੋਂ ਫ਼ਤਵਾ ਲਵਾਇਆ, ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਬਾਗੀ ਦੇ ਪੁੱਤਰਾਂ ਨੂੰ ਜਿਉਂਦਿਆਂ ਨੂੰ ਨੀਹਾਂ ਵਿੱਚ ਚਿਣ ਦੇਣਾ ਚਾਹੀਦਾ ਹੈ।**



ਗੁਰਦੁਆਰਾ ਠੰਡਾ ਬੁਰਜ

ਇਹ ਸਪਸ਼ਟ ਹੈ ਕਿ ਸਾਹਿਬਜ਼ਾਦਿਆਂ ਦੀ ਮੌਤ ਨੀਹਾਂ ਵਿੱਚ ਦਮ ਘੁੱਟਣ ਕਰਕੇ ਹੋਈ, ਨਾ ਕਿ ਸਿਰ ਕਲਮ ਕੀਤੇ ਗਏ। ਇਸ ਤੋਂ ਉਪਰੰਤ ਬਿਰਧ ਦਾਦੀ ਮਾਤਾ ਜੀ ਨੂੰ ਵੀ ਠੰਡੇ ਬੁਰਜ ਤੋਂ ਹੇਠਾਂ ਛੁਟ ਦਿੱਤਾ ਗਿਆ ਜਿੱਥੇ ਗੰਭੀਰ ਸੱਟਾਂ ਲੱਗਣ ਕਾਰਨ ਉਨ੍ਹਾਂ ਵੀ ਪ੍ਰਾਣ ਤਿਆਗ ਦਿੱਤੇ ਕਿਉਂਕਿ ਮਾਤਾ ਜੀ ਤਿੰਨ-ਚਾਰ ਦਿਨਾਂ ਤੋਂ ਭੁੱਖਣ-ਭਾਣੇ ਠੰਢੇ ਬੁਰਜ ਵਿੱਚ ਕੈਦ ਸਨ। ਪੋਹ ਦੀ ਠੰਢੀ ਹਵਾ ਅਤੇ ਭੁੱਖ ਨੇ ਵੀ ਸਰੀਰ ਕਾਫ਼ੀ ਕਮਜ਼ੋਰ ਕਰ ਦਿੱਤਾ ਸੀ, ਪਰ ਇਹ ਧਾਰਨਾ ਕਿ ਮਾਤਾ ਜੀ ਨੇ ਗ਼ਮ 'ਚ ਖੁਦ ਬੁਰਜ ਤੋਂ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ, ਬਿਲਕੁਲ ਹੀ ਅਧਾਰਹੀਣ ਹੈ ਕਿਉਂਕਿ ਉਹ ਔਰਤ ਜੋ ਆਪਣੇ ਪਤੀ ਦੇ ਦੇਸ਼ ਕੌਮ ਤੋਂ ਕੁਰਬਾਨ ਹੋਣ ਵੇਲੇ ਨਹੀਂ ਡੋਲੀ ਅਤੇ ਜਿਸਨੇ ਆਪਣੇ ਪੋਤਿਆਂ ਨੂੰ ਹੱਥੀਂ ਸ਼ਹੀਦ ਹੋਣ ਲਈ ਤੋਰਿਆ ਉਹ ਐਨੀ ਬੁਜ਼ਦਿਲ ਨਹੀਂ ਹੋ ਸਕਦੀ ਕਿ ਬੁਰਜ ਤੋਂ ਛਾਲ ਮਾਰਕੇ ਆਤਮ ਹੱਤਿਆ ਕਰ ਲਵੇ। ਦੂਸਰਾ ਸਿੱਖ ਧਰਮ ਵਿੱਚ ਆਤਮ ਹੱਤਿਆ ਕਰਨਾ ਵਰਜਿਤ ਹੈ।

ਸਰਹਿੰਦ ਦੇ ਸ਼ਾਹੂਕਾਰ 'ਦੀਵਾਨ ਟੋਡਰ ਮੱਲ ਜੀ' ਨੇ ਨਵਾਬ ਵਜੀਰ ਖਾਨ ਕੋਲੋਂ ਸਾਹਿਬਜਾਦਿਆਂ ਅਤੇ ਮਾਤਾ ਜੀ ਦਾ ਸੰਸਕਾਰ ਕਰਨ ਦੀ ਤਾਂਘ ਪ੍ਰਗਟਾਈ ਤਾਂ ਨਵਾਬ ਨੇ ਆਪਣੀ ਕੂੜ-ਮਤ ਦਾ ਪ੍ਰਗਟਾਵਾ ਕਰਦੇ ਹੋਏ ਦੀਵਾਨ ਮਲ ਜੀ ਨੂੰ ਜਮੀਨ ਦਾ ਮੁੱਲ ਸੋਨੇ ਦੀਆਂ ਮੋਹਰਾਂ ਵਿਛਾ ਕੇ ਪਾਉਣ ਲਈ ਕਿਹਾ। ਦੀਵਾਨ ਸਾਹਿਬ, ਗੁਰੂ ਪਿਆਰ ਵਿੱਚ ਇੰਨੇ ਭਿੱਜੇ ਹੋਏ ਸਨ ਕਿ ਨਿਰ-ਸੰਕੋਚ ਨਵਾਬ ਦੀ ਸ਼ਰਤ ਮੰਨਦੇ ਹੋਏ ਜਮੀਨ ਦਾ ਮੁੱਲ ਪਾਇਆ ਗਿਆ। ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਖੜੀਆ ਕਰਕੇ ਕੁੱਲ (ਤਕਰੀਬਨ) 7800 ਸੋਨੇ ਦੀਆਂ ਮੁਹਰਾਂ ਦੇ ਕੇ ਤਕਰੀਬਨ ਸਾਢੇ ਤਿੰਨ ਗੱਜ ਦੀ ਜਮੀਨ ਲਈ। ਜਿੱਥੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਸੰਸਕਾਰ ਕੀਤਾ ਗਿਆ। ਇਸ ਸਥਾਨ ਉੱਤੇ ਹੁਣ ਗੁਰਦੁਆਰਾ ਜੋਤੀ-ਸਰੂਪ ਸਾਹਿਬ (ਸਰਹੰਦ) ਸੁਸ਼ੋਭਿਤ ਹੈ।

ਇਹ ਸ਼ਹੀਦੀ ਸਾਕਾ 13 ਪੋਹ ਸੰਮਤ 1761 (1705 ਈ.) ਨੂੰ ਵਾਪਰਿਆ। ਭਾਵੇਂ ਵਜ਼ੀਰ ਖਾਨ ਨੇ ਦੋ ਚਮਕਦੇ ਹੀਰਿਆਂ ਨੂੰ ਬਿਨਾਂ ਕਸੂਰੋਂ ਮਿੱਟੀ ਵਿੱਚ ਰੋਲ ਦਿੱਤਾ ਪਰ ਉਹ ਸੂਰਮੇਂ ਤਾਂ ਅਮਰ ਹਨ। ਉਹਨਾਂ ਦੀ ਸ਼ਹੀਦੀ ਨੇ ਬੰਦੇ ਵਰਗੇ ਵੈਰਾਗੀ ਸਾਧੂਆਂ ਦੇ ਮਨ 'ਤੇ ਅਜਿਹਾ ਅਸਰ ਕੀਤਾ ਕਿ ਜਿਹੜੇ ਬੈਰਾਗੀ ਸਾਧੂ ਆਪਣੇ ਡੇਰੇ ਦੇ ਆਲੇ ਦੁਆਲੇ ਖ਼ੂਨ ਦਾ ਛਿੱਟਾ ਵੀ ਡੁਲ੍ਹਿਆ ਬਰਦਾਸ਼ਤ ਨਹੀਂ ਸਨ ਕਰਦੇ, ਉਨ੍ਹਾਂ ਗੁਰੂ ਕਿਰਪਾ (ਥਾਪੜੇ) ਨਾਲ ਇਨ੍ਹਾਂ ਮਾਸੂਮਾਂ ਦੇ ਡੁੱਲ੍ਹੇ ਹੋਏ ਖ਼ੂਨ ਨੂੰ ਦੇਖ ਕੇ ਪਾਪੀ ਕੋਲੋਂ ਬਦਲਾ ਲੈਣ ਦੀ ਪੱਕੀ ਧਾਰ ਲਈ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

ਇੰਨੇ ਮਹਾਨ ਸਨ ਗੁਰੂ ਕੇ ਲਾਲ ਜਿੰਨ੍ਹਾਂ ਨੇ ਸਿੱਖਾਂ ਦੇ ਸਿਰ ਉੱਤੇ ਸਦੀਵੀ ਦਸਤਾਰ ਕਾਇਮ ਰੱਖਣ ਸਦਕਾ, ਆਪਣਾ-ਆਪ ਕੌਮ ਉੱਤੋਂ ਕੁਰਬਾਨ ਕਰ ਦਿੱਤਾ ਪਰ ਪਿਉ-ਦਾਦੇ ਦੀ ਪੱਗ ਨੂੰ ਲਾਜ ਨਹੀਂ ਲੱਗਣ ਦਿੱਤੀ। ਕੀ ਅੱਜ ਅਸੀਂ ਵੀ ਇਨ੍ਹਾਂ ਸਹਾਦਤਾਂ ਤੋਂ ਪ੍ਰੇਰਨਾ ਲੈ ਕੇ ਗੁਰੂ ਸਿਧਾਂਤ 'ਤੇ ਪਹਿਰਾ ਦੇਂਦਿਆਂ ਆਪ ਵੀ ਆਪਣੇ ਮਨੁੱਖਾ ਜਨਮ ਰਾਹੀਂ ਸਮਾਜ 'ਚ ਕੋਈ ਆਦਰਸ਼ ਜੀਵਨ ਪੇਸ਼ ਕਰਾਂਗੇ ਜਾਂ ਇਨ੍ਹਾਂ ਅਨੋਖੀਆਂ ਕੁਰਬਾਨੀਆਂ ਨੂੰ ਮਿਟੀ 'ਚ ਮਿਲਾਉਣ ਦੇ ਭਾਗੀ ਬਣਾਗੇ।

-0-

# ਕੌਣ ਸਨ ਬਾਈਧਾਰ ਦੇ ਰਾਜੇ?

**ਐੱਸ.ਪੀ. ਬਲਰਾਜ ਸਿੰਘ ਪੰਡੋਰੀ ਸਿੱਧਵਾਂ # 95011-00062**

**ਬਾਈਧਾਰ** ਜਾਂ ਪਹਾੜੀ ਰਾਜਿਆਂ ਦੇ ਛੋਟੇ ਛੋਟੇ ਰਾਜ ਆਨੰਦਪੁਰ ਸਾਹਿਬ ਦੇ ਆਸ ਪਾਸ ਸਥਿੱਤ ਸਨ। ਆਨੰਦਪੁਰ ਸਾਹਿਬ ਦੀ ਨੀਂਹ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਨੇ ਕਹਿਲੂਰ (ਬਿਲਾਸਪੁਰ) ਦੇ ਰਾਜੇ ਦੀਪ ਚੰਦ ਤੋਂ ਜ਼ਮੀਨ ਖਰੀਦ ਕੇ 1665 ਈਸਵੀ ਵਿੱਚ ਰੱਖੀ ਸੀ। ਨੌਵੇਂ ਪਾਤਸ਼ਾਹ ਦੀ ਸ਼ਹੀਦੀ (1695 ਈਸਵੀ) ਤੋਂ ਬਾਅਦ ਗੁਰੂ ਗੋਬਿੰਦ ਸਿੰਘ ਨੇ ਜਦੋਂ ਸਿੱਖਾਂ ਨੂੰ ਹਥਿਆਰਬੰਦ ਕਰਨਾ ਸ਼ੁਰੂ ਕੀਤਾ ਤਾਂ ਪਹਾੜੀ ਰਾਜੇ ਬਿਨਾਂ ਵਜ੍ਹਾ ਖਤਰਾ ਮਹਿਸੂਸ ਕਰਨ ਲੱਗ ਪਏ ਤੇ ਸੰਨ 1699 ਵਿੱਚ ਖਾਲਸੇ ਦੀ ਸਾਜਨਾ ਤੋਂ ਬਾਅਦ ਤਾਂ ਉਹ ਕੁਝ ਜਿਆਦਾ ਹੀ ਘਬਰਾ ਗਏ। ਹਾਲਾਂਕਿ ਗੁਰੂ ਸਾਹਿਬ ਨੇ ਕਦੇ ਵੀ ਕਿਸੇ ਪਹਾੜੀ ਰਾਜ 'ਤੇ ਹਮਲਾ ਨਹੀਂ ਸੀ ਕੀਤਾ। ਪਹਾੜੀ ਰਾਜੇ, ਸਰਹੰਦ ਦੇ ਨਵਾਬ ਵਜ਼ੀਰ ਖਾਨ ਨਾਲੋਂ ਵੀ ਜਿਆਦਾ ਝੂਠੇ, ਫਰੇਬੀ, ਅਕ੍ਰਿਤਘਣ ਅਤੇ ਵਿਸ਼ਵਾਸ਼ਘਾਤੀ ਸਨ। ਇਹ ਆਪਣੇ ਸੁਆਰਥ ਖਾਤਰ ਕਦੇ ਗੁਰੂ ਸਾਹਿਬ ਦੇ ਪੱਖ ਵਿੱਚ ਹੋ ਜਾਂਦੇ ਸਨ ਤੇ ਕਦੇ ਮੁਗਲਾਂ ਦੇ ਪੱਖ ਵਿੱਚ।

ਪਹਾੜੀ ਰਾਜਿਆਂ ਦੀਆਂ ਇਨ੍ਹਾਂ ਹੀ ਲੂੰਬੜ ਚਾਲਾਂ ਕਾਰਨ ਦਸਵੇਂ ਪਾਤਸ਼ਾਹ ਨੂੰ ਹੇਠ ਲਿਖੇ ਯੁੱਧ ਕਰਨੇ ਪਏ -

**ਭੰਗਾਣੀ (ਪਾਉਂਟਾ ਸਾਹਿਬ) ਦਾ ਯੁੱਧ, 18 ਸਤੰਬਰ 1688 ਈਸਵੀ**- ਇਹ ਜੰਗ ਗੁਰੂ ਸਾਹਿਬ ਅਤੇ ਕਹਿਲੂਰ (ਬਿਲਾਸਪੁਰ) ਦੇ ਰਾਜੇ ਭੀਮ ਚੰਦ, ਗੜ੍ਹਵਾਲ ਦੇ ਰਾਜੇ ਫਤਿਹ ਸ਼ਾਹ, ਕਾਂਗੜੇ ਦੇ ਰਾਜੇ ਕਿਰਪਾਲ ਚੰਦ, ਗੁਲੇਰ ਦੇ ਰਾਜੇ ਗੋਪਾਲ ਚੰਦ, ਹਿੰਡੂਰ (ਨਾਲਾਗੜ੍ਹ) ਦੇ ਰਾਜੇ ਧਰਮ ਚੰਦ ਅਤੇ ਜਸਵਾਲ ਦੇ ਰਾਜੇ ਕੇਸਰੀ ਚੰਦ ਦੀਆਂ ਫੌਜਾਂ ਦਰਮਿਆਨ ਹੋਈ ਸੀ। ਜੰਗ ਵਿੱਚ ਹਿੰਡੂਰ ਦਾ ਸੈਨਾਪਤੀ ਹਰੀ ਚੰਦ ਗੁਰੂ ਸਾਹਿਬ ਹੱਥੋਂ ਮਾਰਿਆ ਗਿਆ ਤੇ ਪਹਾੜੀਏ ਮੈਦਾਨ ਛੱਡ ਕੇ ਦੌੜ ਗਏ।

**ਨਦੌਣ ਦੀ ਜੰਗ (1691 ਈਸਵੀ)** - ਇਸ ਜੰਗ ਦੌਰਾਨ ਗੁਰੂ ਸਾਹਿਬ ਨੇ ਕਹਿਲੂਰ ਦੇ ਰਾਜੇ ਭੀਮ ਚੰਦ ਅਤੇ ਡਡਵਾਲ ਦੇ ਰਾਜੇ ਪ੍ਰਿਥੀ ਚੰਦ ਦੀ ਮਦਦ ਕੀਤੀ ਤੇ ਜੰਮੂ ਦੇ ਸੂਬੇਦਾਰ ਮੀਆਂ ਖਾਨ, ਜਨਰਲ ਆਲਿਫ ਖਾਨ ਅਤੇ ਕਾਂਗੜੇ ਦੇ ਰਾਜੇ ਕਿਰਪਾਲ ਚੰਦ ਅਤੇ ਬਿਜਰਵਾਲ ਦੇ ਰਾਜੇ ਦਿਆਲ ਚੰਦ ਦੀਆਂ ਫੌਜਾਂ ਨੂੰ ਹਰਾਇਆ।

**ਗੁਲੇਰ ਦੀ ਜੰਗ (1696 ਈਸਵੀ)** - ਇਸ ਜੰਗ ਵਿੱਚ ਗੁਰੂ ਸਾਹਿਬ ਨੇ ਗੁਲੇਰ ਦੇ ਰਾਜੇ ਗੋਪਾਲ ਚੰਦ ਦੀ ਮਦਦ ਕੀਤੀ ਤੇ ਮੁਗਲ ਜਨਰਲ ਰੁਸਤਮ ਖਾਨ, ਹੁਸੈਨ ਖਾਨ, ਕਾਂਗੜੇ ਦੇ ਰਾਜੇ ਕਿਰਪਾਲ ਚੰਦ ਅਤੇ ਹੋਰ ਪਹਾੜੀ ਰਾਜਿਆਂ ਦੀ ਫੌਜ ਨੂੰ ਹਰਾਇਆ। ਹੁਸੈਨ ਖਾਨ ਅਤੇ ਕਿਰਪਾਲ ਚੰਦ ਇਸ ਜੰਗ ਵਿੱਚ ਮਾਰੇ ਗਏ।

**ਆਨੰਦਪੁਰ ਸਾਹਿਬ ਦੀ ਪਹਿਲੀ ਜੰਗ (1700 ਈਸਵੀ)** - ਇਸ ਜੰਗ ਵੇਲੇ ਮੁਗਲਾਂ ਦੀ ਅਧੀਨਤਾ ਸਵੀਕਾਰ ਕਰ ਚੁੱਕੇ ਪਹਾੜੀ ਰਾਜਿਆਂ ਨੇ ਔਰੰਗਜ਼ੇਬ ਵੱਲੋਂ ਭੇਜੇ ਜਨਰਲ ਪੈਂਦੇ ਖਾਨ ਅਤੇ ਦੀਨਾ ਬੇਗ ਦੀ ਮਦਦ ਕੀਤੀ। ਜੰਗ ਵਿੱਚ ਗੁਰੂ ਸਾਹਿਬ ਨਾਲ ਹੋਈ ਹੱਥੋ ਹੱਥ ਲੜਾਈ ਵਿੱਚ ਪੈਂਦੇ ਖਾਨ ਮਾਰਿਆ ਗਿਆ ਤੇ ਮੁਗਲ ਫੌਜ ਤੇ ਪਹਾੜੀ ਰਾਜੇ ਮੈਦਾਨ ਛੱਡ ਕੇ ਭੱਜ ਗਏ। ਖਾਲਸਾ ਫੌਜ ਨੇ ਰੋਪੜ ਤੱਕ ਵੈਰੀ ਦਾ ਪਿੱਛਾ ਕੀਤਾ।

**ਆਨੰਦਪੁਰ ਸਾਹਿਬ ਦੀ ਦੂਸਰੀ ਲੜਾਈ (1701 ਈਸਵੀ)** - ਇਸ ਲੜਾਈ ਵੇਲੇ ਵੀ ਪਹਾੜੀ ਰਾਜਿਆਂ ਨੇ ਮੁਗਲ ਜਨਰਲ ਜਗਤਉਲਾਹ ਖਾਨ ਦੀ ਮਦਦ ਕੀਤੀ ਪਰ ਮੂੰਹ ਦੀ ਖਾਧੀ ਤੇ ਜਗਤਉਲਾਹ ਖਾਨ ਜੰਗ ਵਿੱਚ ਮਾਰਿਆ ਗਿਆ।

**ਨਿਰਮੋਹਗੜ੍ਹ ਦੀ ਜੰਗ (1702 ਈਸਵੀ)** - ਇਸ ਜੰਗ ਵੇਲੇ ਫਿਰ ਪਹਾੜੀ ਰਾਜਿਆਂ ਨੇ ਸਰਹੰਦ ਦੇ ਨਵਾਬ ਵਜ਼ੀਰ ਖਾਨ ਦੀ ਮਦਦ ਕੀਤੀ। ਦੋ ਦਿਨ ਚੱਲੀ ਇਸ ਲੜਾਈ ਵਿੱਚ ਦੋਵਾਂ ਧਿਰਾਂ ਦਾ ਭਾਰੀ ਨੁਕਸਾਨ ਹੋਇਆ ਪਰ ਅਖੀਰ ਵਜ਼ੀਰ ਖਾਨ ਨੂੰ ਮੈਦਾਨ ਛੱਡਣਾ ਪਿਆ।

**ਬਸੌਹਲੀ ਦੀ ਜੰਗ (1702 ਈਸਵੀ)** - ਇਸ ਜੰਗ ਦਾ ਕਾਰਨ ਬਸੌਹਲੀ ਦੇ ਰਾਜਾ ਧਰਮਪਾਲ ਵੱਲੋਂ ਗੁਰੂ ਸਾਹਿਬ ਦੀ ਮਦਦ ਮੰਗਣੀ ਸੀ। ਖਾਲਸਾ ਅਤੇ ਬਸੌਹਲੀ ਦੀਆਂ ਸਾਂਝੀਆਂ ਫੌਜਾਂ ਨੇ ਮੁਗਲ ਫੌਜ, ਕਹਿਲੂਰ ਦੇ ਰਾਜੇ ਅਜਮੇਰ ਚੰਦ ਅਤੇ ਗੁਲੇਰ ਦੇ ਰਾਜੇ ਗੋਪਾਲ ਚੰਦ ਦੀਆਂ ਫੌਜਾਂ ਨੂੰ ਬੁਰੀ ਤਰਾਂ ਹਰਾਇਆ।

**ਆਨੰਦਪੁਰ ਸਾਹਿਬ ਦੀ ਤੀਸਰੀ ਜੰਗ (ਮਈ 1704 ਈਸਵੀ)** -- ਲਗਾਤਰ ਹੋ ਰਹੀਆਂ ਹਾਰਾਂ ਤੋਂ ਦੁਖੀ ਹੋ ਕੇ ਔਰੰਗਜ਼ੇਬ ਨੇ ਜਨਰਲ ਜਬਰਦਸਤ ਖਾਨ ਅਤੇ ਸਰਹੰਦ ਦੇ ਨਵਾਬ ਵਜ਼ੀਰ ਖਾਨ ਦੇ ਅਧੀਨ ਇੱਕ ਬਹੁਤ ਵੱਡੀ ਫੌਜ ਗੁਰੂ ਸਾਹਿਬ ਦੇ ਖਿਲਾਫ ਭੇਜੀ ਤੇ ਕਹਿਲੂਰ, ਕਾਂਗੜਾ, ਕੁੱਲੂ, ਮੰਡੀ, ਨੂਰਪੁਰ, ਚੰਬਾ, ਗੁਲੇਰ, ਗੜ੍ਹਵਾਲ ਆਦਿ ਪਹਾੜੀ ਰਾਜਿਆਂ ਨੇ ਇਸ ਵਿੱਚ ਮੁਗਲਾਂ ਦੀ


ਭੰਗਾਣੀ ਦਾ ਯੁੱਧ

ਮਦਦ ਕੀਤੀ। ਇਸ ਫੌਜ ਨੇ ਪਹਿਲੀਆਂ ਹਾਰਾਂ ਤੋਂ ਸਬਕ ਲੈਂਦੇ ਹੋਏ ਸਿੱਧੀ ਲੜਾਈ ਕਰਨ ਦੀ ਬਜਾਏ ਘੇਰਾ ਪਾਉਣ ਦੀ ਯੁੱਧਨੀਤੀ ਅਪਣਾਈ ਤੇ ਦਸੰਬਰ ਤੱਕ ਘੇਰਾ ਜਾਰੀ ਰੱਖਿਆ। ਜਦੋਂ ਕਿਲ੍ਹੇ ਅੰਦਰੋਂ ਰਸਦ ਪਾਣੀ ਖਤਮ ਹੋ ਗਿਆ ਤਾਂ ਗੁਰੂ ਸਾਹਿਬ ਨੂੰ ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਝੂਠੀਆਂ ਸੌਂਹਾਂ ਦਾ ਯਕੀਨ ਕਰ ਕੇ ਕਿਲ੍ਹਾ ਛੱਡਣਾ ਪਿਆ। ਇਸ ਤੋਂ ਬਾਅਦ ਵਜ਼ੀਰ ਖਾਨ ਨਾਲ ਚਮਕੌਰ ਸਾਹਿਬ ਅਤੇ ਮੁਕਤਸਰ ਦੀਆਂ ਲੜਾਈਆਂ ਹੋਈਆਂ ਪਰ ਦੁਬਾਰਾ ਪਹਾੜੀ ਰਾਜੇ ਗੁਰੂ ਸਾਹਿਬ ਦੇ ਖਿਲਾਫ ਕਿਸੇ ਲੜਾਈ ਵਿੱਚ ਸ਼ਾਮਲ ਨਾ ਹੋਏ। ਉਸ ਸਮੇਂ ਦੀਆਂ **ਮੁੱਖ ਪਹਾੜੀ ਰਿਆਸਤਾਂ ਇਸ ਪ੍ਰਕਾਰ ਸਨ -**

**ਕਾਂਗੜਾ** - ਕਾਂਗੜਾ ਰਿਆਸਤ ਪਹਾੜੀ ਰਾਜਾਂ ਵਿੱਚ ਸਭ ਤੋਂ ਪੁਰਾਣੀ ਸੀ। ਇਸ ਦੀ ਸਥਾਪਨਾ 11ਵੀਂ ਸਦੀ ਵਿੱਚ ਕਟੋਚ ਰਾਜਪੂਤ ਭੂਮੀ ਚੰਦ ਵੱਲੋਂ ਕੀਤੀ ਗਈ ਸੀ। ਇਸ ਦਾ ਕੁਲ ਖੇਤਰਫਲ 200 ਸੁਕੇਅਰ ਕਿ.ਮੀ. ਸੀ ਤੇ ਇਸ ਅਧੀਨ 437 ਪਿੰਡ ਪੈਂਦੇ ਸਨ। ਇਸ ਰਿਆਸਤ ਦੇ ਗੁਰੂ ਸਾਹਿਬ ਦੇ

ਸਮਕਾਲੀ ਰਾਜੇ ਕਿਰਪਾਲ ਚੰਦ ਅਤੇ ਅਜਮੇਰ ਚੰਦ ਸਨ ਜੋ ਸਿੱਖਾਂ ਖਿਲਾਫ ਲੜਨ ਵਾਲੇ ਪਹਾੜੀ ਗਠਬੰਧਨ ਦੇ ਮੁਖੀ ਸਨ। ਸੰਨ 1809 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸੰਸਾਰ ਚੰਦ ਕਟੋਚ ਤੋਂ ਕਾਂਗੜੇ ਦਾ ਕਬਜ਼ਾ ਲੈ ਲਿਆ ਤੇ ਉਸ ਨੂੰ ਲੰਬਾਗਰਾਊਂ ਇਲਾਕੇ ਦੀ 20 ਪਿੰਡਾਂ ਦੀ ਜਾਗੀਰ ਦੇ ਦਿੱਤੀ। 1846 ਵਿੱਚ ਕਾਂਗੜਾ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਆ ਗਿਆ ਪਰ ਇਹ ਰਿਆਸਤ ਚੱਲਦੀ ਰਹੀ ਤੇ 1947 ਵਿੱਚ ਭਾਰਤ ਵਿੱਚ ਸ਼ਾਮਲ ਕਰ ਲਈ ਗਈ।

**ਗੁਲੇਰ** – ਗੁਲੇਰ ਰਿਆਸਤ ਦੀ ਸਥਾਪਨਾ ਸੰਨ 1415 ਈਸਵੀ ਵਿੱਚ ਕਾਂਗੜਾ ਰਿਆਸਤ ਦੇ ਰਾਜਕੁਮਾਰ ਹਰੀ ਚੰਦ ਨੇ ਕੀਤੀ ਸੀ। ਇਸ ਦੀ ਰਾਜਧਾਨੀ ਹਰੀਪੁਰ ਗੁਲੇਰ ਸੀ ਤੇ ਇਹ ਹੁਣ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜਿਲ੍ਹੇ ਦਾ ਹਿੱਸਾ ਹੈ।

ਇਹ ਛੋਟੀ ਜਿਹੀ ਰਿਆਸਤ ਸੀ ਜਿਸ ਦਾ ਖੇਤਰਫਲ ਸਿਰਫ 65 ਸੁਕੇਅਰ ਕਿ.ਮੀ. ਸੀ। ਗੁਰੂ ਗੋਬਿੰਦ ਸਿੰਘ ਵੇਲੇ ਇਸ ਦਾ ਰਾਜਾ ਗੋਪਾਲ ਚੰਦ ਸੀ ਜੋ ਆਪਣੇ ਫਾਇਦੇ ਮੁਤਾਬਕ ਪਾਸਾ ਬਦਲਦਾ ਰਹਿੰਦਾ ਸੀ। ਉਸ ਨੇ ਗੁਰੂ ਸਾਹਿਬ ਦੇ ਹੱਕ ਅਤੇ ਖਿਲਾਫ, ਕਈ ਲੜਾਈਆਂ ਵਿੱਚ ਭਾਗ ਲਿਆ। 1826 ਈਸਵੀ ਵਿੱਚ ਗੁਲੇਰ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਕਬਜ਼ਾ ਜਮਾ ਲਿਆ ਤੇ ਰਾਜੇ ਭੂਪ ਸਿੰਘ ਨੂੰ ਨੰਦਪੁਰ ਦੀ ਜਾਗੀਰ ਦੇ ਦਿੱਤੀ। 1853 ਵਿੱਚ ਗੁਲੇਰ ਨੂੰ ਬ੍ਰਿਟਿਸ਼ ਰਾਜ ਵਿੱਚ ਮਿਲਾ ਲਿਆ ਗਿਆ। 1877 ਵਿੱਚ ਆਖਰੀ ਰਾਜਾ ਸ਼ਮਸ਼ੇਰ ਸਿੰਘ ਬੇਔਲਾਦ ਮਰ ਗਿਆ ਤਾਂ ਗੁਲੇਰ ਰਾਜ ਖਤਮ ਹੋ ਗਿਆ।

**ਬਿਲਾਸਪੁਰ (ਕਹਿਲੂਰ)** – ਬਿਲਾਸਪੁਰ ਹੁਣ ਹਿਮਾਚਲ ਪ੍ਰਦੇਸ਼ ਦਾ ਜਿਲ੍ਹਾ ਹੈ। ਇਹ ਰਿਆਸਤ ਵੀ ਬਹੁਤ ਪੁਰਾਣੀ ਹੈ ਤੇ ਇਸ ਦੀ ਸਥਾਪਨਾ 14ਵੀਂ ਸਦੀ ਵਿੱਚ ਚੰਦੇਲ ਰਾਜਪੂਤ ਰਾਜਾ ਹੀਰਾ ਚੰਦ ਨੇ ਕੀਤੀ ਸੀ। ਇਸ ਦਾ ਕੁੱਲ ਖੇਤਰਫਲ 724 ਸੁਕੇਅਰ ਕਿ.ਮੀ. ਸੀ। ਸ਼ੁਰੂ ਵਿੱਚ ਇਸ ਦੀ ਰਾਜਧਾਨੀ ਕਹਿਲੂਰ ਸੀ ਜਿਸ ਤੋਂ ਇਸ ਦਾ ਨਾਮ ਕਹਿਲੂਰ ਪਿਆ ਪਰ 1670 ਤੋਂ ਬਾਅਦ ਇਸ ਦੀ ਰਾਜਧਾਨੀ ਪੱਕੇ ਤੌਰ 'ਤੇ ਬਿਲਾਸਪੁਰ ਬਣਾ ਦਿੱਤੀ ਗਈ। ਗੁਰੂ ਸਾਹਿਬ ਦੇ ਸਮਕਾਲੀ ਰਾਜੇ ਭੀਮ ਚੰਦ ਤੇ ਅਜਮੇਰ ਚੰਦ ਸਨ। 1815 ਈਸਵੀ ਵਿੱਚ ਇਹ ਰਿਆਸਤ ਅੰਗਰੇਜ਼ਾਂ ਦੀ ਸੁਰੱਖਿਆ ਹੇਠ ਆ ਗਈ ਤੇ 1947 ਵੇਲੇ ਭਾਰਤ ਵਿੱਚ ਸ਼ਾਮਲ ਹੋ ਗਈ। ਇਸ ਦਾ ਆਖਰੀ ਰਾਜਾ ਆਨੰਦ ਚੰਦ ਸੀ।

**ਮੰਡੀ** – ਮੰਡੀ ਰਿਆਸਤ ਦੀ ਰਾਜਧਾਨੀ ਮੰਡੀ ਸ਼ਹਿਰ ਸੀ ਜੋ ਹੁਣ ਹਿਮਾਚਲ ਪ੍ਰਦੇਸ਼ ਦਾ ਜਿਲ੍ਹਾ ਹੈ। ਇਸ ਰਿਆਸਤ ਵਿੱਚ 3625 ਪਿੰਡ ਸਨ ਤੇ ਕੁੱਲ ਖੇਤਰਫਲ 704 ਸੁਕੇਅਰ ਕਿ.ਮੀ. ਸੀ। ਜਦੋਂ 1204 ਵਿੱਚ ਤੁਰਕ ਫੌਜਾਂ ਨੇ ਬੰਗਾਲ ਦੇ ਸੇਨ ਰਾਜਿਆਂ ਨੂੰ ਹਰਾ ਦਿੱਤਾ ਤਾਂ ਉਸ ਦੇ ਪਰਿਵਾਰ ਨੇ ਦੌੜ ਕੇ ਪਹਾੜਾਂ ਵਿੱਚ ਸ਼ਰਨ ਲੈ ਲਈ ਤੇ 1290 ਈਸਵੀ ਵਿੱਚ ਮੰਡੀ ਰਿਆਸਤ ਦੀ ਸਥਾਪਨਾ ਕੀਤੀ। ਪਹਿਲਾਂ ਮੰਡੀ ਸੁਕੇਤ ਇੱਕ ਹੀ ਰਾਜ ਸੀ ਪਰ ਬਾਅਦ ਵਿੱਚ ਪਰਿਵਾਰਕ ਵੰਡ ਕਾਰਨ ਦੋ ਰਿਆਸਤਾਂ ਬਣ ਗਈਆਂ। ਗੁਰੂ ਸਾਹਿਬ ਦੇ ਸਮਕਾਲੀ ਰਾਜੇ ਗੌੜ ਸੇਨ ਅਤੇ ਸਿੱਧੀ ਸੇਨ ਸਨ। ਇਸ ਰਿਆਸਤ ਦਾ ਆਖਰੀ ਰਾਜਾ ਜੁਗਿੰਦਰ ਸੇਨ ਸੀ। 1948 ਚ ਇਹ ਰਿਆਸਤ ਵੀ ਭਾਰਤ ਵਿੱਚ ਸ਼ਾਮਲ ਕਰ ਲਈ ਗਈ।

**ਗੜ੍ਹਵਾਲ** – ਗੜ੍ਹਵਾਲ ਰਿਆਸਤ ਅੱਜ ਕਲ੍ਹ ਉੱਤਰਾਖੰਡ (ਟਿਹਰੀ ਗੜ੍ਹਵਾਲ ਜਿਲ੍ਹਾ) ਵਿੱਚ ਪੈਂਦੀ ਹੈ। ਇਸ ਦੀ ਸਥਾਪਨਾ ਸੰਨ 823 ਈਸਵੀ ਵਿੱਚ ਪੰਵਾਰ ਰਾਜਪੂਤ ਰਾਜੇ ਕਨਕ ਪਾਲ ਨੇ ਕੀਤੀ ਸੀ। ਇਸ ਦਾ ਕੁੱਲ ਖੇਤਰਫਲ 6688 ਸੁਕੇਅਰ ਕਿ.ਮੀ. ਸੀ ਤੇ ਰਾਜਧਾਨੀ ਨਰਿੰਦਰ ਨਗਰ ਸੀ। ਗੁਰੂ ਸਾਹਿਬ ਦਾ ਸਮਕਾਲੀ ਰਾਜਾ ਫਤਿਹ ਸ਼ਾਹ ਸੀ ਜੋ ਗੁਰੂ ਘਰ ਦਾ ਘੋਰ ਵਿਰੋਧੀ ਸੀ। ਉਸ ਨੇ ਤਕਰੀਬਨ ਹਰੇਕ ਯੁੱਧ ਵਿੱਚ ਗੁਰੂ ਸਾਹਿਬ ਦੇ ਖਿਲਾਫ ਹਿੱਸਾ ਲਿਆ। 1804 ਵਿੱਚ ਇਸ 'ਤੇ ਨੇਪਾਲ ਨੇ ਕਬਜ਼ਾ ਕਰ ਲਿਆ ਪਰ 1816 ਵਿੱਚ ਰਾਜੇ ਸੁਦਰਸ਼ਨ ਸ਼ਾਹ ਨੇ ਅੰਗਰੇਜ਼ਾਂ ਦੀ ਮਦਦ ਨਾਲ ਗੜ੍ਹਵਾਲ ਨੂੰ ਵਾਪਸ ਖੋਹ ਲਿਆ। ਇਸ ਦਾ ਆਖਰੀ ਰਾਜਾ ਮਨਬੇਂਦਰ ਸ਼ਾਹ ਸੀ ਤੇ 1949 ਵਿੱਚ ਇਸ ਨੂੰ ਭਾਰਤ ਵਿੱਚ ਸ਼ਾਮਲ ਕਰ ਲਿਆ ਗਿਆ।

**ਜਸਵਾਨ** – ਜਸਵਾਨ ਰਿਆਸਤ ਦੀ ਨੀਂਹ ਕਾਂਗੜਾ ਰਿਆਸਤ ਦੇ ਇੱਕ ਰਾਜਕੁਮਾਰ ਪੂਰਬ ਚੰਦ ਨੇ ਰੱਖੀ ਸੀ। ਗੁਰੂ ਸਾਹਿਬ ਵੇਲੇ ਇਸ ਦਾ ਰਾਜਾ ਲਛਮਣ ਚੰਦ ਸੀ ਤੇ ਉਸ ਨੇ ਗੁਰੂ ਸਾਹਿਬ ਦੇ ਖਿਲਾਫ ਕਈ ਯੁੱਧਾਂ ਵਿੱਚ ਭਾਗ ਲਿਆ। 1815 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਰਿਆਸਤ 'ਤੇ ਕਬਜ਼ਾ ਜਮਾ ਲਿਆ ਤੇ ਤਤਕਾਲੀ ਰਾਜੇ ਉਮੇਦ ਸਿੰਘ ਦੀ 21 ਪਿੰਡਾਂ ਦੀ ਜਾਗੀਰ ਅਤੇ 12000 ਸਲਾਨਾ ਪੈਨਸ਼ਨ ਨੀਯਤ ਕਰ ਦਿੱਤੀ। 1849 ਵਿੱਚ ਅੰਗਰੇਜ਼ਾਂ ਨੇ ਇਸ ਰਿਆਸਤ 'ਤੇ ਕਬਜ਼ਾ ਕਰ ਲਿਆ ਤੇ 1948 ਵਿੱਚ ਇਸ ਰਿਆਸਤ ਨੂੰ ਭਾਰਤ ਵਿੱਚ ਮਿਲਾ ਲਿਆ ਗਿਆ। ਇਸ ਦਾ ਆਖਰੀ ਰਾਜਾ ਸ਼ਿਵਦੇਵ ਸਿੰਘ ਸੀ। ਜਸਵਾਨ ਇਸ ਵੇਲੇ ਸੋਲਨ ਜਿਲ੍ਹੇ ਵਿੱਚ ਹੈ।

**ਹਿੰਡੂਰ (ਨਾਲਾਗੜ੍ਹ)** – ਹਿੰਡੂਰ ਇੱਕ ਛੋਟੀ ਜਿਹੀ ਰਿਆਸਤ ਸੀ ਜੋ ਹੁਣ ਸੋਲਨ ਜਿਲ੍ਹੇ ਵਿੱਚ ਹੈ। ਇਸ ਦੀ ਸਥਾਪਨਾ ਬਿਲਾਸਪੁਰ ਦੇ ਰਾਜਕੁਮਾਰ ਅਜੇ ਚੰਦ ਨੇ 1150 ਈਸਵੀ ਵਿੱਚ ਕੀਤੀ ਸੀ। 1421 ਈਸਵੀ ਤੱਕ ਇਸ ਦਾ ਨਾਮ ਹਿੰਡੂਰ ਸੀ ਪਰ 1429 ਈਸਵੀ ਵਿੱਚ ਰਾਜਾ ਬਿਕਰਮ ਚੰਦ ਨੇ ਨਾਲਾਗੜ੍ਹ ਕਿਲ੍ਹਾ ਉਸਾਰ ਕੇ ਰਾਜਧਾਨੀ ਉਥੇ ਤਬਦੀਲ ਕਰ ਲਈ ਤਾਂ ਇਸ ਦਾ ਨਾਮ ਨਾਲਾਗੜ੍ਹ ਪੈ ਗਿਆ। ਇਸ ਦਾ ਰਾਜਾ ਧਰਮ ਚੰਦ (1618 – 1701 ਈਸਵੀ) ਗੁਰੂ ਸਾਹਿਬ ਖਿਲਾਫ ਕਈ ਲੜਾਈਆਂ ਵਿੱਚ ਸ਼ਾਮਲ ਰਿਹਾ। ਇਤਿਹਾਸਕਾਰ ਉਸ ਦੀ ਭੰਗਾਣੀ ਦੇ ਯੁੱਧ ਵਿੱਚ ਮੌਤ ਹੋਣ ਬਾਰੇ ਭੁਲੇਖਾ ਖਾਂਦੇ ਹਨ। ਅਸਲ ਵਿੱਚ ਉਸ ਜੰਗ ਵਿੱਚ ਧਰਮ ਚੰਦ ਨਹੀਂ, ਬਲਕਿ ਉਸ ਦਾ ਸੈਨਾਪਤੀ ਹਰੀ ਚੰਦ ਹੰਡੂਰੀਆ ਮਾਰਿਆ ਗਿਆ ਸੀ।। 1830 ਵਿੱਚ ਇਹ ਰਿਆਸਤ ਅੰਗਰੇਜ਼ਾਂ ਦੀ ਸੁਰੱਖਿਆ ਹੇਠ ਆ ਗਈ ਤੇ 1948 ਨੂੰ ਭਾਰਤ ਵਿੱਚ ਸ਼ਾਮਲ ਕਰ ਲਈ ਗਈ।

ਉਪਰੋਕਤ ਰਿਆਸਤਾਂ ਤੋਂ ਇਲਾਵਾ ਕੁੱਲੂ, ਕੋਈਂਥਲ, ਨੂਰਪੁਰ, ਚੰਬਾ, ਬਿੱਝਰਵਾਲ, ਡਰੋਲੀ ਅਤੇ ਦੱਧਵਾਲ ਆਦਿ ਹੋਰ ਵੀ ਕਈ ਰਿਆਸਤਾਂ ਸਨ, ਪਰ ਉਨ੍ਹਾਂ ਵੱਲੋਂ ਗੁਰੂ ਸਾਹਿਬ ਦੀ ਕੋਈ ਖਾਸ ਮੁਖਾਲਫਤ ਨਹੀਂ ਸੀ ਕੀਤੀ ਗਈ।

–0–

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...




ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਸਾਕਾ ਚਮਕੌਰ ਸਾਹਿਬ: ਦੁਨੀਆਂ ਦੇ ਜੰਗੀ ਇਤਿਹਾਸ ਦੀ ਇਕ ਬੇਮਿਸਾਲ ਘਟਨਾ

**ਕੈਪਟਨ ਅਵਤਾਰ ਸਿੰਘ**

ਉਂਜ ਤਾਂ ਸਾਰਾ ਸਿੱਖ ਇਤਿਹਾਸ ਹੀ ਲਹੂ ਨਾਲ ਲਥਪਥ ਹੈ ਪਰ ਪਿਛਲੇ ਲਗਭਗ 350 ਸਾਲਾਂ ਦੌਰਾਨ ਜਿਹੜੇ ਕਹਿਰ ਸਿੱਖਾਂ ਉਤੇ ਇਕ ਕੌਮ ਦੇ ਰੂਪ ਵਿਚ ਢਾਹੇ ਗਏ ਹਨ, ਉਨ੍ਹਾਂ ਵਿਚ ਸਾਕਾ ਸਰਹਿੰਦ, ਸਾਕਾ ਚਮਕੌਰ ਸਾਹਿਬ, ਛੋਟਾ ਘੱਲੂਘਾਰਾ, ਵੱਡਾ ਘੱਲੂਘਾਰਾ ਤੇ ਸਾਕਾ ਨੀਲਾ ਤਾਰਾ ਮੁੱਖ ਤੌਰ ਤੇ ਸ਼ਾਮਲ ਹਨ। ਸਾਕਾ ਚਮਕੌਰ ਸਾਹਿਬ ਦੀ ਲੜੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ 21 ਦਸੰਬਰ, 1704 ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕੀਤਾ ਤਾਂ ਉਸ ਸਮੇਂ ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ, ਗੁਰੂ ਕੇ ਮਹਿਲ ਅਤੇ ਕਾਫ਼ੀ ਗਿਣਤੀ ਵਿਚ ਸਿੰਘ ਉਨ੍ਹਾਂ ਨਾਲ ਸਨ। ਜਦੋਂ ਇਹ ਕਾਫ਼ਲਾ ਸਰਸਾ ਨਦੀ ਪਾਰ ਕਰਨ ਲਗਿਆ ਤਾਂ ਪਿੱਛਾ ਕਰ ਰਹੀਆਂ ਮੁਗ਼ਲ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਵਹੀਰ ਤੇ ਇਕ ਭਰਵਾਂ ਹੱਲਾ ਬੋਲ ਦਿਤਾ। ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਉਦੈ ਸਿੰਘ ਸਮੇਤ ਭਾਈ ਬਚਿੱਤਰ ਸਿੰਘ ਜੀ ਨੇ ਦੁਸ਼ਮਣ ਦਾ ਡੱਟ ਕੇ ਟਾਕਰਾ ਕੀਤਾ। ਭਾਈ ਬਚਿੱਤਰ ਸਿੰਘ ਗਹਿਰੇ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਚੁੱਕ ਕੇ ਲੈ ਆਏ ਸਨ ਪਰ ਭਾਈ ਉਦੈ ਸਿੰਘ ਇਨ੍ਹਾਂ ਨੂੰ ਬਚਾਉਂਦੇ ਹੋਏ ਸ਼ਹੀਦ ਹੋ ਗਏ। ਭਾਈ ਬਚਿੱਤਰ ਸਿੰਘ ਨੂੰ ਕੋਟਲਾ ਨਿਹੰਗ ਖਾਨ ਵਿਖੇ ਛੱਡ ਕੇ ਇਹ ਵਹੀਰ ਚਮਕੌਰ ਪਹੁੰਚ ਗਈ। ਇਹ ਇਕ ਠੰਢੀ ਅਤੇ ਮੀਂਹ ਵਾਲੀ ਰਾਤ ਸੀ।

ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਘਮਸਾਨ ਦਾ ਯੁੱਧ ਹੋਇਆ। ਇਸੇ ਦੌਰਾਨ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦੇ ਵਹੀਰ ਨਾਲੋਂ ਵਿਛੜ ਜਾਂਦੇ ਹਨ। ਗੁਰੂ ਸਾਹਿਬ, ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਬਾਕੀ ਸਿੰਘ ਚਮਕੌਰ ਸਾਹਿਬ ਵਲ (ਬਰਾਸਤਾ ਰੋਪੜ ਤੇ ਬੂਰ ਮਾਜਰਾ) ਅਪਣਾ ਸਫ਼ਰ ਜਾਰੀ ਰਖਦੇ ਹਨ। ਜਦੋਂ ਇਹ ਕਾਫ਼ਲਾ ਚਮਕੌਰ ਦੀ ਜੂਹ ਅੰਦਰ ਦਾਖ਼ਲ ਹੁੰਦਾ ਹੈ ਤਾਂ ਉਸ ਸਮੇਂ ਦੋਵੇਂ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਤੋਂ ਇਲਾਵਾ ਗੁਰੂ ਸਾਹਿਬ ਨਾਲ ਸਿਰਫ਼ 40 ਸਿੰਘ ਸਨ।

ਪਿੱਛਾ ਕਰ ਰਿਹਾ ਟਿੱਡੀ ਦਲ ਮੁਗ਼ਲ ਫ਼ੌਜ ਨੇ ਆਉਂਦੇ ਹੀ ਗੜ੍ਹੀ ਨੂੰ ਘੇਰ ਲਿਆ। ਇਸ ਤਰ੍ਹਾਂ ਚਮਕੌਰ ਦੀ ਧਰਤੀ ਤੇ ਦੁਨੀਆਂ ਦੇ ਇਤਿਹਾਸ ਦੀ ਇਕ ਬੇਜੋੜ ਅਤੇ ਅਸਾਵੀਂ ਜੰਗ ਲੜੀ ਜਾਣ ਲਈ ਮੈਦਾਨ ਪੂਰੀ ਤਰ੍ਹਾਂ ਤਿਆਰ ਹੋ ਗਿਆ। ਇਸ ਅਸਾਵੀਂ ਜੰਗ ਦਾ ਜ਼ਿਕਰ ਕਰਦਿਆਂ ਗੁਰੂ ਸਾਹਿਬ 'ਜ਼ਫ਼ਰਨਾਮਾ' ਵਿਚ ਲਿਖਦੇ ਹਨ:-ਗੁਰਸਨਾ : ਚਿ ਕਾਰੇ ਕੁਨਦ ਚਿਹਲ ਨਰ।

ਕਿ ਦਹ ਲਕ ਬਰਾਯਦ ਬਰੂ ਬੇਖ਼ਬਰ।

ਭਾਵ ਭੁੱਖਣ-ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ ਜੇ ਉਨ੍ਹਾਂ ਉਤੇ ਅਚਨਚੇਤ 10 ਲੱਖ (ਅਣਗਿਣਤ) ਫ਼ੌਜ ਟੁੱਟ ਪਵੇ?

22 ਦਸੰਬਰ, 1704 ਨੂੰ ਮੁਗ਼ਲ ਫੌਜ ਨੇ ਗੜ੍ਹੀ ਤੇ ਇਕ ਭਰਵਾਂ ਹੱਲਾ ਬੋਲ ਦਿਤਾ। ਗੁਰੂ ਸਾਹਿਬ ਨੇ ਇਸ ਹਮਲੇ ਦੇ ਟਾਕਰੇ ਲਈ ਪੰਜ ਪੰਜ ਸਿੰਘਾਂ ਦੇ ਸ਼ਹੀਦੀ ਜਥੇ ਬਣਾ ਕੇ ਬਾਹਰ ਭੇਜਣੇ ਸ਼ੁਰੂ ਕਰ ਦਿਤੇ ਅਤੇ ਖ਼ੂਨ-ਡੋਲ੍ਹਵੀਂ ਲੜਾਈ ਹੋਈ। ਗੁਰੂ ਸਾਹਿਬ 'ਜ਼ਫ਼ਰਨਾਮਾ' ਵਿਚ ਲਿਖਦੇ ਹਨ ਕਿ ਹੇ ਔਰੰਗਜ਼ੇਬ! ਤੇਰੀ ਫ਼ੌਜ ਦੇ ਜਰਨੈਲ ਅਤੇ ਸਿਪਾਹੀ, ਗੜ੍ਹੀ ਦੀ ਦੀਵਾਰ ਦੀ ਓਟ ਲਈ ਅਪਣੀ ਜਾਨ ਦੀ ਖ਼ੈਰ ਮੰਗਦੇ ਰਹੇ ਅਤੇ ਜੋ ਵੀ ਕੋਈ ਦੀਵਾਰ ਦੀ ਓਟ ਤੋਂ ਜ਼ਰਾ ਬਾਹਰ ਆਇਆ, ਉਹ ਇਕੋ ਤੀਰ ਖਾ ਕੇ ਖ਼ੂਨ ਵਿਚ ਗਰਕ ਹੋ ਗਿਆ।

ਗੁਰੂ ਸਾਹਿਬ ਮੁਗ਼ਲ ਫ਼ੌਜ ਦੇ ਇਕ ਸਿਰਕੱਢ ਜਰਨੈਲ, ਨਾਹਰ ਖ਼ਾਂ ਨੂੰ ਅਪਣੇ ਤੀਰ ਦਾ ਨਿਸ਼ਾਨਾ ਬਣਾਉਣ ਦੇ ਦ੍ਰਿਸ਼ ਨੂੰ 'ਜ਼ਫ਼ਰਨਾਮਾ' ਵਿਚ ਇਉਂ ਕਲਮਬੰਦ ਕਰਦੇ ਹਨ:

ਚੁ ਦੀਦਮ ਕਿ ਨਾਹਰ ਬਿਯਾਦਮ ਬਜੰਗ।

ਚਸ਼ੀਦ : ਯਕੇ ਤੀਰ ਮਨ ਬੇਦਰੰਗ।

ਭਾਵ, ਜਦੋਂ ਮੈਂ ਨਾਹਰ ਖ਼ਾਂ ਨੂੰ ਮੈਦਾਨ-ਏ-ਜੰਗ ਵਿਚ ਆਇਆ ਵੇਖਿਆ ਤਾਂ ਉਸ ਨੇ ਫ਼ੌਰਨ ਹੀ ਮੇਰੇ ਤੀਰ ਦਾ ਸਵਾਦ ਚਖਿਆ, ਯਾਨੀ ਕਿ ਉਹ ਤੀਰ ਖਾ ਕੇ ਥਾਂ ਹੀ ਢੇਰੀ ਹੋ ਗਿਆ।

ਇਵੇਂ ਹੀ 'ਜ਼ਫ਼ਰਨਾਮਾ' ਵਿਚ ਇਕ ਹੋਰ ਪਠਾਣ ਫ਼ੌਜਦਾਰ, ਖ਼ੁਆਜਾ ਜ਼ਫ਼ਰਬੇਗ਼ ਦਾ ਜ਼ਿਕਰ ਹੈ ਜੋ ਮੈਦਾਨ ਵਿਚ ਆਉਣ ਤੋਂ ਡਰਦਾ ਹੈ। ਗੁਰੂ ਸਾਹਿਬ ਲਿਖਦੇ ਹਨ ਕਿ ਅਫ਼ਸੋਸ, ਜੇ ਮੈਂ ਉਸ ਦਾ ਚਿਹਰਾ ਵੇਖ ਲੈਂਦਾ ਤਾਂ ਇਕ ਤੀਰ ਉਸ ਨੂੰ ਵੀ ਬਖ਼ਸ਼ ਦਿੰਦਾ। ਇਤਫ਼ਾਕਵੱਸ, ਗੁਰੂ ਸਾਹਿਬ ਨੇ ਜਿਥੇ ਬੁਜ਼ਦਿਲ ਪਠਾਣਾਂ ਦਾ ਜ਼ਿਕਰ ਕੀਤਾ ਹੈ, ਉਥੇ ਇਕ ਪਠਾਣ ਜਰਨੈਲ ਵਲੋਂ ਬਹਾਦਰੀ ਨਾਲ ਹਮਲੇ ਕਰਨ ਦਾ ਵੀ ਉਚੇਚੇ ਤੌਰ ਤੇ ਵਰਣਨ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਦੇ ਟਾਕਰੇ ਲਈ ਪੰਜ-ਪੰਜ ਸਿੰਘਾਂ ਦੇ ਜਥੇ ਬਣਾ ਕੇ ਗੜ੍ਹੀ ਤੋਂ ਬਾਹਰ ਭੇਜਣੇ ਸ਼ੁਰੂ ਕਰ ਦਿਤੇ। ਇਸ ਤਰ੍ਹਾਂ ਥੱਕੇ-ਟੁੱਟੇ ਅਤੇ ਭੁੱਖਣ-ਭਾਣੇ ਸਿੰਘਾਂ ਨੇ ਸ਼ਕਤੀਸ਼ਾਲੀ ਮੁਗ਼ਲ ਫ਼ੌਜ ਨਾਲ ਬੇਮਿਸਾਲ ਤੇ ਬੇਨਜ਼ੀਰ ਟੱਕਰ ਲੈ ਕੇ ਸ਼ਹੀਦੀ ਜਾਮ ਪੀਤੇ। ਉਹ ਪਲ ਬਹੁਤ ਹੀ ਦਿਲ ਹਿਲਾਉਣ ਵਾਲੇ ਹੋਣਗੇ ਜਦੋਂ ਬਾਬਾ ਅਜੀਤ ਸਿੰਘ (17 ਸਾਲ) ਅਤੇ ਬਾਬਾ ਜੁਝਾਰ ਸਿੰਘ (14 ਸਾਲ) ਨੇ ਅਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਜੰਗ ਦੇ ਮੈਦਾਨ ਵਿਚ ਕੁੱਦ ਕੇ ਲਾੜੀ ਮੌਤ ਨੂੰ ਪਰਨਾਉਣ ਲਈ ਆਗਿਆ ਮੰਗੀ ਹੋਵੇਗੀ।

ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਨ ਹੇਠ ਭੇਜੀ ਗਈ ਟੁਕੜੀ ਵਿਚ ਭਾਈ ਆਲਮ ਸਿੰਘ ਸ਼ਾਮਲ ਸੀ। ਭਾਈ ਆਲਮ ਸਿੰਘ ਅਜਿਹੀਆਂ ਬਹੁਤ ਸਾਰੀਆਂ ਜੰਗਾਂ ਦਾ ਹੀਰੋ ਸੀ। ਸਾਹਿਬਜ਼ਾਦੇ ਨੇ ਆਉਂਦੇ ਹੀ ਰਣ ਵਿਚ ਤਰਥੱਲੀ ਮਚਾ ਦਿਤੀ। ਪਹਿਲਾਂ ਬਰਛੇ ਨਾਲ ਅਤੇ ਫਿਰ ਤਲਵਾਰ ਨਾਲ ਮੁਗ਼ਲਾਂ ਉਤੇ ਘਾਤਕ ਵਾਰ ਕੀਤੇ। ਜਦੋਂ ਵੱਡਾ ਸਾਹਿਬਜ਼ਾਦਾ ਸ਼ਹੀਦ ਹੋ ਜਾਂਦਾ ਹੈ ਤਾਂ ਛੋਟਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ, ਗੁਰੂ ਸਾਹਿਬ ਪਾਸੋਂ ਰਣ ਤੱਤੇ ਵਿਚ ਜਾਣ ਦੀ ਆਗਿਆ ਮੰਗਦਾ ਹੈ। ਗੁਰੂ ਸਾਹਿਬ ਸਾਹਿਬਜ਼ਾਦੇ ਨੂੰ ਅਪਣੇ ਹੱਥੀਂ ਜੰਗ ਲਈ ਤਿਆਰ ਕਰਦੇ ਹਨ ਅਤੇ ਅਪਣੀ ਦਿਲੀ ਤਮੰਨਾ ਦਾ ਇਜ਼ਹਾਰ ਇਉਂ ਕਰਦੇ ਹਨ:-

ਖਾਹਸ਼ ਹੈ ਤੁਮ੍ਹੇਂ ਤੇਗ਼ ਚਲਾਤੇ ਹੁਏ ਦੇਖੇਂ।

ਹਮ ਆਂਖ ਸੇ ਬਰਛੀ ਤੁਮ੍ਹੇਂ ਖਾਤੇ ਹੁਏ ਦੇਖੇਂ।

-ਅੱਲ੍ਹਾ ਯਾਰ ਖ਼ਾਂ ਜੋਗੀ

ਪੰਜ ਪਿਆਰਿਆਂ ਵਿਚੋਂ ਤਿੰਨ ਪਿਆਰੇ ਅਤੇ ਭਾਈ ਜੈਤਾ ਜੀ ਵੀ ਰਣਭੂਮੀ ਦੀ ਭੇਟ ਚੜ੍ਹ ਗਏ। ਇਸ ਤਰ੍ਹਾਂ ਲਗਭਗ ਸਾਰੇ ਸਿਦਕੀ ਸਿੰਘ ਸ਼ਹੀਦ ਹੋ ਗਏ ਪਰ ਗੁਰੂ ਸਾਹਿਬ ਨੇ ਅਪਣੇ ਪ੍ਰਾਣਾਂ ਤੋਂ ਵੀ ਪਿਆਰੇ ਕੁੱਝ ਸਿੰਘ ਅਜੇ ਵੀ ਬਚਾ ਕੇ ਰੱਖੇ ਹੋਏ ਸਨ। ਰਾਤ ਪੈਣ ਤੇ ਲੜਾਈ ਬੰਦ ਹੋ ਗਈ। ਉਸ ਸਮੇਂ ਗੜ੍ਹੀ ਵਿਚ ਗੁਰੂ ਸਾਹਿਬ ਸਮੇਤ ਕੇਵਲ 11 ਸਿੰਘ ਬਾਕੀ ਰਹਿ ਗਏ ਸਨ ਪਰ ਈ.ਸੀ. ਅਰੋੜਾ ਅਪਣੀ ਪੁਸਤਕ 'ਪੰਜਾਬ ਦਾ ਇਤਿਹਾਸ' ਦੇ ਪੰਨਾ 235 ਉਤੇ ਲਿਖਦਾ ਹੈ, 'ਅੰਤ ਗੁਰੂ ਗੋਬਿੰਦ ਸਿੰਘ ਦੇ

40 ਸਿੱਖਾਂ ਵਿਚੋਂ ਕੇਵਲ 5 ਸਿੱਖ ਜਿਊਂਦੇ ਰਹਿ ਗਏ।' ਪ੍ਰਸਿੱਧ ਵਿਦਵਾਨ ਤੇ ਖੋਜੀ ਪ੍ਰੋ: ਹਰਬੰਸ ਸਿੰਘ ਵੀ ਉਕਤ ਤੱਥ ਦੀ ਪੁਸ਼ਟੀ ਕਰਦਾ ਹੈ।

ਗਿਣਤੀ ਭਾਵੇਂ 5 ਹੋਵੇ ਜਾਂ 11, ਇਹ ਸਾਰੇ ਸਿੰਘ 22 ਦਸੰਬਰ, 1704 ਈ: ਮੁਤਾਬਕ 8 ਪੋਹ, 1761 ਬਿ: ਦੀ ਅੱਧੀ ਰਾਤ ਵੇਲੇ ਗੁਰੂ ਸਾਹਿਬ ਦੇ ਕੋਲ ਬੈਠੇ ਸਨ। ਇਨ੍ਹਾਂ ਸਿੰਘਾਂ ਨੇ ਅਪਣੇ ਵਿਚੋਂ ਹੀ ਭਾਈ ਦਇਆ ਸਿੰਘ ਦੀ ਅਗਵਾਈ ਵਿਚ ਪੰਜ ਪਿਆਰੇ ਚੁਣ ਲਏ ਅਤੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਇਨ੍ਹਾਂ ਪੰਜ ਪਿਆਰਿਆਂ ਨੇ ਗੁਰੂ ਸਾਹਿਬ ਨੂੰ ਉਸੇ ਵੇਲੇ ਗੜ੍ਹੀ ਵਿਚੋਂ ਬਚ ਕੇ ਨਿਕਲ ਜਾਣ ਲਈ ਹੁਕਮਨੁਮਾ ਬੇਨਤੀ ਕੀਤੀ। ਗੁਰੂ ਸਾਹਿਬ ਨੇ ਥੋੜ੍ਹੀ ਸੋਚ-ਵਿਚਾਰ ਤੋਂ ਬਾਅਦ ਇਸ ਬੇਨਤੀ ਨੂੰ ਖ਼ਾਲਸੇ ਦਾ ਹੁਕਮ ਮੰਨ ਕੇ ਪ੍ਰਵਾਨ ਕਰ ਲਿਆ ਅਤੇ ਅਪਣੇ ਅਸਤਰ, ਸ਼ਸਤਰ ਤੇ ਵਸਤਰ ਉਤਾਰ ਕੇ ਬਾਬਾ ਸੰਗਤ ਸਿੰਘ ਨੂੰ ਪਹਿਨਾ ਦਿਤੇ ਅਤੇ ਅਪਣੀ ਹੀਰਿਆਂ ਜੜੀ ਕਲਗੀ ਉਤਾਰ ਕੇ ਉਸ ਦੇ ਸਿਰ ਤੇ ਸਜਾ ਦਿਤੀ। ਅਜਿਹਾ ਦੁਸ਼ਮਣ ਦੀਆਂ ਫ਼ੌਜਾਂ ਨੂੰ ਭੰਬਲਭੂਸੇ ਵਿਚ ਪਾਉਣ ਦੇ ਉਦੇਸ਼ ਨਾਲ ਕੀਤਾ ਗਿਆ ਸੀ।

ਫਿਰ ਇਹ ਫ਼ੈਸਲਾ ਲਿਆ ਗਿਆ ਕਿ ਤਿੰਨ ਸਿੰਘ-ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ-ਗੁਰੂ ਸਾਹਿਬ ਦਾ ਸਾਥ ਦੇਣਗੇ ਅਤੇ ਬਾਕੀ ਸਿੰਘ ਬਾਬਾ ਸੰਗਤ ਸਿੰਘ ਸੰਗ ਗੜ੍ਹੀ ਵਿਚ ਹੀ ਟਿਕੇ ਰਹਿਣਗੇ। ਗੁਰੂ ਸਾਹਿਬ ਅਤੇ ਤਿੰਨੋਂ ਸਿੰਘ ਇਕ ਇਕ ਕਰ ਕੇ ਗੜ੍ਹੀ ਤੋਂ ਬਾਹਰ ਨਿਕਲ ਗਏ ਅਤੇ ਵਖਰੇ ਵਖਰੇ ਰਾਹ ਪੈ ਗਏ। ਗੁਰੂ ਸਾਹਿਬ 'ਜ਼ਫ਼ਰਨਾਮਾ' ਵਿਚ ਲਿਖਦੇ ਹਨ ਕਿ ਪਰਮੇਸ਼ਰ ਦੀ ਕਿਰਪਾ ਨਾਲ ਉਨ੍ਹਾਂ ਨੂੰ ਗੜ੍ਹੀ ਤੋਂ ਬਾਹਰ ਨਿਕਲਣ ਵਿਚ ਉੱਕਾ ਹੀ ਕੋਈ ਦਿੱਕਤ ਪੇਸ਼ ਨਹੀਂ ਆਈ। ਇਥੋਂ ਗੁਰੂ ਸਾਹਿਬ ਮਾਛੀਵਾੜਾ ਵਲ ਨੂੰ ਹੋ ਤੁਰੇ। ਗੜ੍ਹੀ 'ਚ ਰਹਿ ਗਏ ਬਾਕੀ ਸਿੰਘ ਵੀ ਅਗਲੀ ਸਵੇਰ ਬਹਾਦਰੀ ਦੇ ਜੌਹਰ ਵਿਖਾਉਂਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਇਹ ਰਹੀ, ਦੁਨੀਆਂ ਦੇ ਇਤਿਹਾਸ ਦੀ ਇਕ ਬੇਜੋੜ ਤੇ ਅਸਾਵੀਂ ਜੰਗ ਦੀ ਦਾਸਤਾਨ!

ਸ਼ਹਾਦਤ ਦੀ ਇਸ ਲਾਸਾਨੀ ਘਟਨਾ ਨੇ ਸਿੱਖ ਸੋਚ ਤੇ ਫ਼ਲਸਫ਼ੇ ਨੂੰ ਨਵੀਆਂ-ਨਕੋਰ ਸੇਧਾਂ ਦਿਤੀਆਂ ਕਿਉਂਕਿ ਇਸ ਘਟਨਾ ਦੇ ਤਿੱਖੇ ਪ੍ਰਤੀਕਰਮ ਵਜੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਇਹ ਨਾਅਰਾ ਦਿਤਾ ਕਿ ਜਦੋਂ ਕੋਈ ਕੰਮ ਸਾਰੇ ਹੀਲੇ-ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿਚ ਤਲਵਾਰ ਲੈਣਾ ਜਾਇਜ਼ ਹੈ। ਇਸ ਨਵੀਂ ਸੋਚ ਤੇ ਫ਼ਲਸਫ਼ੇ ਨੇ ਸਿੱਖਾਂ ਨੂੰ ਕ੍ਰਾਂਤੀਕਾਰੀ ਬਣਾ ਦਿਤਾ। ਇਸ ਤਰ੍ਹਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਮੁਗ਼ਲਾਂ ਦੀ ਤਬਾਹੀ ਲਈ ਰਾਹ ਪੱਧਰਾ ਕੀਤਾ। ਸ਼ਹੀਦ ਸੂਰਮੇ ਹਮੇਸ਼ਾ ਕਿਸੇ ਕੌਮ ਦਾ ਕੀਮਤੀ ਸਰਮਾਇਆ ਹੁੰਦੇ ਹਨ ਅਤੇ ਜ਼ਿੰਦਾ ਕੌਮਾਂ ਅਪਣੇ ਸ਼ਹੀਦਾਂ ਦੀ ਯਾਦ ਨੂੰ ਸਦਾ ਅਪਣੇ ਹਿਰਦੇ ਵਿਚ ਵਸਾਈ ਰਖਦੀਆਂ ਹਨ। ਆਉ! ਆਪਾਂ ਵੀ ਅੱਜ ਅਪਣੇ ਸ਼ਹੀਦਾਂ ਨੂੰ ਨਤਮਸਤਕ ਹੋਈਏ ਅਤੇ ਉਨ੍ਹਾਂ ਦੀ ਯਾਦ ਨੂੰ ਅਪਣੇ ਦਿਲ ਦੇ ਸੱਭ ਤੋਂ ਸਾਫ਼-ਸੁਥਰੇ ਕੋਨੇ ਵਿਚ ਸਾਂਭੀ ਰੱਖਣ ਦਾ ਪ੍ਰਣ ਲਈਏ।

-0-

# ਧਰਮ ਪੋਥੀ ਸਬੰਧੀ ਬੇਲੋੜੇ ਭਰਮ

**-ਨਿਰਮਲ ਸਿੰਘ ਸੁਰ ਸਿੰਘ 98885-20250**

ਮੇਰੀ ਹੈਰਾਨੀ ਹੱਦ ਉਦੋਂ ਨਾ ਰਹੀ ਜਦੋਂ ਸਾਡੇ ਨਾਲਦੇ ਪਿੰਡ ਬਾਬਤ ਇਸ ਗੱਲ ਦਾ ਪਤਾ ਲੱਗਾ ਕਿ ਗੁਰਦੁਆਰੇ ਚੋਂ ਅਨਾਊਂਸ-ਮੈਂਟ ਕਰਕੇ ਕਿਹਾ ਗਿਆ ਕਿ ਪਿੰਡ ਦਾ ਕੋਈ ਵੀ ਪ੍ਰਾਣੀ ਆਪਣੇ ਘਰਾਂ ਚੋਂ ਗੁਟਕਾ/ਪੋਥੀਆਂ ਲਿਆ ਕੇ ਗੁਰਦੁਆਰੇ ਛੱਡਣ ਕ੍ਰਿਪਾਲਤਾ ਨਾ ਕਰੇ।

ਜੇ ਗੱਲ ਏਥੇ ਹੀ ਮੁੱਕਦੀ ਤਾਂ ਆਪਾਂ ਕਹਿ ਸਕਦੇ ਸੀ ਕਿ ਭਾਈ (ਗ੍ਰੰਥੀ ਸਿੰਘ) ਸਾਹਿਬ ਦਾ ਫੈਸਲਾ ਕਿੰਨਾ ਦੂਰ ਅੰਦੇਸ਼ੀ ਵਾਲਾ ਹੈ, ਗੁਰਦੁਆਰੇ ਤਾਂ ਪਹਿਲਾਂ ਹੀ ਪੋਥੀਆਂ ਗੁਟਕੇ ਲੋੜ ਮੁਤਾਬਕ ਹੁੰਦੇ ਹਨ, ਕਿੰਨੀ ਚੰਗੀ ਗੱਲ ਹੈ ਕਿਉਂਕਿ ਸਾਨੂੰ ਗੁਟਕੇ ਪੋਥੀਆਂ ਘਰਾਂ 'ਚ ਰੱਖਣ ਦੀ ਆਦਤ ਪਾਉਣੀ ਚਾਹੀਦੀ ਆ। ਸ਼ਾਇਦ ! ਇਸ ਕਰਕੇ ਹੀ ਭਾਈ ਨੇ ਮਨ੍ਹਾਂ ਕਰ ਦਿੱਤਾ ਹੋਵੇਗਾ ? ਪਰ ਉਸ ਸੂਚਨਾ ਦੇ ਅਗਲੇ ਬੋਲ ਕੁੱਝ ਇਵੇਂ ਸਨ: ਸਾਧਸੰਗਤ ! ਜੇ ਇਹ ਪੋਥੀਆਂ ਤੁਸੀਂ ਘਰਾਂ ਚ ਨਹੀ ਰੱਖਣੀਆਂ ਤਾਂ ਜਿੱਥੋਂ ਲਿਆਂਦੀਆਂ ਹਨ ਓਥੇ ਹੀ ਵਾਪਸ ਛੱਡ ਆਓ ! ਪਰ ਗੁਰਦੁਆਰੇ ਰੱਖਣ ਦੀ ਕ੍ਰਿਪਾਲਤਾ ਨਾ ਕਰਨੀ। ਮੇਰੀ ਆਪਣੀ ਸੋਚ ਮੁਤਾਬਿਕ ਇੰਝ ਕਰਨ ਦੇ ਦੋ ਤਿੰਨ ਕਾਰਨ ਹੋ ਸਕਦੇ ਹਨ।

1. ਜਾਂ ਤਾਂ ਅਸਾਨੂੰ ਅਜੇ ਵੀ ਇਸ ਤਕਨਾਲਜੀ ਦੇ ਯੁੱਗ ਚ ਪੜਾਈ ਦੀ ਅਹਿਮੀਅਤ ਨਹੀ ਪਤਾ ਲੱਗੀ ? ਜਿਹੜਾ ਆਪਣੇ ਹੀ ਧਰਮ ਗ੍ਰੰਥ ਤੇ ਸਾਹਿਤ ਨੂੰ ਪੜਣ /ਸੁਣਨ /ਸਮਝਣ ਸਬੰਧੀ ਪ੍ਰੇਰਣਾ ਦੇਣ ਦੀ ਥਾਂ ਡਰ ਸੰਕੋਚ ਕਰ ਰਹੇ ਹਾਂ।

2. ਦੂਜੀ ਗੱਲ, ਧਰਮ ਪੋਥੀ ਸਬੰਧੀ ਸਾਡੇ ਚ ਪਾਇਆ ਜਾਂਦਾ ਬੇਲੋੜਾ ਭਰਮ ਜੋ ਬੜੇ ਲੰਮੇ ਸਮੇਂ ਤੋਂ ਵੇਖਣ ਸੁਣਨ ਨੂੰ ਮਿਲ ਰਿਹਾ ਹੈ ਕਿ ਜੇ ਗੁਟਕਾ/ ਪੋਥੀ ਪੜਣਾ ਨਹੀ ਤੇ ਇਕੱਲਾ ਘਰੇ ਰੱਖਣ ਦਾ ਕੀ ਫਾਇਦਾ ? ਸਗੋਂ ਇਸ ਨਾਲ ਪਾਪਾਂ ਦੇ ਭਾਗੀਦਾਰ ਬਣੀਦਾ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ! ਜਿਸ ਬਾਣੀ ਦੇ ਰਾਹੀਂ ਸਾਨੂੰ ਇਹ ਗੱਲ ਸਮਝ ਪੈਣੀ ਸੀ ਕਿ **ਹਮ ਪਾਪੀ ਤੁਮ ਪਾਪ ਖੰਡਨ .... (613)** ਓਸ ਬਾਣੀ ਨੂੰ ਪੜਣ ਸੁਣਨ ਤੇ ਘਰੇ ਰੱਖਣ ਨਾਲ ਪਾਪ ਲੱਗਣਾ ਬੜੀ ਅਜੀਬ ਜਿਹੀ ਗੱਲ ਹੈ ? ਹਾਲਾਂਕਿ ਗੈਰ ਮਤਾਂ ਦੀ ਵਿਚਾਰ ਸਾਡੇ ਤੋਂ ਬਿਲਕੁੱਲ ਉਲਟ ਹੈ, ਉਹਨਾਂ 'ਚ ਤਾਂ ਮੁਫਤ 'ਚ ਦਿੱਤਾ ਗਿਆ ਕਿਤਾਬਚਾ ਤੁਸੀਂ ਇੱਕ ਵਾਰ ਆਪਣੇ ਘਰੇ ਰੱਖ ਲਓ, ਪੜ ਜਦੋਂ ਮਰਜੀ ਲਓ?

3. ਜਾਂ ਫਿਰ ਇਸ ਗੁਰਦੁਆਰੇ ਨਾਲ ਸਬੰਧਿਤ ਸੇਵਾਦਾਰ ਗੁਟਕੇ ਪੋਥੀਆਂ ਦੀ ਸਾਂਭ ਸੰਭਾਲ ਤੋਂ ਕੰਨੀ ਕਤਰਾਉਣ ਵਾਲਾ ਆਲਸੀ ਸੁਭਾਅ ਵਾਲਾ ਹੋਵੇਗਾ /ਜਿਸਨੂੰ ਗੁਰਦੁਆਰੇ ਪੋਥੀ ਰੱਖਣ ਤੋਂ ਝਿੰਜਕ ਮਹਿਸੂਸ ਹੋ ਰਹੀ ਹੈ। ਵੈਸੇ ਗ੍ਰੰਥੀ ਸਿੰਘ ਦਾ ਮਤਲਬ ਹੀ ਇਹ ਸੀ ਗ੍ਰੰਥ ਦੀ ਸੇਵਾ ਸੰਭਾਲ ਕਰਨ ਤੇ ਉਸਨੂੰ ਪੜਣ ਪੜਾਉਣ ਵਾਲਾ। ਅਜਿਹਾ ਗ੍ਰੰਥੀ ਸਿੰਘ ਵੀ ਉਹਨਾਂ ਲੋਕਾਂ ਦੀ ਕਤਾਰ ਚ ਹੀ ਆਉਂਦਾ ਹੈ, ਜਿਹੜੇ ਲੋਕ ਭਰਮ ਗ੍ਰਸੇ ਤੇ ਗੁਰਬਾਣੀ ਗਿਆਨ ਤੋਂ ਵਾਂਝੇ ਹਨ ਤੇ ਡਰਦੇ ਮਾਰੇ ਗੁਟਕੇ ਪੋਥੀ ਨੂੰ ਘਰੇ ਰੱਖਣ ਤੋਂ ਗੁਰੇਜ ਕਰਦੇ ਹਨ।

ਜੇ ਅਸੀਂ ਆਪਣੇ ਘਰਾਂ ਤੇ ਗੁਰਦੁਆਰਿਆਂ ਵਿੱਚ ਹੀ ਪੋਥੀ ਰੱਖਣ ਤੋਂ ਡਰਦੇ ਰਹੇ ਤੇ ਫਿਰ ਹੋਰ ਕਿਹੜਾ ਟਿਕਾਣਾ ਠੀਕ ਹੈ ਜਿੱਥੇ ਗੁਟਕੇ/ ਪੋਥੀ ਦੀ ਸਾਂਭ ਸੰਭਾਲ ਹੋ ਸਕੇ ?

ਫਿਰ, ਸਾਡੀ ਆਪਣੀ ਹੀ ਵਿਰਾਸਤ ਦਾ ਕੀਮਤੀ ਸਰਮਾਇਆ ਹੱਥ ਲਿਖਤ ਬੀੜਾਂ ਤੇ ਹੋਰ ਸਿੱਖੀ ਸਾਹਿਤ ਕੁੱਝ ਸਾਡੇ ਵਿਰੋਧੀਆਂ ਨੇ 1994 ਵੇਲੇ ਸਾੜ ਦਿੱਤਾ ਤੇ ਰਹਿੰਦੀ ਖੂਹੰਦੀ ਕਸਰ ਹੁਣ ਅਸੀ ਪੂਰੀ ਕਰੀ ਜਾ ਰਹੇ ਹਾਂ/ ਬਿਰਧ ਹੋ ਚੁੱਕੇ ਸਰੂਪ, ਪੋਥੀਆਂ, ਗੁਟਕੇ, ਪੁਰਾਤਨ ਖਰੜੇ ਸਾਂਭ ਕੇ ਰੱਖਣ ਦੀ ਥਾਂ ਉਹਨਾਂ ਦਾ ਆਪਣੇ ਹੱਥੀ ਸਸਕਾਰ ਕਰ ਰਹੇ ਹਾਂ। ਜਿਸ ਦੇ ਲਈ ਭਵਿੱਖ ਸਾਨੂੰ ਕਦੇ ਵੀ ਮੁਆਫ ਨਹੀ ਕਰੇਗਾ? ਸ਼ਾਇਦ ਇਸ ਪੱਖ ਤੋਂ ਅਸੀ ਬਾਕੀ ਧਰਮਾਂ ਦੇ ਮੁਕਾਬਲੇ ਸੱਭ ਤੋਂ ਫਾਡੀ ਰਹੇ ਹਾਂ।

ਯਾਦ ਰਹੇ -ਵਿਦੇਸ਼ੀ ਹਕੂਮਤ ਦੇ ਰਾਜ ਦੌਰਾਨ ਸਰਕਾਰ ਨੂੰ ਘਰਾਂ 'ਚੋਂ ਹਥਿਆਰ ਜਮ੍ਹਾਂ ਕਰਾਉਣ ਵਾਲੇ ਨੂੰ ਘੱਟ ਤੇ ਸਾਹਿਤ ਨਾਲ ਸਬੰਧੀ ਕੋਈ ਵੀ ਕਾਇਦਾ, ਗੁਟਕਾ, ਪੋਥੀ, ਜਮ੍ਹਾਂ ਕਰਾਉਣ ਵਾਲੇ ਨੂੰ ਦੁੱਗਣੀ ਕੀਮਤ ਦਿੱਤੀ ਜਾਂਦੀ ਸੀ। ਜਿਸਦੇ ਪਿੱਛੇ ਮਨਸੂਬਾ ਇਹ ਸੀ ਕਿ ਇਹ ਲੋਕਾਂ ਨੂੰ ਮਾਰਨ ਦੀ ਲੋੜ ਨਹੀ, ਇਹਨਾਂ ਨੂੰ ਸ਼ਾਸ਼ਤਰ ਤੇ ਸ਼ਸ਼ਤਰ (ਪੋਥੀ ਤੇ ਹਥਿਆਰ) ਤੋਂ ਵਾਂਝੇ ਕਰ ਦਵੋ, ਇਹ ਆਪਣੇ ਆਪ ਹੀ ਗ਼ੁਲਾਮ ਮਾਨਸਿਕਤਾ ਵਾਲੇ ਬਣ ਜਾਣਗੇ ?

ਕਿਤੇ ਅਜੋਕਾ ਵਰਤਾਰਾ ਵੀ ਬਿਲਕੁੱਲ ਇਹਦੇ ਨਾਲ ਮਿਲਦਾ ਜੁਲਦਾ ਤੇ ਨਹੀਂ? ਜਿਸਦਾ ਕਰਕੇ ਸਾਡੇ ਮਨਾਂ 'ਚ ਆਪਣੇ ਹੀ ਧਰਮ ਦੇ ਗੁਟਕੇ/ਪੋਥੀਆਂ ਸਬੰਧੀ ਬੇਲੋੜਾ ਭਰਮ ਪਾ ਦਿੱਤਾ ਗਿਆ ਹੋਵੇ?

-0-

# ਅੰਤਰ ਧਰਮ ਸੰਵਾਦ-ਸਿਧ ਗੋਸਟਿ ਸੰਦਰਭ ਵਿੱਚ

ਰਣਜੀਤ ਸਿੰਘ # 9779888565

**ਸਿਧ ਗੋਸਟਿ ਦੀ ਬਾਣੀ ਦੇ ਵਿੱਚ ਇਸੇ ਹੀ ਪ੍ਰਕਾਰ ਦੀ ਸੰਵਾਦਕ ਦੀ ਜੁਗਤੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਜਿਸ ਦੇ ਵਿੱਚ ਕਿਸੇ ਵੀ ਪ੍ਰਕਾਰ ਦੀ ਹੀਣ ਭਾਵਨਾ ਦਾ ਪ੍ਰਗਟਾਵਾ ਨਹੀ ਕੀਤਾ ਜਾ ਰਿਹਾ ਹੈ। ਇਸ ਦੇ ਵਿੱਚ ਵੀਚਾਰਾਂ ਦੀ ਉਚਮਤਾ ਨੂੰ ਬਿਆਨ ਕੀਤਾ ਗਿਆ ਹੈ। ਇਸ ਦੇ ਵਿੱਚ ਜੋ ਸੰਵਾਦ ਹੋਇਆ ਹੈ ਉਹ ਪਰਮਾਤਮਾ ਤੱਕ ਪਹੁੰਚੀਆਂ ਰੂਹਾਂ ਦੇ ਵਿੱਚ ਵਾਪਰਿਆ ਹੈ। ਇਸ ਕਰਕੇ ਹੀ ਇਸ ਸੰਵਾਦ ਦੇ ਵਿੱਚੋਂ ਇਸ ਸੰਸਾਰ ਦੀ ਭਲਾਈ ਹੀ ਉਪਜਦੀ ਹੈ। ਇਸੇ ਤਰ੍ਹਾਂ ਦੀ ਸੰਵਾਦਕ ਜੁਗਤ ਅਗਰ ਇਸ ਸਮੁੱਚੇ ਵਿਸ਼ਵ ਦੇ ਵਿੱਚ ਹੋ ਜਾਵੇ ਤਾਂ ਇਸ ਸੰਸਾਰ ਦੀ ਅਨੇਕਤਾ ਦੇ ਵਿੱਚ ਏਕਤਾ ਦਾ ਪ੍ਰਚਾਰ ਪ੍ਰਸਾਰ ਹੋ ਸਕਦਾ ਹੈ।**

**ਸੰਵਾਦ** ਮਨੁੱਖ ਦੇ ਸਮਾਜਿਕ ਜੀਵਨ ਦਾ ਧੁਰਾ ਹੈ। ਸੰਵਾਦ ਦੇ ਜਰੀਏ ਹੀ ਮਨੁੱਖ ਆਪਣੇ ਵੀਚਾਰ ਇੱਕ ਦੂਸਰੇ ਤੱਕ ਪਹੁੰਚਾਉਣ ਦੇ ਵਿੱਚ ਸਹਾਈ ਹੁੰਦਾ ਹੈ। ਇਸ ਸੰਸਾਰ ਦੇ ਵਿੱਚ ਗਿਆਨ ਦਾ ਪ੍ਰਕਾਸ਼ ਸੰਵਾਦ ਦੇ ਨਾਲ ਹੀ ਸੰਭਵ ਹੈ। ਅੰਤਰ ਧਰਮ ਸੰਵਾਦ ਧਾਰਮਿਕ ਲੋਕਾਂ ਦੇ ਵਿੱਚ ਹੁੰਦਾ ਹੈ ਇਸ ਕਰਕੇ ਆਮ ਚਰਚਾ ਤੋਂ ਵੱਖਰਾ ਹੁੰਦਾ ਹੈ। ਸਭ ਤੋਂ ਪਹਿਲਾ ਸੰਵਾਦ ਅਤੇ ਆਮ ਚਰਚਾ ਦੇ ਵਿੱਚ ਅੰਤਰ ਸਮਝ ਲੈਣਾ ਬਹੁਤ ਜਰੂਰੀ ਹੈ। ਇਸੇ ਕਰਕੇ ਜਿਥੇ ਸੱਚੇ ਗਿਆਨ ਦੀ ਗੱਲ ਚਲਦੀ ਹੈ ਉਸੇ ਨੂੰ ਹੀ ਸੰਗਤ ਦਾ ਨਾਮ ਦਿੱਤਾ ਜਾਦਾ ਹੈ। ਇਸੇ ਤਰ੍ਹਾਂ ਜਿੱਥੇ ਆਮ ਚਰਚਾ ਹੋ ਰਹੀ ਹੋਵੇ ਉਸ ਨੂੰ ਸੰਗਤ ਨਹੀ ਆਖਿਆ ਜਾ ਸਕਦਾ। ਕਲਿਆਣਕਾਰੀ ਭਾਵਨਾ ਦੇ ਨਾਲ ਕੀਤੀ ਗਈ ਚਰਚਾ ਕਿਸੇ ਇੱਕ ਸਮੁਦਾਇ ਦੇ ਲਈ ਹੀ ਨਹੀ ਬਲਕਿ ਸਮੁੱਚੇ ਵਿਸ਼ਵ ਦੇ ਲਈ ਲਾਹੇਵੰਦ ਸਾਬਿਤ ਹੁੰਦੀ ਹੈ। ਉਹਨਾਂ ਕਲਿਆਣਕਾਰੀ ਪੁਰਖਾਂ ਦੇ ਲਈ ਸਮੁੱਚਾ ਵਿਸ਼ਵ ਹੀ ਆਪਣਾ ਘਰ ਹੁੰਦਾ ਹੈ। ਇਸ ਸੰਸਾਰ ਦੇ ਧਰਮ ਗ੍ਰੰਥਾਂ ਦੇ ਵਿੱਚ ਇਸੇ ਸੰਵਾਦ ਦੀ ਪ੍ਰਕਿਰਿਆ ਨੂੰ ਅਪਣਾਇਆ ਗਿਆ ਹੈ। ਇਸੇ ਹੀ ਪ੍ਰਸੰਗ ਦੇ ਵਿੱਚ ਹਿੰਦੂ ਧਰਮ ਦੇ ਵੇਦ, ਇਸਾਈ ਧਰਮ ਦੀ ਬਾਈਬਲ, ਇਸਲਾਮ ਦੀ ਕੁਰਾਨ, ਜੈਨ ਧਰਮ ਦੇ ਆਗਮ, ਬੁਧ ਧਰਮ ਦੇ ਤ੍ਰਿਪਿਟਕ ਅਤੇ ਸਿੱਖ ਧਰਮ ਦੇ ਗੁਰੂ ਗ੍ਰੰਥ ਸਾਹਿਬ ਸਾਡੇ ਸਾਹਮਣੇ ਮੌਜੂਦ ਹਨ। ਇਸ ਦੀ ਪ੍ਰਤੱਖ ਉਦਾਹਰਨ ਸਾਨੂੰ ਗੁਰੂ ਨਾਨਕ ਸਾਹਿਬ ਦੇ ਉਹਨਾਂ ਬਚਨਾ ਤੋਂ ਮਿਲਦੀ ਹੈ ਜਿਸ ਵਿੱਚ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਜਦੋਂ ਤੱਕ ਜੀਵ ਇਸ ਸੰਸਾਰ ਦੇ ਵਿੱਚ ਜੀਵਨ ਯਾਤਰਾ ਤੈਅ ਕਰ ਰਿਹਾ ਹੈ ਉਸ ਸਮੇਂ ਤੱਕ ਉਹ ਆਪਣੇ ਵਿਚਾਰਾਂ ਦੀ ਸਾਂਝ ਇੱਕ ਦੂਜੇ ਨਾਲ ਬਣਾ ਕੇ ਰੱਖੇ। ਇਸੇ ਤਰਾਂ ਹੀ ਜੀਵਨ ਦਾ ਨਿਰਬਾਹ ਚੱਲਦਾ ਹੈ।

**ਜਬ ਲਗੁ ਦੁਨੀਆ ਰਹੀਐ ਨਾਨਕ**
**ਕਿਛੁ ਸੁਣੀਐ ਕਿਛੁ ਕਹੀਐ॥ (661)**

ਸੰਵਾਦ ਦੇ ਬਾਰੇ ਗੱਲ ਕਰਨ ਤੋਂ ਪਹਿਲਾ ਇਹ ਜਾਨਣਾ ਬਹੁਤ ਜਰੂਰੀ ਹੈ ਕਿ ਸੰਵਾਦ ਸ਼ਬਦ ਦਾ ਕੀ ਅਰਥ ਹੁੰਦਾ ਹੈ।1 ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਦੇ ਵਿੱਚ ਸੰਵਾਦ ਦੇ ਅਰਥ ਪ੍ਰਸ਼ਨ ਉਤਰ,ਚਰਚਾ ਅਤੇ ਖਬਰ ਸਮਾਚਾਰ ਕਰਦੇ ਹਨ। ਡਾ.ਗੁਰਮੀਤ ਸਿੰਘ ਸਿੱਧੂ ਆਪਣੇ ਲੇਖ2 Emerging Trends in the Study of Religion:An Interfaith Perspective ਦੇ ਵਿੱਚ ਸੰਵਾਦ (Dialogue) ਦੇ ਅਰਥ David Bohm ਦੀ ਪੁਸਤਕ On Dialouge ਦੇ ਵਿੱਚੋਂ ਇਸ ਤਰਾ ਕਰਦੇ ਹਨ। Dialogue ਸ਼ਬਦ ਗ੍ਰੀਕ ਭਾਸ਼ਾ ਦਾ ਸ਼ਬਦ ਹੈ। ਇਸ ਦੇ ਵਿੱਚ ਉਹ Dialogue ਸ਼ਬਦ ਨੂੰ ਦੋ ਹਿੱਸਿਆਂ ਦੇ ਵਿੱਚ ਵੰਡ ਕੇ ਵੇਖਦੇ ਹਨ। Logos ਦੇ ਅਰਥ ਹਨ 'the world' ਸਾਰਾ ਸੰਸਾਰ। 'Dia' ਦੇ ਅਰਥ ਕਰਦੇ ਹੋਏ ਲਿਖਦੇ ਹਨ 'though' ਇਸ ਦੇ ਵਿੱਚ ਇਹ ਜਰੂਰੀ ਨਹੀ ਕੇ ਸੰਵਾਦ ਕੇਵਲ ਦੋ ਵਿਅਕਤੀਆਂ ਦੇ ਵਿੱਚ ਹੀ ਹੋ ਸਕਦਾ ਹੈ। ਸੰਵਾਦ ਇਕੱਲਾ ਮਨੁੱਖ ਵੀ ਆਪਣੀ ਅੰਤਰ ਆਤਮਾ ਦੇ ਨਾਲ ਕਰ ਸਕਦਾ ਹੈ।

ਇਸ ਸਮੁੱਚੇ ਸੰਸਾਰ ਦੇ ਇਤਿਹਾਸ ਦੇ ਉਪਰ ਝਾਤ ਮਾਰੀ ਜਾਵੇ ਤਾ ਪਤਾ ਚਲਦਾ ਹੈ ਕਿ ਜਿਥੇ ਗੱਲਬਾਤ ਦੇ ਰਾਂਹੀ ਮਸਲੇ ਹੱਲ ਨਹੀ ਹੋਏ ਉਥੇ ਇਸ ਦੇ ਬੜੇ ਹੀ ਗੰਭੀਰ ਸਿੱਟੇ ਨਿਕਲੇ ਹਨ। ਇਸ ਸੰਸਾਰ ਦੇ ਵਿੱਚ ਹੋਇਆ ਪਹਿਲਾ ਤੇ ਦੂਜਾ ਵਿਸ਼ਵ ਯੁੱਧ ਇਸ ਦੀਆਂ ਪ੍ਰਤੱਖ ਉਦਾਹਰਣਾਂ ਹਨ। ਸੰਸਾਰ ਯੁੱਧ ਤੋਂ ਇਲਾਵਾ ਅਗਰ ਇੱਕ ਆਮ ਘਰ ਦੀ ਵੀ ਉਦਾਹਰਨ ਵੀ ਲਈਏ ਤਾਂ ਵੀ ਜਿਥੇ ਇੱਕ ਦੂਜੇ ਦੀ ਸੁਣੀ ਮੰਨੀ ਨਾ ਜਾਵੇ ਉਹ ਘਰ, ਘਰ ਨਹੀ ਰਹਿੰਦਾ ਹੈ। ਇਸੇ ਕਰਕੇ ਇਸ ਸੰਸਾਰ ਨੂੰ ਤੀਜੇ ਵਿਸ਼ਵ ਯੁੱਧ ਤੋਂ ਬਚਾਉਣ ਦੇ ਲਈ ਕਈ ਪ੍ਰਮੁੱਖ ਦੇਸ਼ਾਂ ਨੇ ਮਿਲ ਕੇ ਇੱਕ ਸੰਸਥਾ ਬਣਾਈ ਹੈ। ਜਿਸ ਦਾ ਨਾਮ U.N.O ਹੈ। ਇਸ ਸੰਸਥਾ ਦਾ ਪ੍ਰਮੁੱਖ ਕਾਰਜ ਇਸ ਸੰਸਾਰ ਦੇ ਗੰਭੀਰ ਮਸਲਿਆਂ ਨੂੰ ਗੱਲਬਾਤ ਦੇ ਰਾਹੀਂ ਹੱਲ ਕਰਨਾ ਹੈ।

ਅੱਜ ਦੇ ਸਮੇਂ ਨੂੰ ਵਿਗਿਆਨਕ ਯੁੱਗ ਆਖਿਆ ਜਾਂਦਾ ਹੈ । ਅੱਜ ਮਨੁੱਖ ਦਿਨਾਂ ਦੀ ਦੂਰੀ ਘੰਟਿਆਂ ਦੇ ਵਿੱਚ ਤੈਅ ਕਰ ਲੈਦਾ ਹੈ।ਅਜੋਕੇ ਸਮੇ ਦੇ ਅੰਦਰ ਆਵਾਜਾਈ ਤੇਜ ਤੋਂ ਤੇਜ ਸਾਧਨ ਵਿਕਸਿਤ ਹੋ ਚੁੱਕੇ ਹਨ।ਦੁਨੀਆਂ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਤੱਕ ਪਹੁੰਚਣਾ ਸੁਖਾਲਾ ਹੋ ਗਿਆ ਹੈ।ਅੱਜ ਇਨਸਾਨ ਇੱਕ ਦੂਜੇ ਦੇ ਧਰਮ ਤੇ ਸਭਿਅਤਾ ਨੂੰ ਸਮਝਣ ਦੀਆਂ ਕੋਸ਼ਿਸ਼ਾਂ ਦੇ ਵਿੱਚ ਲੱਗੇ ਹੋਏ ਹਨ।ਇਸ ਕੰਮ ਦੇ ਲਈ ਅਨੇਕਾਂ ਖੋਜ ਕਾਰਜ ਵਿਸ਼ਵ ਵਿਦਿਆਲਿਆਂ ਵਿੱਚ ਹੋ ਰਹੇ ਹਨ।ਇਸ ਕਰਕੇ ਅੱਜ ਦੇ ਸਮੇਂ ਵਿੱਚ ਅੰਤਰ ਧਰਮ ਸੰਵਾਦ ਦੀ ਸਭ ਤੋਂ ਜਿਆਦਾ ਜ਼ਰੂਰਤ ਹੈ। ਧਰਮ ਮਨੁੱਖ ਦੀ ਆਰੰਭ ਤੋਂ ਹੀ ਜ਼ਰੂਰਤ ਰਿਹਾ ਹੈ। ਇਸ ਦੇ ਨਾਲ ਮਨੁੱਖ ਦੀ ਇਹ ਵੀ ਭਾਵਨਾ ਹੁੰਦੀ ਹੈ ਕਿ ਉਹ ਆਪਣੇ ਧਰਮ ਦੇ ਨਾਲ ਨਾਲ ਦੂਸਰੇ ਦੇ ਧਰਮ ਨੂੰ ਸਮਝਣ ਦਾ ਯਤਨ ਕਰੇ। ਇਸ ਦੇ ਲਈ ਸਭ ਤੋਂ ਜਰੂਰੀ ਤੱਥ ਇਹ ਹੈ ਕਿ ਮਨੁੱਖ ਦੇ ਮਨ ਦੇ ਵਿੱਚ ਦੂਸਰੇ ਦੇ ਧਰਮ ਪ੍ਰਤੀ ਵੀ ਸਤਿਕਾਰ ਦੀ ਭਾਵਨਾ ਪੈਦਾ ਹੋਣੀ ਚਾਹੀਦੀ ਹੈ। ਇਸ ਦੇ ਲਈ ਬੇਸ਼ੱਕ ਉਸ ਇਨਸਾਨ ਦੇ ਮਨ ਦੇ ਵਿੱਚ ਉਸ ਦੂਸਰੇ ਧਰਮ ਦੇ ਅਕੀਦੇ ਦੇ ਵਿੱਚ ਵਿਸ਼ਵਾਸ ਨਾ ਹੋਵੇ। ਇਨਸਾਨੀ ਜੀਵਨ ਦੀ ਇਹ ਸੋਚ ਰਹੀ ਹੈ ਕਿ ਉਹ ਆਪਣੇ ਧਰਮ ਨੂੰ ਦੂਸਰੇ ਧਰਮਾਂ ਦੇ ਮੁਕਾਬਲੇ ਵੱਡਾ ਤੇ ਵਧੀਆ ਸਮਝਦਾ ਹੈ। ਡਾ. ਕਵਲਜੀਤ ਕੌਰ ਆਪਣੇ ਲੇਖ "ਸਿਧ ਗੋਸਟਿ ਵਿੱਚ ਅੰਤਰ ਮਤ ਸੰਵਾਦ ਦਾ ਉਦੇਸ਼" ਵਿੱਚ ਲਿਖਦੇ ਹਨ।"ਅੰਤਰ ਮਤ ਸੰਵਾਦ ਵਿੱਚ ਮੁੱਖ ਗੱਲ ਇਹ ਹੁੰਦੀ ਹੈ ਕਿ ਆਪਣੇ ਧਰਮ ਨੂੰ ਮਹੱਤਤਾ ਨਾ ਦਿੱਤੀ ਜਾਵੇ ਬਲਕਿ ਦੂਜੀਆਂ ਧਾਰਮਿਕ ਸੰਪ੍ਰਦਾਵਾਂ ਦੇ ਵੀਚਾਰਾਂ ਨੂੰ ਸਮਝਣ ਦਾ ਯਤਨ ਕੀਤਾ ਜਾਵੇ"।3

---

1. ਭਾਈ ਕਾਨ੍ਹ ਸਿੰਘ ਨਾਭਾ,ਗੁਰਸ਼ਬਦ ਰਤਨਾਕਰ ਮਹਾਨਕੋਸ਼,ਪੰਨਾ 914
2. ਸਿੱਧੂ ਗੁਰਮੀਤ ਸਿੰਘ, Emerging Trends in the study of Religion: An Interfaith Perspective, International Journal of Multi disciplinary Approach and Studies
3. ਕਵਲਜੀਤ ਕੌਰ,ਸਿਧ ਗੋਸਟਿ ਬਹੁਪੱਖੀ ਅਧਿਐਨ, ਸ਼ਸ਼ੀ ਬਾਲਾ (ਸੰਪਾ.),ਗੁਰੂ ਨਾਨਕ ਸਾਹਿਬ ਯੂਨੀਵਰਸਿਟੀ ਅੰਮ੍ਰਿਤਸਰ,2006,ਪੰਨਾ-194

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਸਿੱਧ ਗੋਸਟਿ ਦੇ ਵਿੱਚ ਵੀ ਸੰਵਾਦ ਦੀ ਪ੍ਰਕਿਰਿਆ ਨੂੰ ਪ੍ਰਸਤੁਤ ਕੀਤਾ ਗਿਆ ਹੈ। ਅਗਰ ਸਮੁੱਚੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਧਿਆਨ ਦੇ ਨਾਲ ਵੀਚਾਰਿਆ ਜਾਵੇ ਤਾਂ 1430 ਪੰਨਿਆਂ ਦੇ ਵਿੱਚੋਂ ਇਸੇ ਹੀ ਸੰਵਾਦ ਦੀ ਝਲਕ ਪੈਂਦੀ ਹੈ। ਇਹ ਸੰਵਾਦ ਦੀ ਪ੍ਰਕਿਰਿਆ ਕੇਵਲ ਸਿੱਖਾਂ ਵਾਸਤੇ ਹੀ ਨਹੀ ਬਲਕਿ ਸਮੁੱਚੇ ਵਿਸ਼ਵ ਦੇ ਲਈ ਲਾਹੇਵੰਦ ਹੈ। ਸਿਧ ਗੋਸਟਿ ਬਾਣੀ ਰਾਮਕਲੀ ਰਾਗ ਦੇ ਵਿੱਚ ਦਰਜ ਹੈ। ਇਹ ਬਾਣੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰਬਰ 938 ਦੇ ਉਪਰ ਦਰਜ ਹੈ।ਇਸ ਬਾਣੀ ਦੀਆਂ 73 ਪਉੜੀਆਂ ਹਨ।

ਸਿਧ ਗੋਸਟਿ ਬਾਣੀ ਦੇ ਭਾਵ ਨੂੰ ਜਾਨਣ ਤੋਂ ਪਹਿਲਾਂ ਇਹ ਜਾਨਣਾ ਬਹੁਤ ਜਰੂਰੀ ਹੈ ਕਿ ਸਿਧ ਤੇ ਗੋਸਟਿ ਦੇ ਕੀ ਅਰਥ ਹਨ ਸਿਧ ਦੇ ਅਰਥ ਹਨ- ਧਾ ਜਾਣਾ, ਆਗਯਾ ਕਰਨਾ,ਉਪਦੇਸ਼ ਦੇਣਾ, ਮੰਗਲ ਕਰਮ ਕਰਨਾ, ਖੁਸ਼ ਹੋਣਾ, ਸਿੱਧੀ ਨੂੰ ਪ੍ਰਾਪਤ ਹੋਇਆ। ਇਸ ਦੇ ਨਾਲ ਹੀ ਗੋਸ਼ਟਿ ਦੇ ਅਰਥ ਹਨ- ਗੋਸ਼ਾਲਾ, ਸਭਾ, ਮਜਲਿਸ, ਸਭਾ ਵਿੱਚ ਵਾਰਤਾਲਾਪ ਜਾਂ ਚਰਚਾ।4

ਸਿਧ ਗੋਸਟਿ ਬਾਣੀ ਦੇ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਸਿੱਧਾਂ ਦੇ ਨਾਲ ਹੋਈ ਵੀਚਾਰ ਚਰਚਾ ਦੀ ਜਾਣਕਾਰੀ ਮਿਲਦੀ ਹੈ। ਸਿਧ ਗੋਸਟਿ ਬਾਣੀ ਦੇ ਅਰਥ ਭਾਈ ਕ੍ਹਾਨ ਸਿੰਘ ਨਾਭਾ ਮਹਾਨ ਕੋਸ਼ ਦੇ ਵਿੱਚ ਕਰਦੇ ਹਨ "ਸਿੱਧਾਂ ਦੀ ਸਭਾ,ਸਿਧਾ ਦੇ ਨਾਲ ਪ੍ਰਸ਼ਨ ਉੱਤਰ"।5 ਇਹ ਬਾਣੀ ਗੁਰੂ ਨਾਨਕ ਸਾਹਿਬ ਜੀ ਵਲੋਂ ਕਰਤਾਰਪੁਰ ਵਿਖੇ ਰਚੀ ਗਈ ਮੰਨੀ ਜਾਦੀ ਹੈ। ਸਿਧ ਗੋਸਟਿ ਬਾਣੀ ਗੁਰੂ ਨਾਨਕ ਸਾਹਿਬ ਦੁਆਰਾ ਕੀਤੀਆਂ ਗਈਆਂ ਚਾਰ ਗੋਸਟਾਂ ਦਾ ਨਿਚੋੜ ਹੈ।ਇਸ ਬਾਣੀ ਵਿੱਚ ਗੁਰੂ ਨਾਨਕ ਸਾਹਿਬ ਜੀ ਲਿਖਦੇ ਹਨ ਕਿ ਸਿੱਧਾਂ ਨੇ ਉਹਨਾਂ ਨੂੰ ਕਿਹੜੇ-ਕਿਹੜੇ ਪ੍ਰਸ਼ਨ ਕੀਤੇ ਤੇ ਉਹਨਾਂ ਨੇ ਪ੍ਰਸ਼ਨਾ ਦੇ ਕੀ ਉੱਤਰ ਦਿਤੇ ਸਨ।ਇਸ ਬਾਣੀ ਦੇ ਵਿੱਚ ਪਹਿਲੀ ਪਉੜੀ ਮੰਗਲਾਚਰਨ ਵਜੋਂ ਉਚਾਰਨ ਕੀਤੀ ਗਈ ਹੈ। ਇਸ ਪਉੜੀ ਦੇ ਵਿੱਚ ਸਿਧ ਸਭਾ ਦੀ ਵਡਿਆਈ ਨੂੰ ਬਿਆਨ ਕਰਦਿਆਂ ਹੋਇਆਂ ਪਰਮਾਤਮਾ ਦੇ ਮਿਲਾਪ ਦਾ ਰਸਤਾ ਬਿਆਨ ਕੀਤਾ ਗਿਆ ਹੈ। ਇਸ ਤੋਂ ਬਾਅਦ ਦੂਸਰੀ ਪਉੜੀ ਤੋਂ ਪ੍ਰਸ਼ਨ-ਉਤਰਾਂ ਦੀ ਪ੍ਰਕਿਰਿਆ ਸੁਰੂ ਹੁੰਦੀ ਹੈ। ਇਸ ਦੇ ਵਿੱਚ ਕਈ ਪ੍ਰਮੁੱਖ ਜੋਗੀ ਗੁਰੂ ਨਾਨਕ ਸਾਹਿਬ ਜੀ ਨੂੰ ਪ੍ਰਸ਼ਨ ਕਰਦੇ ਹਨ ਤੇ ਗੁਰੂ ਜੀ ਉਸ ਦਾ ਉੱਤਰ ਦਿੰਦੇ ਹਨ। ਇਹਨਾਂ ਪਉੜੀਆਂ ਦੇ ਵਿੱਚ ਜੋਗੀ ਗੁਰੂ ਜੀ ਨੂੰ ਉਹਨਾਂ ਦੇ ਮੱਤ ਬਾਰੇ ਅਤੇ ਇਸ ਸੰਸਾਰ ਤੋਂ ਪਾਰ ਹੋਣ ਦੇ ਲਈ ਕੀ ਰਸਤਾ ਹੈ ਇਸ ਦੇ ਬਾਰੇ ਜਾਣਕਾਰੀ ਲੈਣ ਦਾ ਯਤਨ ਕਰਦੇ ਹਨ। ਇਹ ਪ੍ਰਸ਼ਨ-ਉੱਤਰ ਪਉੜੀ ਨੰਬਰ 23 ਤੱਕ ਚਲਦੇ ਹਨ। ਇਸ ਤੋਂ ਬਾਅਦ ਪਉੜੀ ਨੰਬਰ 42 ਤੱਕ ਕੋਈ ਵੀ ਪ੍ਰਸ਼ਨ-ਉੱਤਰ ਕੀਤਾ ਹੋਇਆ ਨਹੀ ਮਿਲਦਾ ਹੈ ਇਸ ਦੇ ਵਿੱਚ ਗੁਰੂ ਜੀ ਆਪਣੇ ਮੱਤ ਦੀ ਆਪ ਵਿਆਖਿਆ ਕਰਦੇ ਹਨ। ਪਉੜੀ ਨੰਬਰ 43 ਤੋਂ ਲੈ ਕੇ ਪਉੜੀ ਨੰਬਰ 49 ਤੱਕ ਫਿਰ ਪ੍ਰਸ਼ਨ-ਉੱਤਰ ਦੀ ਪ੍ਰਕਿਰਿਆ ਨੂੰ ਦਹੁਰਾਇਆ ਗਿਆ ਹੈ। ਇਸ ਤੋਂ ਬਾਅਦ ਅਗਲੀਆਂ ਪੰਜ ਪਉੜੀਆਂ 50 ਤੋਂ 54 ਤੱਕ ਗੁਰੂ ਜੀ ਪ੍ਰਭੂ ਦੀ ਯਾਦ ਦੀ ਮਹੱਤਤਾ ਉਪਰ ਜੋਰ ਦਿੰਦੇ ਹਨ। ਇਸ ਤੋਂ ਬਾਅਦ ਪਉੜੀ ਨੰਬਰ 71 ਤੱਕ ਗੁਰੂ ਜੀ ਜੋਗੀਆਂ ਦੇ ਨਾਲ ਕੀਤੇ ਗਏ ਸਵਾਲ ਜਵਾਬ ਦੀ ਚਰਚਾ ਕਰਦੇ ਹਨ। ਪਉੜੀ ਨੰਬਰ 72 ਦੇ ਵਿੱਚ ਸਾਰੀ ਚਰਚਾ ਦਾ ਸਾਰ ਤੱਤ ਦਿੱਤਾ ਹੋਇਆ ਹੈ। ਪਰਮਾਤਮਾ ਦੀ ਯਾਦ ਬਿਨਾਂ ਉਸ ਦੇ ਨਾਲ ਮਿਲਾਪ ਨਹੀਂ ਕੀਤਾ ਜਾ ਸਕਦਾ ਹੈ। ਪਰਮਾਤਮਾ ਦੇ ਨਾਮ ਦੀ ਦਾਤ ਸਤਿਗੁਰੂ ਦੀ ਬਖਸ਼ਿਸ ਦੇ ਨਾਲ ਹੀ ਪ੍ਰਾਪਤ ਹੁੰਦੀ ਹੈ। ਸਿਧ ਗੋਸਟਿ ਬਾਣੀ ਦੀ ਸਭ ਤੋਂ ਪਹਿਲੀ ਪਉੜੀ ਦੇ ਵਿੱਚ ਮੰਗਲਾਚਰਨ ਕੀਤਾ ਗਿਆ ਹੈ। ਇਸੇ ਹੀ ਤਰਾਂ ਅਖੀਰਲੀ ਪਉੜੀ ਦੇ ਵਿੱਚ ਪ੍ਰਭੂ ਦੀ ਵਡਿਆਈ ਕੀਤੀ ਗਈ ਹੈ।ਉਹ ਪਰਮਾਤਮਾ ਬੇਅੰਤ ਤਾਕਤਾਂ ਦਾ ਮਾਲਕ ਹੈ। ਉਹ ਕਿੰਨਾ ਵੱਡਾ ਹੈ ਇਸ ਬਾਰੇ ਉਹ ਆਪ ਹੀ ਜਾਣਦਾ ਹੈ।

ਸਿਧ ਗੋਸਟਿ ਦੀ ਬਾਣੀ ਦੇ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਕਈ ਬੜੇ ਹੀ ਮਹੱਤਵਪੂਰਨ ਵਿਸ਼ਿਆਂ ਦੇ ਉਪਰ ਵੀਚਾਰ ਕੀਤੀ ਹੈ। ਗੁਰੂ ਜੀ ਜੋਗ ਮਤ ਅਤੇ ਗੁਰਮਤਿ ਦੇ ਵਿੱਚ ਸਿਧਾਤਕ ਅੰਤਰ ਨੂੰ ਬਿਆਨ ਕਰਦੇ ਹਨ। ਗੁਰੂ ਜੀ ਉਸ ਅੰਤਰ ਨੂੰ ਬੜੇ ਹੀ ਸੁੰਦਰ ਢੰਗ ਦੇ ਨਾਲ ਵਰਣਨ ਕਰਦੇ ਹਨ। ਇਸ ਕਰਕੇ ਸਿਧ ਗੋਸਟਿ ਬਾਣੀ ਦੇ ਵਿੱਚੋਂ ਬੜੇ ਹੀ ਸੁੰਦਰ ਸੰਵਾਦ ਦੀ ਝਲਕ ਪੈਦੀ ਹੈ। ਇਹ ਉਹ ਸੰਵਾਦਿਕ ਵਰਤਾਰਾ ਹੈ ਜਿਸ ਦੀ ਇਸ ਸੰਸਾਰ ਦੀ ਲੋਕਾਈ ਨੂੰ ਬਹੁਤ ਜਿਆਦਾ ਜਰੂਰਤ ਭਾਸਦੀ ਹੈ। ਡਾ.ਜੋਧ ਸਿੰਘ ਜੀ ਲਿਖਦੇ ਹਨ "ਸਿਧ ਗੋਸਟਿ ਵਿੱਚ ਧਰਤੀ ਤੋਂ ਲੈ ਕੇ ਆਕਾਸ਼ ਤੱਕ ਦੀਆਂ ਸਮੱਸਿਆਵਾਂ ਉੱਤੇ ਚਰਚਾ ਕੀਤੀ ਗਈ ਹੈ ਪਰ ਕਿਤੇ ਵੀ ਕੌੜਾਪਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਇਸਦਾ ਕੇਵਲ ਇੱਕ ਹੀ ਕਾਰਨ ਹੈ ਕਿ ਸੰਬਾਦ ਰਚਾਉਣ ਵਾਲੇ ਬਬੇਕ ਬੁੱਧੀ ਦੇ ਮਾਲਕਾਂ ਨੂੰ ਨਾ ਤਾਂ ਕਿਤੇ ਗੱਦੀਆਂ ਦਾ ਲਾਲਚ ਹੈ ਅਤੇ ਨਾ ਹੀ ਉਨ੍ਹਾ ਅੰਦਰ ਖੋਖਲਾਪਨ ਹੈ"।6

ਸਿਧ ਗੋਸਟਿ ਬਾਣੀ ਦੇ ਕੇਂਦਰੀ ਭਾਵ ਦੀ ਗੱਲ ਕਰੀਏ ਤਾਂ ਉਹ ਇਸ ਬਾਣੀ ਦੀਆਂ ਰਹਾਉ ਦੀਆਂ ਤੁਕਾਂ ਤੋਂ ਸਾਫ ਹੋ ਜਾਂਦਾ ਹੈ। ਗੁਰੂ ਜੀ ਇਹਨਾਂ ਦੇ ਵਿੱਚ ਇਹ ਸਮਝਾਉਣ ਦਾ ਯਤਨ ਕਰਦੇ ਹਨ ਕਿ ਇਸ ਸੰਸਾਰ ਦੇ ਵਿੱਚ ਪਰਮਾਤਮਾ ਦੇ ਨਾਮ ਤੋਂ ਬਿਨਾਂ ਕੋਈ ਸੁੱਚਾ ਤੇ ਵੱਡਾ ਨਹੀ ਹੈ। ਗੁਰੂ ਜੀ ਆਪਣੀ ਇਸ ਬਾਣੀ ਦੇ ਵਿੱਚ ਪਰਮਾਤਮਾ ਦੀ ਬੇਅੰਤਤਾਈ ਅਤੇ ਉਸ ਦੀ ਤਾਕਤ ਨੂੰ ਬਿਆਨ ਕਰਦੇ ਹਨ। ਇਸ ਦੇ ਨਾਲ ਹੀ ਉਹ ਉਸ ਦੀ ਖਲਕਤ ਦੇ ਨਾਲ ਪਿਆਰ ਕਰਨ ਦਾ ਉਪਦੇਸ਼ ਦੇ ਰਹੇ ਹਨ। ਗੁਰੂ ਜੀ ਬਾਣੀ ਦੇ ਵਿੱਚ ਸ਼ਬਦ ਦੀ ਵਡਿਆਈ ਨੂੰ ਬਿਆਨ ਕਰਨ ਦਾ ਯਤਨ ਕਰਦੇ ਹਨ ਕਿਉਕਿ ਸ਼ਬਦ ਹੀ ਹੈ ਜੋ ਕਦੇ ਵੀ ਨਾਸ਼ ਨਹੀ ਹੁੰਦਾ ਹੈ।



4. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨੇ 734,1556
5. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 735
6. ਜੋਧ ਸਿੰਘ, ਧਰਮ ਭਾਸ਼ਾ ਅਤੇ ਸਰੂਪ, ਧਰਮ ਅਧਿਐਨ ਅਕਾਦਮਿਕ-ਪਰਿਪੇਖ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1997, ਪੰਨਾ 12

ਸਿਧ ਗੋਸ਼ਟਿ ਬਾਣੀ ਦੇ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਸਿਧਾਂ ਦੇ ਨਾਲ ਪ੍ਰਮੁੱਖ ਤੋਰ ਤੇ ਇਹਨਾ ਵਿਸ਼ਿਆਂ ਦੇ ਉਪਰ ਸੰਵਾਦ ਹੋਇਆ ਹੈ। ਸਿਧਾਂ ਨੇ ਗੁਰੂ ਜੀ ਨੂੰ ਸਵਾਲ ਕੀਤੇ ਸਨ 1.ਤੁਹਾਡਾ ਮਤ ਕੀ ਹੈ ਅਤੇ ਉਸਦਾ ਮਨੋਰਥ ਕੀ ਹੈ? 2.ਤੁਹਾਡੇ ਮਤ ਅਨੁਸਾਰ ਕਿਸ ਤਰਾਂ ਸੰਸਾਰ ਸਮੁਦੰਰ ਤੋਂ ਪਾਰ ਲੰਘੀਦਾ ਹੈ? 3.ਇਹ ਕਿਸ ਤਰਾਂ ਪਤਾ ਲੱਗਦਾ ਹੈ ਕਿ ਗੁਰੂ ਮਿਲ ਗਿਆ ਹੈ? 4.ਉਹ ਕੌਣ ਹੈ ਜਿਸ ਨੂੰ ਤੁਸੀਂ ਭਰਪੂਰ ਰਹਿਆ ਆਖਦੇ ਹੋ? 5.ਇਹ ਜੀਵ ਕਿਵੇਂ ਐਸਾ ਬੱਝਾ ਹੈ ਕਿ ਸਪਣੀ ਮਾਇਆ ਇਸ ਨੂੰ ਖਾਈ ਜਾ ਰਹੀ ਹੈ? 6.ਜਦੋਂ ਤੁਸੀ ਪਹਿਲਾਂ ਮਿਲੇ ਸੀ ਤਾਂ ਤੁਸੀਂ ਜੋਗੀਆਂ ਵਾਲਾ ਲਿਬਾਸ ਧਾਰਿਆ ਸੀ ਹੁਣ ਉਹ ਲਿਬਾਸ ਕਿਉਂ ਉਤਾਰ ਦਿੱਤਾ ਹੈ? 7.ਇਸ ਸੰਸਾਰ ਦੀ ਉਤਪਤੀ ਬਾਰੇ ਤੁਹਾਡਾ ਕੀ ਵੀਚਾਰ ਹੈ? ਜਦੋਂ ਇਹ ਸੰਸਾਰ ਨਹੀ ਸੀ ਤਾਂ ਪਰਮਾਤਮਾ ਕਿੱਥੇ ਸੀ? ਇਹ ਜੀਵ ਕਿੱਥੋਂ ਆਉਦਾ ਹੈ ਤੇ ਕਿੱਥੇ ਚਲਾ ਜਾਦਾ ਹੈ? 8.ਗਿਆਨ ਪ੍ਰਾਪਤੀ ਦਾ ਕੀ ਸਾਧਨ ਹੈ ਅਤੇ ਮੋਤ ਦਾ ਡਰ ਕਿਵੇਂ ਦੂਰ ਹੁੰਦਾ ਹੈ? 9.ਕਿਸ ਦੀ ਸਿਖਿਆ ਦੇ ਨਾਲ ਮਾਇਆ ਦੇ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ? 10.ਮੋਮ ਦੇ ਦੰਦਾਂ ਦੇ ਨਾਲ ਲੋਹਾ ਕਿਵੇਂ ਚੱਬਿਆ ਜਾ ਸਕਦਾ ਹੈ?ਬਰਫ ਦੇ ਦੁਆਲੇ ਅੱਗ ਦਾ ਗੋਲਾ ਹੋਵੇ ਤਾਂ ਉਹ ਕਿਹੜੀ ਗੁਫਾ ਵਰਤੀਏ ਕੇ ਬਰਫ ਪਿਘਲੇ ਨਾ? 11.ਉਹ ਕਿਹੜਾ ਤਰੀਕਾ ਹੈ ਜਿਸ ਦੇ ਨਾਲ ਬਰਫ ਦਾ ਘਰ ਚੰਦਰਮਾ ਪਿਘਲੇ ਨਾ ਅਤੇ ਸੂਰਜ ਸਦਾ ਤਪਿਆ ਰਹੇ? 12.ਭੈੜੀ ਮੱਤ ਤੋਂ ਖਲਾਸੀ ਕਿਵੇਂ ਪ੍ਰਾਪਤ ਹੋ ਸਕਦੀ ਹੈ? 13.ਜਿਸ ਸ਼ਬਦ ਦੇ ਰਾਹੀਂ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਹੋ ਜਾਈਦਾ ਹੈ ਉਸ ਸ਼ਬਦ ਦਾ ਨਿਵਾਸ ਕਿੱਥੇ ਹੈ? 14.ਪ੍ਰਾਣਾ ਦਾ ਆਸਰਾ ਕੀ ਹੈ?ਗਿਆਨ ਕਿਸ ਤਰਾਂ ਪ੍ਰਾਪਤ ਹੁੰਦਾ ਹੈ?ਮਨ ਦਾ ਟਿਕਾਓ ਕਿਸ ਤਰਾਂ ਹੁੰਦਾ ਹੈ? 15.ਜਿਸ ਸ਼ਬਦ ਦੇ ਰਾਹੀਂ ਮਨ ਦੀ ਭਟਕਣਾ ਮੁਕਦੀ ਹੈ ਉਹ ਸ਼ਬਦ ਕਿਥੇ ਵਸਦਾ ਹੈ? 16.ਜਦੋਂ ਇਹ ਹਿਰਦਾ ਨਹੀ ਸੀ,ਨਾ ਹੀ ਇਹ ਸਰੀਰ ਸੀ ਉਸ ਸਮੇ ਚੇਤੰਨ ਸੱਤਾ ਦਾ ਟਿਕਾਣਾ ਕਿੱਥੇ ਸੀ?ਜਦੋਂ ਇਹ ਨਾਭੀ ਚੱਕਰ ਹੀ ਨਹੀ ਸੀ ਉਸ ਸਮੇ ਇਹ ਸੁਆਸ ਕਿਥੇ ਟਿਕਦੇ ਸਨ?ਜਦੋਂ ਕੋਈ ਰੂਪ ਰੇਖ ਨਹੀ ਸੀ ਉਸ ਸਮੇ ਸ਼ਬਦ ਕਿੱਥੇ ਟਿਕਦਾ ਸੀ? 17.ਜਗਤ ਕਿਉਂ ਪੈਦਾ ਹੁੰਦਾ ਹੈ ਅਤੇ ਜਗਤ ਕਿਉਂ ਦੁੱਖੀ ਹੁੰਦਾ ਹੈ?

ਸੰਵਾਦ ਦੀ ਪ੍ਰਕਿਰਿਆ ਦੇ ਵਿੱਚ ਇੱਕ ਪੱਖ ਦੇ ਨੁਕਤੇ ਨੂੰ ਨਕਾਰ ਕੇ ਦੂਸਰੇ ਪੱਖ ਦੇ ਨੁਕਤੇ ਨੂੰ ਸਵੀਕਾਰ ਕਰਨਾ ਹੁੰਦਾ ਹੈ।ਸਿਧਾਂ ਦੇ ਮੁਤਾਬਕ ਪਰਮਾਤਮਾ ਨੂੰ ਮਿਲਣ ਦਾ ਤਰੀਕਾ ਇਸ ਸੰਸਾਰ ਤੇ ਸੰਸਾਰੀ ਲੋਕਾਂ ਦਾ ਤਿਆਗ ਕਰਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।ਇਸ ਦੇ ਉਲਟ ਗੁਰਮਤਿ ਦੇ ਸਿਧਾਤ ਦੇ ਮੁਤਾਬਕ ਇਸ ਸੰਸਾਰ ਦੇ ਵਿੱਚ ਰਹਿ ਕੇ ਪਰਮਾਤਮਾ ਦੇ ਨਾਲ ਮਿਲਾਪ ਕੀਤਾ ਜਾ ਸਕਦਾ ਹੈ।ਗੁਰੂ ਜੀ ਇਸ ਦੇ ਲਈ ਮੁਰਗਾਬੀ ਅਤੇ ਕਮਲ ਦੇ ਫੁੱਲ ਦੀ ਉਦਾਹਰਨ ਦਿੰਦੇ ਹਨ।ਜਿਵੇਂ ਮੁਰਗਾਬੀ ਪਾਣੀ ਦੇ ਵਿੱਚ ਆਪਣੇ ਖੰਭ ਨਹੀ ਭਿੱਜਣ ਦਿੰਦੀ, ਕਮਲ ਚਿੱਕੜ ਦੇ ਵਿੱਚ ਹੋਣ ਦੇ ਬਾਵਜੂਦ ਆਪਣੀਆਂ ਪੰਖੜੀਆਂ ਨੂੰ ਚਿੱਕੜ ਨਹੀ ਲੱਗਣ ਦਿੰਦਾ ਸਾਨੂੰ ਇਸ ਸੰਸਾਰ ਦੇ ਵਿੱਚ ਇਸ ਤਰਾਂ ਜੀਵਣ ਬਤੀਤ ਕਰਨਾ ਚਾਹੀਦਾ ਹੈ।

**ਜੈਸੇ ਜਲ ਮਹਿ ਕਮਲੁ ਨਿਰਾਲਮੁ**
**ਮੁਰਗਾਈ ਨੈ ਸਾਣੇ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ**
**ਨਾਨਕ ਨਾਮੁ ਵਖਾਣੇ॥**

**(938)**

ਸਿਧ ਗੋਸਟਿ ਬਾਣੀ ਦੀ ਵੀਚਾਰ ਕਰਨ ਤੋਂ ਬਾਅਦ ਇਸ ਗੱਲ ਦੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ ਕਿ ਗੁਰੂ ਜੀ ਅਤੇ ਸਿਧਾਂ ਦੇ ਮੱਤ ਵਿੱਚ ਬੁਨਿਆਦੀ ਫਰਕ ਹੋਣ ਦੇ ਬਾਵਜੂਦ ਵੀ ਉਹਨਾ ਦੇ ਵਿਚਾਰਾਂ ਦੇ ਵਿੱਚ ਸਾਂਝ ਵੀ ਪ੍ਰਾਪਤ ਹੁੰਦੀ ਹੈ।ਜਿਸ ਸਿਧਾਂ ਤੇ ਗੁਰੂ ਜੀ ਦਾ ਵੀਚਾਰ ਸਾਂਝਾ ਹੈ ਕਿ ਅਧਿਆਤਮਕ ਜੀਵਨ ਕਿਸ ਤਰਾਂ ਬਤੀਤ ਕੀਤਾ ਜਾਵੇ।ਇਸੇ ਹੀ ਵੀਚਾਰ ਨੂੰ ਲੈ ਕੇ ਦੋਵੇਂ ਮੱਤ ਆਪੋ ਆਪਣਾ ਰਸਤਾ ਵੀ ਬਿਆਨ ਕਰਦੇ ਹਨ।ਇਸੇ ਕਰਕੇ ਹੀ ਗੁਰੂ ਜੀ ਸਿਧਾਂ ਦੇ ਪ੍ਰਤੀ ਸਤਿਕਾਰਤ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ।ਗੁਰੂ ਜੀ ਉਹਨਾਂ ਨੂੰ ਪਰਮਾਤਮਾ ਦੇ ਦਰ ਤਕ ਪਹੁੰਚਿਆ ਹੋਇਆ ਵੀ ਬਿਆਨ ਕਰਦੇ ਹਨ।ਉਹ ਕਹਿੰਦੇ ਹਨ ਕਿ ਤੁਸੀ ਇਸ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਰਸਤਾ ਜਾਣਦੇ ਹੋ ਮੈਂ ਤੁਹਾਨੂੰ ਕੀ ਉੱਤਰ ਦੇ ਸਕਦਾ ਹਾਂ।

**ਆਪੇ ਆਖੈ ਆਪੇ ਸਮਝੈ**
**ਤਿਸੁ ਕਿਆ ਉਤਰੁ ਦੀਜੈ॥**
**ਸਾਚੁ ਕਹਹੁ ਤੁਮ ਪਾਰਗਰਾਮੀ**
**ਤੁਝੁ ਕਿਆ ਬੈਸਣੁ ਦੀਜੈ॥ (938)**

ਇਸ ਜਗਤ ਦੇ ਵਿੱਚ ਚੰਗੇਰਾ ਕਾਰਜ ਤਾਂ ਹੀ ਹੋ ਸਕਦਾ ਹੈ ਅਗਰ ਕਾਰਜ ਕਰਨ ਵਾਲੇ ਦੇ ਵੀਚਾਰਾਂ ਦੇ ਵਿੱਚ ਨਿਰਮਲਤਾ ਹੋਵੇ।ਇਸ ਲਈ ਹੀ ਇੱਕ ਸੱਚੇ ਤੇ ਉੱਚੇ ਸੰਵਾਦ ਦੇ ਲਈ ਬਿਬੇਕ ਬੁੱਧੀ ਦਾ ਹੋਣਾ ਬੜਾ ਹੀ ਮਹੱਤਵਪੂਰਨ ਹੈ।ਬਿਬੇਕ ਬੁੱਧੀ ਚੰਗੇਰੀ ਬਿਰਤੀ ਪੈਦਾ ਕਰਨ ਦੇ ਵਿੱਚ ਸਹਾਈ ਹੁੰਦੀ ਹੈ।ਇਸ ਸੰਸਾਰ ਦੇ ਵਿੱਚ ਆਏ ਹੋਏ ਰਹਿਬਰ ਇਸ ਦੀਆਂ ਪ੍ਰਤੱਖ ਉਦਾਹਰਣਾਂ ਸਾਡੇ ਸਾਹਮਣੇ ਹਨ।ਜਿਨ੍ਹਾਂ ਨੇ ਬਿਬੇਕ ਬੁੱਧੀ ਦੇ ਇਸ ਸੰਸਾਰ ਦੇ ਵਿੱਚ ਕਈ ਕਲਿਆਣਕਾਰੀ ਕਾਰਜ਼ ਕੀਤੇ ਹਨ।ਇਸ ਦੇ ਲਈ ਉਹਨਾ ਰਹਿਬਰਾਂ ਨੇ ਆਪਣਾ ਆਪਾ ਤੱਕ ਅਰਪਣ ਕਰਨ ਤੋਂ ਵੀ ਕਦੇ ਸੰਕੋਚ ਨਹੀ ਕੀਤਾ ਹੈ।ਜਿਸ ਮਨੁਖ ਦੇ ਅੰਦਰ ਬਿਬੇਕ ਬੁੱਧੀ ਹੈ ਉਹ ਫਿਰ ਕਦੇ ਵੀ ਆਪਣੇ ਹਿਰਦੇ ਦੇ ਵਿੱਚ ਫਿਰਕਾਪ੍ਰਸਤੀ ਦੀ ਭਾਵਨਾ ਨੂੰ ਜਨਮ ਨਹੀ ਲੈਣ ਦਿੰਦਾ ਹੈ।ਉਸ ਨੂੰ ਇਸ ਸੰਸਾਰ ਦੀ ਅਨੇਕਤਾ ਦੇ ਵਿੱਚ ਏਕਤਾ ਦਾ ਅਹਿਸਾਸ ਸਹਿਜੇ ਹੀ ਹੋ ਜਾਦਾ ਹੈ। ਡਾ.ਜੋਧ ਸਿੰਘ ਜੀ ਧਰਮ ਭਾਸ਼ਾ ਤੇ ਸਰੂਪ ਦੇ ਵਿੱਚ ਲਿਖਦੇ ਹਨ "ਧਾਰਮਿਕ ਵਿਅਕਤੀ ਬਿਬੇਕ ਬੁਧੀ ਦਾ ਮਾਲਿਕ ਸੀਮਾਤੀਤ ਅਤੇ ਨਿਸ਼ਕਾਮ ਹੁੰਦਾ ਹੈ ਅਤੇ ਅਜਿਹੇ ਸਤ ਪੁਰਖ ਦੀ ਚਾਲ ਨਿਰਾਲੀ ਹੁੰਦੀ ਹੈ, ਉਸ ਨੇ ਮਨ ਬਚਨ ਅਤੇ ਕਰਮਾਂ ਦੇ ਕੁਢਲਾਂ ਨੂੰ, ਇਹਨਾਂ ਦੀਆਂ ਗੰਢਾਂ ਨੂੰ ਸਤਿਸੰਗ ਵਿੱਚ ਢਿਲਿਆਂ ਕਰਕੇ ਖੋਲ ਲਿਆ ਹੁੰਦਾ ਹੈ ਅਤੇ ਜੀਵਨੀ ਸ਼ਕਤੀ ਦੇ ਥੰਮ ਨੂੰ ਪਰਮ ਅਨੰਦ ਦੇ ਰੂਪ ਵਿੱਚ ਅਨੁਭਵ ਕਰ ਲਿਆ ਹੁੰਦਾ ਹੈ।ਫਿਰ ਉਸਨੂੰ ਮੰਦਰ ਮਸੀਤ ਪੁਰਾਨ ਕੁਰਾਨ ਵਿੱਚ ਕੋਈ ਭੇਦ ਨਹੀ ਵਿਖਾਈ ਦਿੰਦਾ"[7] ਇੱਕ ਸੱਚਾ ਧਰਮੀ ਇਨਸਾਨ ਹੀ ਇੱਕ ਸੱਚਾ ਸੰਵਾਦ ਕਰਨ ਵਾਲਾ ਹੋ ਸਕਦਾ ਹੈ। ਸੱਚਾ ਧਰਮੀ ਤਾਂ ਹੀ ਬਣਿਆ ਜਾ ਸਕਦਾ ਹੈ ਅਗਰ ਇਨਸਾਨ ਬਿਬੇਕ ਬੁੱਧੀ ਦਾ ਧਾਰਨੀ ਹੋਵੇਗਾ। ਜਦੋਂ ਇਨਸਾਨ ਬਿਬੇਕ ਬੁੱਧ ਦਾ ਧਾਰਨੀ ਹੋ ਜਾਂਦਾ ਹੈ ਤਾਂ ਉਹ ਵਾਦ-ਵਿਵਾਦ ਦੀ ਥਾਂ ਤੇ ਸੰਵਾਦ ਦਾ ਰਸਤਾ ਅਪਣਾ ਲੈਂਦਾ ਹੈ। ਉਸ ਮਨੁੱਖ ਦੇ ਅੰਦਰ ਫਿਰ ਕਿਸੇ ਵੀ ਪ੍ਰਕਾਰ ਦੀ ਹੀਨ ਭਾਵਨਾ ਦਾ ਪ੍ਰਗਟਾਵਾ ਨਹੀਂ ਹੋ ਸਕਦਾ ਹੈ।

ਸਿਧ ਗੋਸਟਿ ਦੀ ਬਾਣੀ ਦੇ ਵਿੱਚ ਇਸੇ ਹੀ ਪ੍ਰਕਾਰ ਦੀ ਸੰਵਾਦਕ ਦੀ ਜੁਗਤੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਜਿਸ ਦੇ ਵਿੱਚ ਕਿਸੇ ਵੀ ਪ੍ਰਕਾਰ ਦੀ ਹੀਣ ਭਾਵਨਾ ਦਾ ਪ੍ਰਗਟਾਵਾ ਨਹੀ ਕੀਤਾ ਜਾ ਰਿਹਾ ਹੈ। ਇਸ ਦੇ ਵਿੱਚ ਵੀਚਾਰਾਂ ਦੀ ਉਚਮਤਾ ਨੂੰ ਬਿਆਨ ਕੀਤਾ ਗਿਆ ਹੈ। ਇਸ ਦੇ ਵਿੱਚ ਜੋ ਸੰਵਾਦ ਹੋਇਆ ਹੈ ਉਹ ਪਰਮਾਤਮਾ ਤੱਕ ਪਹੁੰਚੀਆਂ ਰੂਹਾਂ ਦੇ ਵਿੱਚ ਵਾਪਰਿਆ ਹੈ। ਇਸ ਕਰਕੇ ਹੀ ਇਸ ਸੰਵਾਦ ਦੇ ਵਿੱਚੋਂ ਇਸ ਸੰਸਾਰ ਦੀ ਭਲਾਈ ਹੀ ਉਪਜਦੀ ਹੈ। ਇਸੇ ਤਰ੍ਹਾਂ ਦੀ ਸੰਵਾਦਕ ਜੁਗਤ ਅਗਰ ਇਸ ਸਮੁੱਚੇ ਵਿਸ਼ਵ ਦੇ ਵਿੱਚ ਹੋ ਜਾਵੇ ਤਾਂ ਇਸ ਸੰਸਾਰ ਦੀ ਅਨੇਕਤਾ ਦੇ ਵਿੱਚ ਏਕਤਾ ਦਾ ਪ੍ਰਚਾਰ ਪ੍ਰਸਾਰ ਹੋ ਸਕਦਾ ਹੈ।

-0-

7. ਜੋਧ ਸਿੰਘ (ਸੰਪਾ.), ਧਰਮ ਅਧਿਐਨ ਅਕਾਦਮਿਕ-ਪਰਿਪੇਖ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 1997, ਪੰਨਾ-8

# ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਰੋਲ

**ਜਸਵੰਤ ਸਿੰਘ ਕਾਲਾ ਅਫਗਾਨਾ # 89680-48651**

ਸਿੱਖੀ ਦੀ ਵਿਚਾਰਧਾਰਾ ਦੇ ਮੁਤਾਬਿਕ ਮਨੁੱਖਾ ਜਨਮ ਦਾ ਮੁੱਖ ਫਰਜ਼ ਹੈ ਰੱਬ ਦੀ ਪਰਾਪਤੀ ਕਰਨਾ ਜਿਸ ਲਈ ਜਰੂਰੀ ਹੈ ਕਿ ਜਿਉਂਦੇ ਜੀਅ ਹੀ ਮੁਕਤ ਹੋ ਜਾਣਾ। ਗੁਰਮਤਿ ਅਨੁਸਾਰ ਜੋ ਵਿਅਕਤੀ ਆਪਣੇ ਜਿਉਂਦੇ ਜੀਅ ਮੁਕਤ ਹੋ ਜਾਂਦਾ ਹੈ ਅਸਲ ਵਿੱਚ ਉਹੀ ਮੁਕਤ ਹੁੰਦਾ ਹੈ। ਆਪਣੇ ਜਿਉਂਦੇ ਜੀਅ ਮੁਕਤ ਹੋਣ ਲਈ ਜਰੂਰੀ ਹੈ ਕਿ ਪਰਾਇਆਂ ਹੱਕ ਨਾ ਖਾਧਾ ਜਾਵੇ ਅਤੇ ਧਰਮ ਅਨੁਸਾਰ ਸੱਚੀ ਸੁੱਚੀ ਨੇਕ ਕਿਰਤ ਕਰਕੇ ਆਪਣੀਆਂ ਜਰੂਰਤਾਂ ਪੂਰੀਆਂ ਕੀਤੀਆਂ ਜਾਣ। ਗੁਰੂ ਨਾਨਕ ਪਾਤਸ਼ਾਹ ਸਮਝਾਉਂਦੇ ਹਨ ਕਿ ਜਿਹੜਾ ਵੀ ਵਿਅਕਤੀ ਧਰਮ ਅਨੁਸਾਰ ਸੱਚੀ ਸੁੱਚੀ ਨੇਕ ਕਿਰਤ ਕਰਕੇ ਆਪਣੀਆਂ ਲੋੜਾਂ ਪੂਰੀਆਂ ਕਰਦਾ ਹੈ, ਕਿਸੇ ਦਾ ਪਰਾਇਆਂ ਹੱਕ ਨਹੀਂ ਖਾਂਦਾ ਸਗੋਂ ਆਪਣੀ ਨੇਕ ਕਿਰਤ ਵਿੱਚੋਂ ਥੋੜਾ ਬਚਾ ਕੇ ਜਰੂਰਤ ਮੰਦਾਂ ਦੀ ਜਰੂਰਤ ਪੂਰੀ ਕਰਨ ਲਈ ਮਦਦ ਕਰਦਾ ਹੈ ਤਾਂ ਸਮਝ ਲਵੋ ਕਿ ਉਸ ਵਿਅਕਤੀ ਨੂੰ ਰੱਬ ਦੀ ਪਰਾਪਤੀ ਦਾ ਰਸਤਾ ਮਿਲ ਗਿਆ ਹੈ।

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥ (1245)**

ਸਿੱਖੀ ਵਿੱਚ ਸੇਵਾ ਅਤੇ ਸਿਮਰਨ ਨੂੰ ਪਰਮੁੱਖ ਮੰਨਿਆ ਗਿਆ ਹੈ ਤੇ ਸੇਵਾ ਉਹ ਹੈ ਜਿਸ ਦੇ ਕਰਨ ਪਿਛੇ ਕਰਨ ਵਾਲੇ ਦੀ ਕੋਈ ਲਾਲਸਾ ਨਾ ਹੋਵੇ ਅਤੇ ਸਿਮਰਨ ਦਾ ਮਤਲਬ ਹੈ ਕਿ ਰੱਬੀ ਸਿਧਾਂਤਾਂ ਨੂੰ ਸਮਝਦਿਆਂ ਹੋਇਆਂ ਉਨ੍ਹਾ ਸਿਧਾਂਤਾਂ ਮੁਤਾਬਿਕ ਆਪਣਾ ਜੀਵਨ ਬਤੀਤ ਕਰਨਾ। ਗੁਰਮਤਿ ਅਨੁਸਾਰ ਜੋ ਵੀ ਵਿਅਕਤੀ ਰੱਬੀ ਸਿਧਾਂਤਾਂ ਮੁਤਾਬਿਕ ਆਪਣਾ ਜੀਵਨ ਬਤੀਤ ਕਰਦਾ ਹੈ ਕੇਵਲ ਉਹੀ ਮਨੁੱਖ ਜੀਵਨ ਮੁਕਤ ਹੈ ਅਤੇ ਉਹੀ ਪ੍ਰਭੂ ਦਰ ਤੇ ਪਰਵਾਨ ਹੁੰਦਾ ਹੈ। ਇਸ ਪ੍ਰਕਾਰ ਪਰਵਾਨ ਹੋਏ ਮਨੁੱਖ ਨੂੰ ਗੁਰੂ ਜੀ ਪੰਚ ਆਖਦੇ ਹਨ।

**ਪੰਚ ਪਰਵਾਣ ਪੰਚ ਪਰਧਾਨੁ॥**
**ਪੰਚੇ ਪਾਵਹਿ ਦਰਗਹਿ ਮਾਨੁ॥**
**(ਜਪੁਜੀ ਸਾਹਿਬ)**

ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦਾ ਸਫ਼ਰ ਮਨੁੱਖ ਨੂੰ ਪੰਚ ਬਣਾਉਣ ਵਿੱਚ ਲਗਿਆ। ਅਖੀਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਰੱਬੀ ਸਿਧਾਂਤਾਂ (ਸ਼ਬਦ ਗੁਰੂ ਗੁਰਬਾਣੀ) ਦੀ ਸਾਂਭ ਸੰਭਾਲ ਅਤੇ ਪ੍ਰਚਾਰ ਦੀ ਜਿੰਮੇਵਾਰੀ ਪੰਚ ਪਰਵਾਨਾਂ (ਪੰਜਾਂ ਪਿਆਰਿਆਂ) ਨੂੰ ਸੌਂਪ ਦਿੱਤੀ ਗਈ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰਦੁਆਰਿਆਂ ਦਾ ਪਰਬੰਧ ਪੰਚ ਪਰਵਾਨਾਂ ਨੇ ਹੀ ਸੰਭਾਲਿਆ। ਜੇਕਰ ਅੰਗਰੇਜ਼ਾਂ ਦੀ ਸਹਿ ਤੇ ਮਹੰਤਾਂ ਨੇ ਗੁਰਦੁਆਰਿਆਂ ਦੇ ਪਰਬੰਧ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਤਾਂ ਗੁਰਦੁਆਰਿਆਂ ਦੇ ਪਰਬੰਧ ਲਈ ਐਸ ਜੀ ਪੀ ਸੀ ਹੋਂਦ ਵਿੱਚ



ਆਈ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇੱਕ ਹੁਕਮਨਾਮਾ ਜਾਰੀ ਹੋਇਆ ਜੋ ਇਸ ਪ੍ਰਕਾਰ ਲਿਖਿਆ ਹੈ ਕਿ "ਮਿਤੀ 7 ਮੱਘਰ ਸੰਮਤ ਨਾਨਕਸ਼ਾਹੀ 545 ਮੁਤਾਬਿਕ 22-11-2013 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦਫਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ। ਜਿਸ ਵਿੱਚ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ "ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ, ਜੋ ਗੁਰਦੁਆਰਾ ਸਾਹਿਬ ਦੇ ਸਮੁੱਚੇ ਪ੍ਰਬੰਧ ਦੀ ਦੇਖ-ਰੇਖ ਕਰਦੀਆਂ ਹਨ, ਉਨ੍ਹਾਂ ਕਮੇਟੀਆਂ ਵਿੱਚ ਮੈਂਬਰ ਕੇਵਲ 'ਜਿਨ੍ਹਾਂ ਮੈਬਰਾਂ ਦੇ ਨਾਂ ਪਿਛੇ ਸਿੰਘ ਲੱਗਦਾ ਹੈ' ਸਾਬਤ-ਸੂਰਤ ਅਤੇ ਅੰਮ੍ਰਿਤਧਾਰੀ ਹੀ ਹੋ ਸਕਦੇ ਹਨ। ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤ ਇਸ ਆਦੇਸ਼ ਪੁਰ ਅਮਲ ਕਰੇ"। (ਨੰਬਰ ਅ:ਤ/3477, ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ)

ਹਰੇਕ ਸਿੱਖ ਲਈ ਹੁਕਮ ਹੈ ਕਿ ਉਹ ਸ਼ਬਦ ਗੁਰੂ ਤੋਂ ਸੋਝੀ (ਗਿਆਨ) ਪਰਾਪਤ ਕਰਨ ਲਈ ਗੁਰੂ ਜੀ ਦੀ ਸੰਗਤ ਕਰੇ **ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ (730)** ਅਤੇ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਦੇ ਤੌਰ ਤੇ ਪੰਥਕ ਕਾਰਜਾਂ ਲਈ ਮਾਇਆ ਅਰਪਣ ਕਰੇ। (ਇਸ ਸਬੰਧੀ ਪੜੋ ਕੀ ਗੁਰਦੁਆਰਾ ਸਾਹਿਬ ਵਿੱਚ ਚੜ੍ਹਾਵਾ ਚੜਾਉਣਾ ਜਾਇਜ਼ ਹੈ ਜਾਂ ਨਜਾਇਜ਼?)

ਪ੍ਰਬੰਧਕ ਕਮੇਟੀਆਂ ਦਾ ਮੁੱਖ ਫਰਜ਼ ਬਣਦਾ ਹੈ ਕਿ ਸੰਗਤਾਂ ਵਲੋਂ ਅਰਪਣ ਹੋਏ ਚੜਾਵੇ ਵਿੱਚੋਂ ਹੋਰ ਪੰਥਕ ਕਾਰਜਾਂ ਦੇ ਨਾਲ ਨਾਲ ਸੰਗਤ ਨੂੰ ਸ਼ਬਦ ਗੁਰੂ ਗੁਰਬਾਣੀ ਦੇ ਸਿਧਾਂਤਾਂ ਦੀ ਸੋਝੀ ਕਰਵਾਉਣ ਲਈ ਚੰਗੇ ਪਰਚਾਰਕਾਂ ( ਜੋ ਗੁਰਬਾਣੀ ਵਿਆਕਰਣ ਦੇ ਨੇਮਾਂ ਅਨੁਸਾਰ ਗੁਰਬਾਣੀ ਦਾ ਸ਼ੁੱਧ ਉਚਾਰਣ ਕਰ ਸਕਦੇ ਹੋਣ,ਜੋ ਸਿਧਾਂਤਾਂ ਮੁਤਾਬਿਕ ਕੀਰਤਨ ਕਰ ਸਕਦੇ ਹੋਣ (ਇਸ ਸਬੰਧੀ ਪੜੋ ਕੀਰਤਨ ਦੀ ਕੀ ਮਰਿਯਾਦਾ ਹੈ?), ਜੋ ਕਥਾ, ਵਿਚਾਰ, ਸਿੱਖ ਇਤਿਹਾਸ ਦੀ ਸੋਝੀ ਗੁਰਬਾਣੀ ਅਨੁਸਾਰ ਕਰਵਾਕੇ ਸੰਗਤ ਵਿੱਚ ਜਾਗਰੂਕਤਾ ਪੈਦਾ ਕਰ ਸਕਦੇ ਹੋਣ ਆਦਿ) ਦਾ ਬੰਦੋਬਸਤ ਕਰਨਾ।

ਸਿੱਖੀ ਦੇ ਸਿਧਾਂਤਾਂ ਮੁਤਾਬਿਕ ਜੋ ਵਿਅਕਤੀ ਸੇਵਾ ਸਿਮਰਨ ਆਦਿ ਗੁਰਬਾਣੀ ਅਨੁਸਾਰ ਚੱਲ ਕੇ ਕਰਦਾ ਹੈ ਤਾਂ ਉਹ ਪ੍ਰਭੂ ਪਰਾਪਤੀ ਕਰਨ ਵਿੱਚ ਕਾਮਯਾਬ ਹੋ ਜਾਂਦਾ ਹੈ। ਯਾਦ ਰਹੇ ਕਿ ਮਨੁੱਖਾ ਜਨਮ ਦਾ ਮੁੱਖ ਮਕਸਦ ਕੇਵਲ ਤਾ ਕੇਵਲ ਪ੍ਰਭੂ ਪਰਾਪਤੀ ਹੀ ਹੈ। ਇਸ ਵਾਸਤੇ ਗੁਰਬਾਣੀ ਦਾ ਉਪਦੇਸ਼ ਹੈ  ਕਿ ਮਨੁੱਖ ਤਿੰਨਾਂ ਗੁਣਾ ( ਰਜੋ ਗੁਣ, ਤਮੋਂ ਗੁਣ ਅਤੇ ਸਤੋ ਗੁਣ) ਤੋਂ ਉੱਪਰ ਚੱਲ ਕੇ ਚੌਥੇ ਪਦ ਵਿੱਚ ਰਹਿਕੇ ਆਪਣਾ ਜੀਵਨ ਬਤੀਤ ਕਰੇ।

**ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ॥**
**ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ॥ ਰਹਾਉ॥ (603)**

ਗੁਰਬਾਣੀ ਮੁਤਾਬਿਕ ਤ੍ਰੈ ਗੁਣ ਮਨੁੱਖ ਦੇ ਪ੍ਰਭੂ ਪਰਾਪਤੀ ਵਿੱਚ ਰੁਕਾਵਟ ਬਣਦੇ ਹਨ।

**ਰਜੋ ਗੁਣ**:- ਜਿਸ ਵਿਅਕਤੀ ਦੇ ਦਿਮਾਗ਼ ਵਿੱਚ ਇਹ ਗੱਲ ਬੈਠ ਜਾਵੇ ਕਿ ਮੈਂ ਸਤਾ ਪਰਾਪਤ ਕਰਕੇ ਦੂਜਿਆਂ ਉੱਪਰ ਹਕੂਮਤ , ਰਾਜ ਕਰਨਾ ਹੈ ਤੇ ਉਹ ਸਤਾ ਪਰਾਪਤ ਕਰਕੇ ਉਸਤੇ ਹੰਕਾਰ ਕਰਦਾ ਹੈ ਤੇ ਕਈਆਂ ਨਾਲ ਨਜਾਇਜ਼ ਵੀ ਕਰਦਾ ਹੈ। ਇਸ ਤਰ੍ਹਾਂ ਦੇ ਵਿਅਕਤੀ ਨੂੰ ਰਜੋ ਗੁਣੀ ਮੰਨਿਆ ਜਾਂਦਾ ਹੈ।

**ਤਮੋਂ ਗੁਣ**:- ਲਾਲਚ ਵਸ ਹੋ ਕੇ ਕਿਸੇ ਵੀ ਪਦਵੀ ਅਤੇ ਧੰਨ ਆਦਿ ਨੂੰ ਜਾਇਜ਼ ਨਜਾਇਜ਼ ਤਰੀਕੇ ਨਾਲ ਹਾਸਿਲ ਕਰਨ ਵਾਲੇ ਵਿਅਕਤੀ ਨੂੰ ਤਮੋਂ ਗੁਣੀ ਮੰਨਿਆ ਜਾਂਦਾ ਹੈ।

**ਸਤੋ ਗੁਣ**:- ਇਹ ਗੁਣ ਵੇਖਣ ਨੂੰ ਤਾਂ ਬਹੁਤ ਚੰਗਾ ਲਗਦਾ ਹੈ ਜਿਵੇਂ ਕਿ ਮਨ ਵਿੱਚ ਨਾ ਕਿਸੇ ਵੀ ਆਹੁਦੇ ਦੀ ਲਾਲਸਾ ਰੱਖਣੀ, ਨਾ ਪਰਾਇਆਂ ਹੱਕ ਖਾਣ ਦੀ ਲਾਲਸਾ, ਸਗੋਂ ਦੂਜਿਆਂ ਦੀ ਮਦਦ ਕਰਨੀ, ਸੇਵਾ ਕਰਨੀ ਆਦਿ। ਪਰ ਇਹ ਸਭ ਕੁਝ ਕਰਨ ਦੇ ਬਾਵਜੂਦ ਵੀ ਮਨ ਵਿੱਚ ਹੰਕਾਰ ਪੈਦਾ ਕਰਕੇ ਜੀਵਨ ਬਤੀਤ ਕਰਨਾ ਕਿ ਮੈਂ ਬਹੁਤ ਮਹਾਨ ਹਾਂ ਮੈਂ ਕਿਸੇ ਆਹੁਦੇ ਦੀ ਕੋਈ ਲਾਲਸਾ ਨਹੀਂ ਰੱਖਦਾ, ਮੈਂ ਕਦੇ ਵੀ ਕਿਸੇ ਦਾ ਪਰਾਇਆਂ ਹੱਕ ਨਹੀਂ ਖਾਂਦਾ, ਸਗੋਂ ਦੂਜਿਆਂ ਦੀ ਮਦਦ ਕਰਦਾ ਹਾਂ, ਧਾਰਮਿਕ ਲਿਬਾਸ ਵਿੱਚ ਰਹਿੰਦਾ ਹਾਂ ਇਸ ਲਈ ਸਭ ਨੂੰ ਚਾਹੀਦਾ ਹੈ ਕਿ ਮੇਰਾ ਸਤਿਕਾਰ ਕਰਨ।

ਇਸ ਬਿਰਤੀ ਦੇ ਵਿਅਕਤੀ ਨੂੰ ਸਤੋ ਗੁਣੀ ਮੰਨਿਆ ਜਾਂਦਾ ਹੈ।

**ਚੌਥਾ ਪਦ**:- ਇਹ ਉਹ ਪਦ ਹੈ ਜਿਸ ਵਿੱਚ ਗੁਰੂਆਂ ਭਗਤਾਂ ਆਦਿ ਨੇ ਆਪਣਾ ਜੀਵਨ ਬਤੀਤ ਕਰਕੇ ਲੋਕਾਈ ਨੂੰ ਸਮਝਾਇਆ ਕਿ ਰੱਬ ਦਾ ਵਾਸਾ ਚੌਥੇ ਪੱਦ ਵਿੱਚ ਹੈ। ਰਾਜ ਤਾਂ ਰੱਬ ਵੀ ਸਾਰਿਆਂ ਤੇ ਕਰ ਰਿਹਾ ਹੈ ਪਰ ਉਹ ਕਦੇ ਵੀ ਕਿਸੇ ਨਾਲ ਨਜਾਇਜ਼ ਨਹੀਂ ਕਰਦੇ ਅਤੇ ਨਾ ਹੀ ਕਦੇ ਕਿਸੇ ਦਾ ਹੱਕ ਖਾਂਦੇ ਹਨ।

**ਅੰਦਰਿ ਰਾਜਾ ਤਖਤੁ ਹੈ**
**ਆਪੇ ਕਰੇ ਨਿਆਉ॥ (1092)**

ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਸਾਰੀ ਜ਼ਿੰਦਗੀ ਧਰਮ ਅਨੁਸਾਰ ਕਿਰਤ ਕਰਕੇ (ਭਾਵ ਕਿ ਗੁਰੂ ਜੀ ਜਿਥੇ ਵੀ ਪਰਚਾਰ ਕਰਨ ਜਾਂਦੇ, ਜੇ ਕਿਸੇ ਦੇ ਘਰ ਰੁਕੇ ਤਾਂ ਉਸਤੇ ਬੋਝ ਨਹੀਂ ਬਣੇ ਸਗੋਂ ਉਸਦੇ ਘਰੇਲੂ ਕੰਮਾਂ ਵਿੱਚ ਉਸਦੀ ਮਦਦ ਕੀਤੀ, ਜੇ ਕਿਸੇ ਨਗਰ ਵਿੱਚ ਠਹਿਰੇ ਤਾਂ ਸਵੇਰੇ ਸ਼ਾਮ ਸਤਸੰਗ ਕਰਦੇ ਤੇ ਬਾਕੀ ਦਿਨ ਉਸ ਇਲਾਕੇ ਦੀ ਮਿਹਨਤ ਕਰਦੇ ਤੇ ਜੋ ਦਿਹਾੜੀ ਮਿਲਦੀ ਉਸਦੀ ਰਸਤ ਲਿਆ ਕੇ ਭੋਜਨ ਤਿਆਰ ਕਰਕੇ ਆਪ ਖਾਂਦੇ ਅਤੇ ਜੇਕਰ ਕੋਈ ਨਜ਼ਦੀਕ ਆ ਜਾਂਦਾ ਤਾਂ ਉਸਨੂੰ ਵੀ ਲੰਗਰ ਛਕਾ ਦਿੰਦੇ ਜਿਸਨੂੰ ਵੇਖ ਕੇ ਲੋਕ ਬੋਲਦੇ ਕਿ ਇਹ ਬਾਬਾ ਕੇਵਲ ਕਹਿੰਦਾ ਹੀ ਨਹੀਂ ਹੈ ਕਿ ਕਿਰਤ ਕਰਕੇ ਖਾਉ, ਇਹ ਆਪ ਵੀ ਕਿਰਤ ਕਰਦਾ ਹੈ ਅਤੇ ਵੰਡ ਕੇ ਵੀ ਛਕਦਾ ਹੈ।) ਜਿੰਦਗੀ ਬਤੀਤ ਕੀਤੀ ਹੈ ਆਪਣੀ ਸੱਤਰ ਸਾਲ ਦੀ ਉਮਰ ਵਿੱਚ ਵੀ ਹਲ ਚਲਾਇਆ ਹੈ। ਸਿੱਖੀ ਦੇ ਇਸ ਸਿਧਾਂਤ ਨੂੰ ਦਸ ਗੁਰੂ ਸਾਹਿਬਾਨ ਨੇ ਬੜੀ ਬਖੂਬੀ ਨਾਲ ਨਿਭਾਇਆ ਤੇ ਅਗੋਂ ਪੰਜਾਂ ਪਿਆਰਿਆਂ ਨੂੰ ਇਸ ਸਿਧਾਂਤ ਦੇ ਪਰਚਾਰਨ ਦੀ ਸੇਵਾ ਸੌਂਪ ਦਿੱਤੀ।

ਮੌਜੂਦਾ ਸਮੇਂ ਵਿੱਚ ਕਿਸੇ ਵਿਰਲੇ ਨੂੰ ਛੱਡ ਕੇ ਰਾਜਸੀ ਲੋਕ ਰਜੋ ਗੁਣ, ਅਤੇ ਤਮੋਂ ਗੁਣ ਵਿੱਚ ਪੂਰੀ ਤਰ੍ਹਾਂ ਲਪੇਟੇ ਹੋਏ ਹਨ ਜੋ ਜਾਇਜ਼ ਨਜਾਇਜ਼ ਤਰੀਕਿਆਂ ਨਾਲ ਧੱਕੇਸ਼ਾਹੀ ਵੀ ਕਰੀ ਜਾਂਦੇ ਹਨ ਅਤੇ ਨਜਾਇਜ਼ ਧੰਨ ਵੀ ਇਕੱਠੇ ਕਰੀ ਜਾਂਦੇ ਹਨ। ਮੌਜੂਦਾ ਸਮੇਂ ਜੇਕਰ ਸਿੱਖ ਸਮਾਜ ਦੇ ਗੁਰਦੁਆਰਿਆਂ ਵੱਲ ਵੇਖਿਆ ਜਾਵੇ ਤਾਂ ਕਿਸੇ ਵਿਰਲੇ ਨੂੰ ਛੱਡ ਕੇ ਬਹੁਤਾਤ ਵਿੱਚ ਗੁਰਦੁਆਰਿਆਂ ਦਾ ਪਰਬੰਧ ਅਤੇ ਪਰਚਾਰ ਰਜ਼ੋ ਗੁਣ ਅਤੇ ਤਮੋਂ ਗੁਣ ਦੇ ਅਧੀਨ ਹੀ ਚਲ ਰਿਹਾ ਹੈ। ਕੁਝ ਪਰਬੰਧਕ ਚੌਧਰਾਂ ਦੀ ਖਾਤਰ ਪਰਬੰਧਕ ਕਮੇਟੀਆਂ ਵਿੱਚ ਹਨ ਕੁਝ ਪਰਾਇਆਂ ਹੱਕ ਵੀ ਖਾਈ ਜਾਂਦੇ ਹਨ ਇਸ ਪ੍ਰਕਾਰ ਹੀ ਬਹੁਤੇ ਪਰਚਾਰਕ ਵੀ ਕੇਵਲ ਮਾਇਆ ਕਮਾਉਣ ਨੂੰ ਮੁੱਖ ਰੱਖ ਕੇ ਹੀ ਪਰਚਾਰ ਕਰਦੇ ਹਨ ਜਿਸ ਕਾਰਣ ਉਹ ਖੁਲ੍ਹ ਕੇ ਸੱਚ ਨਹੀਂ ਬੋਲਦੇ ਤੇ ਗੋਲਮੋਲ ਗੱਲਾਂ ਕਰਕੇ ਆਪਣੇ ਡੰਗ ਟਪਾਈ ਜਾਂਦੇ ਹਨ। ਸਿੱਖ ਸਮਾਜ ਦੇ ਬਹੁਤੇ ਗੁਰਦੁਆਰਿਆਂ ਦੇ ਪਰਬੰਧ ਡੇਰਿਆਂ ਦਾ ਰੂਪ ਧਾਰੀ ਬੈਠੇ ਹਨ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਰੀਕ ਬਣਕੇ ਆਪਣੀਆਂ ਵਖਰੀਆਂ ਮਰਯਾਦਾਵਾਂ ਬਣਾ ਕੇ ਆਪਣੇ ਵਖਰੇ ਤਰੀਕੇ ਅਨੁਸਾਰ ਹੀ ਸੇਵਾਵਾਂ ਨਿਭਾ ਰਹੇ ਹਨ। ਇਹਨਾਂ ਡੇਰਿਆਂ ਵਿੱਚ ਰਜੋ ਗੁਣ ਤਮੋਂ ਗੁਣ ਦੇ ਨਾਲ ਨਾਲ ਸਤੋ ਗੁਣ ਵੀ ਮੌਜੂਦ ਹਨ। ਉਹ ਡੇਰਿਆਂ ਵਿੱਚ ਧਾਰਮਿਕ ਲਿਬਾਸ ਪਹਿਨੀ ਆਪ ਹੀ ਪਰਬੰਧਕ ਅਤੇ ਆਪ ਹੀ ਪਰਚਾਰਕ ਹਨ। ਸਿੱਖ ਸਮਾਜ ਦਾ ਬਹੁਤਾ ਹਿੱਸਾ ਇਨ੍ਹਾਂ ਡੇਰਿਆਂ ਨਾਲ ਜੁੜਿਆ ਹੋਇਆ ਹੈ ਬਹੁਤਾ ਸਿੱਖ ਸਮਾਜ ਸਿੱਖੀ ਸਿਧਾਂਤਾਂ ਤੋਂ ਬਿਲਕੁਲ ਅਨਜਾਣ ਹੈ, ਜਿਸ ਕਾਰਣ ਪੰਜਾਬ ਵਿੱਚ ਸਿੱਖ ਸਮਾਜ ਵਿੱਚੋਂ ਅੱਧਾ ਪੰਜਾਬ ਕਰਿਸ਼ਚੀਅਨ ਬਣ ਚੁੱਕਾ ਹੈ। ਕਿਸੇ ਵੀ ਗੁਰਦੁਆਰਾ ਸਾਹਿਬ ਦੀ ਪਰਬੰਧਕ ਕਮੇਟੀ ਨਾਲ ਗੱਲ ਕਰ ਕੇ ਵੇਖ ਲਵੋ ਸਭ ਇਹੀ ਕਹਿਣ ਗੇ ਕਿ ਅਸੀਂ ਤਾਂ ਸਹੀ ਹਾਂ ਬਾਕੀ ਗਲਤ ਹਨ ਉਹਨਾਂ ਨੂੰ ਸਮਝਾਵੋ ਜਦੋਂ ਕਿ ਅਸਲੀਅਤ ਇਹ ਹੈ ਕਿ ਆਪਣੇ ਆਪ ਨੂੰ ਕੋਈ ਵੀ ਗਲਤ ਮੰਨਣ ਨੂੰ ਤਿਆਰ ਨਹੀਂ ਹੈ। ਜਿਵੇਂ ਕਿ ਉਪੱਰ ਦਸਿਆ ਹੈ ਕਿ ਜਿਹੜਾ ਵੀ ਵਿਅਕਤੀ ਰਜੋ ਗੁਣ ਜਾਂ ਤਮੋਂ ਗੁਣ ਜਾਂ ਸਤੋ ਗੁਣ ਦੇ ਅਧੀਨ ਚਲ ਕੇ ਆਪਣੀ ਜ਼ਿੰਦਗੀ ਬਤੀਤ ਕਰਦਾ ਹੈ ਉਹ ਵਿਅਕਤੀ ਕਦੇ ਵੀ ਮੁਕਤ ਨਹੀਂ ਹੋ ਸਕਦਾ। ਪੰਜਾਬੀ ਦੀ ਇੱਕ ਕਹਾਵਤ ਹੈ ਕਿ " ਭੱਠ ਭਇਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ "। ਜੇਕਰ ਮਨੁੱਖਾਂ ਜਨਮ ਵਿੱਚ ਆਕੇ ਮੁਕਤ ਹੀ ਨਾ ਹੋਏ ਤਾਂ ਫ਼ਿਰ ਗੁਰਦੁਆਰਿਆਂ ਵਿੱਚ ਸੇਵਾ ਨਿਭਾਉਂਣ ਦਾ ਕੀ ਲਾਭ ਹੋਇਆ ?

ਗੁਰਦੁਆਰਿਆਂ ਦੇ ਪਰਬੰਧ ਲਈ ਪ੍ਰਬੰਧਕ ਕਮੇਟੀਆਂ ਬਣਨਾ ਜਰੂਰੀ ਹੈ ਪਰ ਗੁਰਦੁਆਰੇ ਦੇ ਪਰਬੰਧ ਲਈ ਕਮੇਟੀ ਬਣਾਉਣ ਦਾ ਤਰੀਕਾ ਹੈ ਸਲੈਕਸ਼ਨ ਨਾ ਕੇ ਇਲੈਕਸ਼ਨ। ਮੌਜੂਦਾ ਸਮੇਂ ਸਿੱਖ ਸਮਾਜ ਦੇ ਬਹੁਤੇ ਗੁਰਦੁਆਰਿਆਂ ਵਿੱਚ ਕਮੇਟੀਆਂ ਇਲੈਕਸ਼ਨ ਨਾਲ ਬਣਦੀਆਂ ਹਨ ਜਿਸ ਕਰਕੇ ਸੰਗਤ ਧੜਿਆਂ ਵਿੱਚ ਵੰਡੀ ਜਾਂਦੀ ਹੈ ਕਮੇਟੀਆਂ ਸੰਗਤ ਨੂੰ ਆਪਣੇ ਹੱਕ ਵਿੱਚ ਕਰਨ ਲਈ ਸਿੱਖ ਰਹਿਤ ਮਰਯਾਦਾ ਦੀ ਜਗ੍ਹਾ ਮਨ ਮਰਜ਼ੀ ਦਾ ਗੋਲਮੋਲ ਪਰਚਾਰ ਕਰਵਾ ਕੇ ਲੁਭਾਵਣੇ ਲੰਗਰ ਖਵਾ ਕੇ ਆਪਣੇ ਕੰਮ ਚਲਾਈ ਜਾ ਰਹੀਆਂ ਹਨ ਜਿਸ ਦੇ ਨਤੀਜੇ ਵਜੋਂ ਹੀ ਸਿੱਖ ਸਮਾਜ ਸੁਗੜਦਾ ਜਾ ਰਿਹਾ ਹੈ।

ਸਿੱਖੀ ਸਿਧਾਂਤਾਂ ਮੁਤਾਬਿਕ ਸਿੱਖ ਹਮੇਸ਼ਾ ਹੀ ਕਿਰਤ ਕਰਕੇ ਆਪਣੀਆਂ ਲੋੜਾਂ ਪੂਰੀਆਂ ਕਰਦਾ ਹੈ। ਉਹ ਕਦੇ ਵੀ ਪਰਾਇਆਂ ਹੱਕ ਨਹੀਂ ਖਾ ਸਕਦਾ। ਜੇਕਰ ਕੋਈ ਪਰਾਇਆਂ ਹੱਕ ਖਾਂਦਾ ਹੈ ਤਾਂ ਉਹ ਖੁਦ ਆਪ ਹੀ ਸਮਝ ਲਵੇ ਕਿ ਉਹ ਸਿੱਖ ਨਹੀਂ ਹੈ। ਹਰੇਕ ਸਿੱਖ ਲਈ ਹੁਕਮ ਹੈ ਕਿ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਸਿੱਖੀ ਸਿਧਾਂਤਾਂ ਦਾ ਨਿਸ਼ਕਾਮ ਪਰਚਾਰ ਕਰੇ। ਸਿੱਖ ਰਹਿਤ ਮਰਿਯਾਦਾ ਵਿੱਚ ਲਿਖਿਆ ਹੋਇਆ ਹੈ ਕਿ ਸਿੱਖ ਗੁਰਬਾਣੀ ਆਪ ਪੜੇ (ਭਾਵ ਕਿ ਸਿੱਖੀ ਸਿਧਾਂਤਾਂ ਨੂੰ ਸਮਝਣ ਲਈ ਕਥਾ, ਕੀਰਤਨ ਆਦਿ ਆਪ ਕਰੇ) ਪਰ ਜੇਕਰ ਉਹ ਗੁਰਬਾਣੀ ਆਪ ਨਹੀਂ ਪੜ ਸਕਦਾ ਤਾਂ ਕਿਸੇ ਜਾਣਕਾਰ ਵਿਅਕਤੀ ਕੋਲੋਂ ਗੁਰਬਾਣੀ ਸੁਣ ਲਵੇ (ਭਾਵ ਕਿ ਪਰਚਾਰ ਸਮਝ ਲਵੇ) ਕਮੇਟੀ ਜਾਂ ਘਰ ਵਾਲਿਆਂ ਵਲੋਂ ਉਸਦੀਆਂ ਜਰੂਰਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਉਸਦੀ ਮਾਇਆ, ਬਸਤਰਾਂ ਅਨਾਜ਼ ਆਦਿ ਨਾਲ ਮਦਦ ਕੀਤੀ ਜਾਵੇ। ਚਾਹੀਦਾ ਤਾਂ ਇਹ ਹੈ ਕਿ ਸੇਵਾ ਭਾਵਨਾ ਨੂੰ ਮੁੱਖ ਰੱਖ ਕੇ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਰੱਖਣ ਵਾਲੇ ਅੰਮ੍ਰਿਤਧਾਰੀ ਗੁਰਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਿੱਚ ਆਉਣ। ਸੰਗਤ ਆਪਣੇ ਦਸਵੰਧ ਵਿੱਚੋਂ ਕੁਝ ਮਾਇਆ ਪੰਥਕ ਕਾਰਜਾਂ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਜਮ੍ਹਾਂ ਕਰਵਾਉਣ। ਕਮੇਟੀਆਂ ਨਿਸ਼ਕਾਮ ਸੇਵਾ ਕਰਨ ਵਾਲੇ ਪਰਚਾਰਕਾਂ ਨੂੰ ਗੁਰਦੁਆਰਿਆਂ ਵਿੱਚ ਨਿਯੁਕਤ ਕਰਨ। ਪਰਚਾਰਕ ਗੁਰਦੁਆਰਿਆਂ ਵਿੱਚ ਨਿਰੋਲ ਸਿੱਖੀ ਦੇ ਸਿਧਾਂਤਾਂ ਦਾ ਪਰਚਾਰ ਕਰਕੇ ਸੰਗਤਾਂ ਨੂੰ ਜਾਗਰੂਕ ਕਰਨ ਤੇ ਕਮੇਟੀਆਂ ਗੁਰੂ ਜੀ ਦੀ ਗੋਲਕ ਵਿੱਚੋਂ ਉਨ੍ਹਾਂ ਦੀਆਂ ਜਰੂਰਤਾਂ ਨੂੰ ਵੇਖਦਿਆਂ ਹੋਇਆ ਉਹਨਾਂ ਦੀ ਖੁਲ ਕੇ ਮਦਦ ਕਰਨ। ਇਸ ਤਰ੍ਹਾਂ ਕਰਨ ਦੇ ਨਾਲ ਪਰਚਾਰਕ ਗੁਰਦੁਆਰਿਆਂ ਵਿੱਚ ਪਰਚਾਰ ਵੀ ਸਹੀ ਕਰਨਗੇ ਸਮਾਂ ਵੀ ਵਧੇਰੇ ਨਹੀਂ ਲਗਾਉਣਗੇ ਤੇ ਸੰਗਤਾਂ ਵੀ ਸੰਤੁਸ਼ਟ ਹੋ ਜਾਇਆ ਕਰਨਗੀਆਂ। ਇਸ ਲਈ ਆਵੋ ਸਾਰੇ ਗੁਰਮਤਿ ਦੀ ਵਿਚਾਰਧਾਰਾ ਨੂੰ ਸਮਝਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਰਹਿਨੁਮਾਈ ਹੇਠ ਚਲ ਕੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਨੂੰ ਅਪਣਾ ਕੇ ਸਾਰੇ ਸਿੱਖ ਇੱਕ ਹੋ ਜਾਈਏ ਅਤੇ ਰਜੋ ਗੁਣ, ਤਮੋਂ ਗੁਣ ਅਤੇ ਸਤੋ ਗੁਣ 'ਚੋ ਬਾਹਰ ਨਿਕਲ ਕੇ ਚੌਥੇ ਪੱਦ ਵਿੱਚ ਰਹਿਕੇ ਸਭ ਸੇਵਾਵਾਂ ਨਿਭਾਉਣ ਦਾ ਯਤਨ ਕਰੀਏ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪਰਾਪਤ ਕਰਕੇ ਆਪਣੇ ਜੀਵਨ ਸਫਲ ਬਣਾਈਐ।

-0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M: 79733-70045**
**Email:** gurmatvirsa@gmail.com

# ਅਕਾਲੀ ਸਿਆਸਤ ਦਾ ਵਰਤਮਾਨ ਸੰਕਟ

**ਕੌਣ ਕਿਸ ਨੂੰ ਦੱਸੇ ਕਿ ਸਿੱਖ ਤਾਂ ਦੁਸ਼ਵਾਰੀਆਂ ਵਿਚ ਵੀ ਇਤਿਹਾਸ ਸਿਰਜਦੇ ਰਹੇ ਹਨ ਪਰ ਮਿਲੀਆਂ ਹੋਈਆਂ ਸਿਆਸੀ ਸਹੂਲਤਾਂ ਨੇ ਅਕਾਲੀਆਂ ਦਾ ਇਹ ਰਾਹ ਕਿਵੇਂ ਤੇ ਕਿਉਂ ਰੋਕਿਆ? ਕੰਧ 'ਤੇ ਲਿਖੇ ਨੂੰ ਪੜ੍ਹਨ ਦੀ ਥਾਂ ਅਕਾਲੀਆਂ ਨੇ ਇਸ ਨੂੰ ਟੰਗੀ ਕਿਉਂ ਰੱਖਿਆ? ਲੋਕਤੰਤਰ ਦੀ ਫੈਡਰਲ ਸਿਆਸਤ ਵਿੱਚੋਂ ਜਗੀਰਦਾਰੀ ਦਾ ਭੂਤ ਕਿਵੇਂ ਤੇ ਕਿਉਂ ਨਿਕਲਿਆ? ਸਿਆਸਤ ਨਹੀਂ ਸੇਵਾ ਨੂੰ ਸੌਖਿਆਂ ਅਮੀਰ ਹੋਣ ਅਤੇ ਬਿਨਾਂ ਕੰਮ ਕੀਤਿਆਂ ਮੌਜਾਂ ਲੈਣ ਵਾਲੀ ਸਿਆਸਤ ਕਿਸ ਨੇ ਬਣਾਇਆ? ਇਨ੍ਹਾਂ ਸਵਾਲਾਂ ਦੇ ਜਵਾਬ ਵਿਚ ਅਕਾਲੀਆਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਅਕਾਲੀਆਂ ਵਿੱਚੋਂ ਅਕਾਲੀਅਤ ਕਦੋਂ ਤੇ ਕਿਵੇਂ ਗੁੰਮ ਹੋ ਗਈ ਹੈ? ਜੇ ਸਿੱਖ ਹੀ 'ਰਾਖਾ ਆਪ ਅਕਾਲ ਅਕਾਲੀਆਂ ਦਾ' ਦੀ ਭਾਵਨਾ ਵਿਚ ਅਕਾਲੀ ਹੋਇਆ ਸੀ ਤਾਂ ਵਰਤਮਾਨ ਅਕਾਲੀਆਂ ਨੂੰ ਅਕਾਲੀ ਹੋਣ ਵਾਸਤੇ ਸਿੱਖ ਹੋਣ ਦੀ ਲੋੜ ਕਿਉਂ ਮਹਿਸੂਸ ਨਹੀਂ ਹੋ ਰਹੀ?**

**ਬਲਕਾਰ ਸਿੰਘ ਪ੍ਰੋਫੈਸਰ**

ਗੁਰੂ ਨਾਨਕ ਦੇਵ ਦੇ 1499 ਵਿਚ ਦਿੱਤੇ ਗਏ 'ਵੇਈਂ ਨਦੀ ਸੰਦੇਸ਼' (ਨ ਕੋ ਹਿੰਦੂ ਨ ਮੁਸਲਮਾਨ) ਤੋਂ ਪਿੱਛੋਂ ਪੰਜਾਬ ਸਭਿਆਚਾਰਕ ਖਿੱਤੇ ਦੇ ਨਾਲ-ਨਾਲ ਗੁਰੂ ਦੇ ਨਾਮ 'ਤੇ ਜਿਊਣ ਵਾਲਾ ਪੰਜਾਬ ਹੋ ਗਿਆ ਸੀ। ਗੁਰੂ ਚਿੰਤਨ ਦਾ ਪੰਘੂੜਾ ਹੋਣ ਕਰ ਕੇ ਪੰਜਾਬ ਵਿਚੋਂ ਕੁਝ ਵੀ ਮਨਫੀ ਕਰਨ ਦੀ ਲੋੜ ਨਹੀਂ ਪਈ ਸੀ। ਇਹ ਉਸ ਗੁਰਮਤਿ ਵਿਧੀ ਕਰ ਕੇ ਵਾਪਰਿਆ ਸੀ ਜਿਸ ਨੇ ਪ੍ਰਾਪਤ ਵਿੱਚੋਂ ਜੋ ਲੈਣ ਯੋਗ ਸੀ, ਉਹ ਲੈ ਲਿਆ ਸੀ; ਜੋ ਛੱਡਣ ਯੋਗ ਸੀ, ਉਹ ਛੱਡ ਲਿਆ ਸੀ। ਬੰਦੇ ਦੇ ਪੈਰੋਂ ਪੈਦਾ ਹੋਣ ਵਾਲੀਆਂ ਦੁਸ਼ਵਾਰੀਆਂ ਨੂੰ ਦੇਖਦਿਆਂ ਦੇਹ-ਗੁਰੂ ਦਾ ਸਦੀਵ ਬਦਲਾਓ 'ਗੁਰੂ ਮਾਨਿਓ ਗ੍ਰੰਥ' ਦੇ ਰੂਪ ਵਿਚ ਸ਼ਬਦ-ਗੁਰੂ ਕਰ ਦਿੱਤਾ ਗਿਆ ਸੀ। ਇਸੇ ਆਧਾਰ 'ਤੇ ਪੈਦਾ ਹੋਇਆ ਸਿੱਖ ਭਾਈਚਾਰਾ ਪੰਜਾਬ ਵਿਚ ਘੱਟਗਿਣਤੀ ਹੋਣ ਦੇ ਬਾਵਜੂਦ ਸਮਾਜਿਕ ਅਤੇ ਰਾਜਨੀਤਕ ਪੱਖੋਂ ਨੁਮਾਇਆ ਹੋ ਗਿਆ ਸੀ ਕਿਉਂਕਿ ਪੰਜਾਬ ਨੂੰ ਦਰਪੇਸ਼ ਮੁਹਿੰਮਾਂ ਦਾ ਸਾਹਮਣਾ ਇਹ ਭਾਈਚਾਰਾ ਅੱਗੇ ਲੱਗ ਕੇ ਕਰਦਾ ਰਿਹਾ ਸੀ। ਇਸੇ ਵਿਚੋਂ ਸਿੱਖ ਸਿਆਸਤ ਦਾ ਮੁੱਢ ਬਾਬਾ ਬੰਦਾ ਸਿੰਘ ਬਹਾਦਰ ਨਾਲ ਬੱਝ ਗਿਆ ਸੀ। ਇਹੀ ਬਰਾਸਤਾ ਮਹਰਾਜਾ ਰਣਜੀਤ ਸਿੰਘ, ਅਕਾਲੀਆਂ ਤੱਕ ਪਹੁੰਚ ਗਿਆ ਸੀ। ਸੀ ਨੂੰ ਹੈ ਜਾਂ ਹੋਣਾ ਵਿਚ ਅਨੁਵਾਦ ਕਰਨ ਦੀ ਅਕਾਲੀ ਰਾਜਨੀਤੀ ਦਾ ਵਰਤਮਾਨ ਅਕਾਲੀ ਸੰਕਟ ਵਾਂਗ ਸਭ ਦੇ ਸਾਹਮਣੇ ਹੈ।

ਵਿਦਵਾਨਾਂ ਨੇ ਅਕਾਲੀ ਦਲ ਨੂੰ ਚੁਣੌਤੀਆਂ ਦਾ ਟਾਕਰਾ ਕਰਨ ਵਾਲਾ ਅਤੇ ਤਬਦੀਲੀਆਂ ਦਾ ਗਵਾਹ ਮੰਨਦਿਆਂ ਅਕਾਲੀਆਂ ਨੂੰ ਇਸ ਦੇ ਵਾਰਸ ਮੰਨਿਆ ਹੋਇਆ ਹੈ। ਵਿਰਾਸਤੀ ਪ੍ਰਸੰਗ ਵਿਚੋਂ ਨਿਕਲ ਕੇ ਮਾਲਕੀ ਸੁਰ ਵਿਚ ਅਕਾਲੀ ਆਗੂ ਪੰਜਾਬ ਦੀ ਸਿਆਸਤ ਨੂੰ ਜਗੀਰਦਾਰੀ ਸ਼ੈਲੀ ਵਿਚ ਹੰਢਾਉਣ ਦੀ ਜਿਵੇਂ-ਜਿਵੇਂ ਕੋਸ਼ਿਸ਼ ਕਰਦੇ ਗਏ, ਉਵੇਂ-ਉਵੇਂ ਉਹ ਸਿੱਖ ਸੁਰ ਨਾਲੋਂ ਦੂਰ ਹੁੰਦੇ ਚਲੇ ਗਏ। ਇਸ ਨਾਲ ਸੰਗਤੀ ਸੁਰ ਵਾਲੀ ਫੈਡਰਲ ਰਾਜਨੀਤੀ ਕਥਿਤ ਜਰਨੈਲੀ ਵਿਅਕਤੀਵਾਦ ਵਿਚ ਢਲਦੀ-ਢਲਦੀ ਇਸ ਵੇਲੇ ਸਿਖਰ 'ਤੇ ਪਹੁੰਚ ਗਈ ਹੈ। ਇਸ ਬਾਰੇ ਅੰਦਰੋਂ ਬਣੀ ਝੂੰਦਾਂ ਕਮੇਟੀ ਨੇ ਜਿੰਨਾ ਕੁ ਸੱਚ ਸਾਹਮਣੇ ਲਿਆਂਦਾ ਸੀ, ਉਸ ਵੱਲ ਵੀ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਗਈ। ਦਸ ਸਾਲ ਦੇ ਕਾਰਜਕਾਲ ਦੌਰਾਨ ਸੱਤਾ ਚਲਾਉਣ ਵਾਲਿਆਂ ਨੇ ਮਨਮਰਜ਼ੀਆਂ ਕੀਤੀਆਂ। ਇਹ ਮਸਲਾ ਅਕਾਲੀਆਂ ਨੇ ਹੀ ਅਕਾਲੀਆਂ ਵਿਰੁੱਧ ਅਕਾਲ ਤਖਤ ਸਾਹਿਬ 'ਤੇ ਪਹੁੰਚਾ ਦਿੱਤਾ ਹੈ। ਇਸ ਬਾਰੇ ਦਾਨਿਸ਼ਵਰਾਂ ਦੀ ਮੀਟਿੰਗ ਹੋ ਚੁੱਕੀ ਹੈ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਪ੍ਰਭੂਸੱਤਾ ਦਾ ਸਮਰਥਨ ਕੀਤਾ ਜਾ ਚੁੱਕਾ ਹੈ। ਜੋ ਸਭ ਨੂੰ ਨਜ਼ਰ ਆ ਰਿਹਾ ਹੈ, ਉਹ ਅਕਾਲੀਆਂ ਨੂੰ ਬਿਲਕੁਲ ਨਜ਼ਰ ਨਹੀਂ ਆ ਰਿਹਾ? ਇਸ ਹਾਲਤ ਵਿਚ ਫੈਸਲਾ ਕਰਨ ਦੀ ਥਾਂ ਰਾਹ ਕੱਢਣ ਦੀ ਸੰਗਤੀ ਵਿਧਾ ਨੂੰ ਕੇਂਦਰ ਵਿਚ ਰੱਖ ਕੇ ਮੈਂ ਆਪਣੀ ਰਾਏ ਜਥੇਦਾਰ ਨੂੰ ਲਿਖ ਕੇ ਭੇਜੀ ਸੀ:



**ਬਲਕਾਰ ਸਿੰਘ ਪ੍ਰੋਫੈਸਰ**
**93163-01328**

"ਦਰਪੇਸ਼ ਮੁੱਦਾ ਇਹ ਹੈ ਕਿ ਅਕਾਲੀਆਂ ਨੂੰ ਬਚਾਉਣਾ ਹੈ ਕਿ ਅਕਾਲੀ ਦਲ ਨੂੰ ਬਚਾਉਣਾ ਹੈ? ਅਕਾਲੀਆਂ ਨੂੰ ਸਿਆਸੀ ਸੁਰ ਵਿਚ ਬਚਾਇਆ ਜਾ ਸਕਦਾ ਹੈ ਅਤੇ ਅਕਾਲੀ ਦਲ ਨੂੰ ਪੰਥਕ ਸੰਸਥਾ ਵਜੋਂ ਸਿੱਖ ਸੁਰ ਵਿਚ



ਬਚਾਇਆ ਜਾ ਸਕਦਾ ਹੈ? ਸਿਆਸੀ ਸੁਰ ਵਿਚ ਫੈਸਲਾ ਕਰਨਾ ਪੈਣਾ ਹੈ ਅਤੇ ਸਿੱਖ ਸੁਰ ਵਿਚ ਰਾਹ ਕੱਢਣਾ ਪੈਣਾ ਹੈ। ਲੱਗਦਾ ਹੈ ਕਿ ਸੰਕਟ ਅਕਾਲੀਆਂ ਦਾ ਹੈ, ਅਕਾਲੀ ਦਲ ਦਾ ਨਹੀਂ ਅਤੇ ਵਰਤਮਾਨ ਅਕਾਲੀ ਸੰਕਟ ਦੀਆਂ ਇਹ ਤਿੰਨ ਧਿਰਾਂ ਹਨ: 1) ਅਕਾਲੀ ਸਿਆਸਤਦਾਨ ਕਿਸੇ ਵੀ ਰੰਗ ਦਾ; 2) ਸਿੱਖ ਸੰਗਤ; 3) ਸਿੱਖ ਪੰਥ।

ਮਸਲਾ ਅਕਾਲੀ ਸਿਆਸਤਦਾਨ ਹਨ ਜਾਂ ਅਕਾਲੀ ਸਿਆਸਤ, ਇਸ ਨੂੰ ਅਕਾਲੀ ਦਲ ਨਾਲ ਨਹੀਂ ਉਲਝਾਉਣਾ ਚਾਹੀਦਾ ਕਿਉਂਕਿ ਅਕਾਲੀ ਦਲ ਨੂੰ ਅਕਾਲੀ ਸਿਆਸਤਦਾਨ ਫੇਲ੍ਹ ਕਰ ਚੁੱਕੇ ਹਨ। ਅਕਾਲੀ ਦਲ ਤਾਂ ਇਸ ਵੇਲੇ ਸਿਆਸੀ ਅਪਹਰਨ ਦਾ ਉਸੇ ਤਰ੍ਹਾਂ ਸ਼ਿਕਾਰ ਹੈ ਜਿਵੇਂ ਸਿੱਖ ਸੰਸਥਾਵਾਂ ਹਨ। ਨਤੀਜੇ ਵਜੋਂ ਕਿਸੇ ਵੀ ਰੰਗ ਦਾ ਅਕਾਲੀ ਸਿਆਸਤਦਾਨ, ਸਿੱਖ ਸੰਗਤ ਅਤੇ ਸਿੱਖ ਪੰਥ ਵਿਚ ਆਪਣੀ ਸਾਖ ਗੁਆ ਚੁੱਕਾ ਨਜ਼ਰ ਆ ਰਿਹਾ ਹੈ ਅਤੇ ਗੁਆਚੀ ਸਾਖ ਦੀ ਬਹਾਲੀ ਦਾ ਸਿਆਸੀ ਪੈਂਤੜਾ, ਦਾਗ਼ੀਆਂ ਤੇ ਬਾਗ਼ੀਆਂ ਦੇ ਰੂਪ ਵਿਚ ਅਕਾਲ ਤਖਤ ਸਾਹਿਬ 'ਤੇ ਪਹੁੰਚ ਚੁੱਕਾ ਹੈ।

ਸਿਆਸਤਦਾਨਾਂ ਦੇ ਪੈਰੋਂ ਪੈਦਾ ਹੋਈਆਂ ਦੁਸ਼ਵਾਰੀਆਂ ਨੂੰ ਸਿਆਸਤਦਾਨਾਂ ਰਾਹੀਂ ਨਹੀਂ ਸੁਲਝਾਇਆ ਜਾ ਸਕਦਾ ਕਿਉਂਕਿ ਜੋ ਉਖੜਿਆ ਤੇ ਉਲਝਿਆ ਹੋਇਆ ਹੈ, ਉਸ ਤੋਂ ਸੁਲਝਾਉਣ ਦੀ ਆਸ ਹੀ ਕਿਵੇਂ ਕੀਤੀ ਜਾ ਸਕਦੀ ਹੈ? ਤਾਂ ਤੇ ਦਾਗ਼ੀਆਂ, ਬਾਗ਼ੀਆਂ ਅਤੇ ਸਿਆਸੀ ਸ਼ਹਿ ਲਾਈ ਬੈਠੇ ਸਿੱਖ ਸਿਆਸਤਦਾਨਾਂ ਬਾਰੇ ਫੈਸਲਾ ਕਰਨ ਦੀ ਥਾਂ ਸਿੱਖ ਸੰਗਤ ਅਤੇ ਸਿੱਖ ਪੰਥ ਰਾਹੀਂ ਦਰਪੇਸ਼ ਮਸਲੇ ਵਾਸਤੇ ਰਾਹ ਪੱਧਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਜਿਹਾ ਜੇ ਇਸ ਵੇਲੇ ਸਿਧਾਂਤ ਅਤੇ ਪਰੰਪਰਾ ਮੁਤਾਬਿਕ ਨਾ ਵੀ ਸੰਭਵ ਲੱਗੇ ਤਾਂ ਵੀ ਇਸ ਨੂੰ ਇਸ ਤਰ੍ਹਾਂ ਸਮਝਣ ਦੀ ਕੋਸ਼ਿਸ਼ ਤਾਂ ਕੀਤੀ ਹੀ ਜਾ ਸਕਦੀ ਹੈ ਕਿ ਸਿਆਸੀ ਫੈਸਲਾ ਕਰਨ ਦੀ ਥਾਂ ਮੌਜੂਦਾ ਸਿਆਸਤ ਨਾਲ ਤੁਰ ਸਕਣ ਦੀਆਂ ਸੰਭਾਵਨਾਵਾਂ ਤਲਾਸ਼ਣ ਵਾਲੀ ਗੁਰਮਤਿ ਭਾਵਨਾ ਵਾਲਾ ਪੰਥਕ ਰਾਹ ਸਮਝਿਆ/ਸਮਝਾਇਆ ਜਾ ਸਕਦਾ ਹੈ।

ਵਰਤਮਾਨ ਸਿਆਸੀ ਸੰਕਟ ਕਿਸੇ ਸਿਧਾਂਤਕ ਅਤੇ ਪਰੰਪਰਕ ਲਗਾਤਾਰਤਾ ਵਿਚ ਨਜ਼ਰ ਨਾ ਆਉਣ ਕਰ ਕੇ

**ਬਾਕੀ ਸਫਾ 29 'ਤੇ**




# ਕੀ ਹੁੰਦਾ ਹੈ ਸਪੇਸ ਸੂਟ?

–ਅਮਰਜੀਤ ਚੰਦਰ 94176–00014

ਪਿਆਰੇ ਬੱਚਿਓ, ਤੁਸੀਂ ਦੇਖਿਆ ਹੋਵੇਗਾ ਕਿ ਪੁਲਾੜ ਯਾਤਰੀ ਹਮੇਸ਼ਾਂ ਹੀ ਇੱਕ ਪ੍ਰਕਾਰ ਦੇ ਕੱਪੜੇ ਪਹਿਨਦੇ ਹਨ। ਇੱਕ ਮੋਟਾ ਜਿਹਾ ਸੂਟ ਅਤੇ ਉਸ 'ਤੇ ਹੈਲਮਟ ਅਤੇ ਆਕਸੀਜਨ ਮਾਸਕ ਵੀ ਲੱਗਿਆ ਰਹਿੰਦਾ ਹੈ। ਪੁਲਾੜ ਵਿੱਚ ਜਾਣ ਮਗਰੋਂ ਯਾਤਰੀਆਂ ਨੂੰ ਇਹੀ ਸੂਟ ਪਹਿਨਣਾ ਪੈਂਦਾ ਹੈ। ਇਸ ਨੂੰ ਸਪੇਸ ਸੂਟ ਕਹਿੰਦੇ ਹਨ।

ਇਸ ਸਪੇਸ ਸੂਟ ਨੂੰ ਪਹਿਨੇ ਤੋਂ ਬਿਨਾਂ ਪੁਲਾੜ ਵਿੱਚ ਰਹਿਣਾ ਸੰਭਵ ਨਹੀਂ ਹੁੰਦਾ। ਸਪੇਸ ਸੂਟ ਦੀ ਵਜ੍ਹਾ ਨਾਲ ਹੀ ਪੁਲਾੜ ਦੇ ਮਾਹੌਲ ਵਿੱਚ ਪੁਲਾੜ ਯਾਤਰੀ ਜੀਵਤ ਰਹਿੰਦੇ ਹਨ। ਸਪੇਸ ਸੂਟ ਨੂੰ ਤਿਆਰ ਕਰਨ ਲਈ ਵੀ ਵਿਗਿਆਨੀਆਂ ਨੇ ਬੜੀ ਮਿਹਨਤ ਅਤੇ ਸੋਧ ਕੀਤੀ ਹੈ।



ਇਹ ਸੂਟ ਉਸ ਕੱਪੜੇ ਦਾ ਨਹੀਂ ਬਣਿਆ ਹੁੰਦਾ ਜਿਹਨੂੰ ਆਪਾ ਪਹਿਨਦੇ ਹਾਂ। ਨਾਸਾ ਦੇ ਵਿਗਿਆਨਕ ਪੁਲਾੜ ਦੀਆਂ ਸਥਿਤੀਆਂ ਜਾਣਨ ਤੋਂ ਬਾਅਦ ਪੁਲਾੜ ਯਾਤਰੀਆਂ ਲਈ ਵੱਖ ਵੱਖ ਪਦਾਰਥਾਂ ਦਾ ਇਸਤੇਮਾਲ ਕਰਦੇ ਹੋਏ ਸਪੇਸ ਸੂਟ ਤਿਆਰ ਕਰਦੇ ਹਨ।

ਇਸ ਸੂਟ ਨੂੰ ਪਹਿਨਣ ਤੋਂ ਬਾਅਦ ਪੁਲਾੜ ਯਾਤਰੀਆਂ ਦੇ ਸਰੀਰ ਦਾ ਤਾਪਮਾਨ ਅਤੇ ਬਾਹਰਲੇ ਵਾਤਾਵਰਨ ਨਾਲ ਸਰੀਰ 'ਤੇ ਪੈਣ ਵਾਲਾ ਦਬਾਅ ਕੰਟਰੋਲ ਵਿੱਚ ਰਹਿੰਦਾ ਹੈ। ਇਸ ਦੇ ਨਾਲ ਹੀ ਇਹ ਸੂਟ ਇਸ ਤਰ੍ਹਾਂ ਨਾਲ ਬਣਾਇਆ ਜਾਂਦਾ ਹੈ ਕਿ ਪੁਲਾੜ ਵਿੱਚ ਮੌਜੂਦ ਹਾਨੀਕਾਰਕ ਕਿਰਨਾਂ ਤੋਂ ਉਨ੍ਹਾਂ ਦੇ ਸਰੀਰ ਨੂੰ ਬਚਾਉਣ ਲਈ ਇਹ ਕਵਚ ਦਾ ਕੰਮ ਕਰੇ।

ਇਸ ਸੂਟ ਦੇ ਅੰਦਰ ਇੱਕ ਲਾਈਫ ਸਪੋਰਟਿੰਗ ਸਿਸਟਮ ਹੁੰਦਾ ਹੈ, ਜਿਸ ਨਾਲ ਪੁਲਾੜ ਯਾਤਰੀਆਂ ਨੂੰ ਸ਼ੁੱਧ ਆਕਸੀਜਨ ਪ੍ਰਾਪਤ ਹੁੰਦੀ ਹੈ। ਇਸ ਸੂਟ ਦੇ ਅੰਦਰ ਗੈਸ ਅਤੇ ਤਰਲ ਪਦਾਰਥਾਂ ਨੂੰ ਰੀਚਾਰਜ ਅਤੇ ਡਿਸਚਾਰਜ ਕਰਨ ਦੀ ਵਿਵਸਥਾ ਵੀ ਹੁੰਦੀ ਹੈ। ਇਸ ਸੂਟ ਵਿੱਚ ਹੀ ਪੁਲਾੜ ਯਾਤਰੀ ਉੱਥੋਂ ਇਕੱਠੇ ਕੀਤੇ ਗਏ ਕਣਾਂ ਨੂੰ ਸੁਰੱਖਿਅਤ ਰੱਖ ਸਕਦੇ ਹਨ। –0–

# ਹੈਲੀਕਾਪਟਰ ਦੀ ਵਿਕਾਸ ਯਾਤਰਾ

–ਅਮਰਜੀਤ ਚੰਦਰ 94176–00014

ਬੱਚਿਓ! ਕਿਸੇ ਦੁਰਘਟਨਾ ਵਿੱਚ ਫਸੇ ਲੋਕਾਂ ਨੂੰ ਬਚਾਉਣਾ ਹੋਵੇ, ਹੜ੍ਹ ਜਾਂ ਤੂਫ਼ਾਨ ਪੀੜਤਾਂ ਦੀ ਸਹਾਇਤਾ ਕਰਨੀ ਹੋਵੇ, ਲੜਾਈ ਦੇ ਸਮੇਂ ਜ਼ਖ਼ਮੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣਾ ਹੋਵੇ, ਸੈਨਿਕਾਂ ਨੂੰ ਵੱਖ ਵੱਖ ਮੋਰਚਿਆਂ 'ਤੇ ਲਾਉਣਾ ਆਦਿ ਕੰਮਾਂ ਵਿੱਚ ਹੈਲੀਕਾਪਟਰ ਵਰਦਾਨ ਸਾਬਤ ਹੁੰਦਾ ਹੈ। ਆਓ ਆਪਾਂ ਇਸ ਦੀ ਵਿਕਾਸ ਯਾਤਰਾ 'ਤੇ ਚੱਲੀਏ।



ਹੈਲੀਕਾਪਟਰ ਮਤਲਬ ਸਿੱਧੀ ਉਡਾਣ ਭਰਨ ਵਾਲੇ ਹਵਾਈ ਵਾਹਨਾਂ ਦੀ ਕਲਪਨਾ ਸਭ ਤੋਂ ਪਹਿਲਾਂ ਸਾਲ 1500 ਦੇ ਲਗਭਗ ਲੀਓਨਾਰਡੋ ਦਿ ਵਿੰਚੀ ਨੇ ਕੀਤੀ ਸੀ। ਉਸ ਨੇ ਹੈਲੀਕਾਪਟਰ ਦੇ ਸਰਲ ਅਤੇ ਕੁੰਡਲਦਾਰ ਪੇਚਾਂ ਉੱਤੇ ਆਧਾਰਿਤ ਅਨੇਕਾਂ ਚਿੱਤਰ ਵੀ ਬਣਾਏ। ਸਾਲ 1800 ਦੇ ਲਗਭਗ ਸਰ ਜੌਰਜ ਕੈਲੀ ਨਾਂ ਦੇ ਅੰਗਰੇਜ਼ ਨੇ ਵੀ ਹੈਲੀਕਾਪਟਰ 'ਤੇ ਕੁਝ ਤਜਰਬੇ ਕੀਤੇ। ਉਸ ਦਾ ਬਣਾਇਆ ਹੈਲੀਕਾਪਟਰ ਦਾ ਮਾਡਲ 90 ਫੁੱਟ ਦੀ ਉੱਚਾਈ ਤਕ ਉੱਡਿਆ। ਇਸੇ ਤਰ੍ਹਾਂ ਇਟਲੀ ਦੇ ਇੱਕ ਨੌਜਵਾਨ ਨੇ ਵੀ ਭਾਫ਼ ਨਾਲ ਚੱਲਣ ਵਾਲੀ ਮਸ਼ੀਨ ਨੂੰ 40 ਫੁੱਟ ਉੱਪਰ ਤਕ ਉਡਾਇਆ।

20ਵੀਂ ਸਦੀ ਦੇ ਸ਼ੁਰੂ ਵਿੱਚ ਬਰਲਿਨ ਵਾਸੀ ਹਰਮਾਨ ਗੈਂਸ ਵਿੰਟ ਨੇ ਇੱਕ ਹੈਲੀਕਾਪਟਰ ਬਣਾਇਆ ਜੋ ਸਾਈਕਲ ਦੇ ਪੈਡਲਾਂ ਨਾਲ ਚਲਾਇਆ ਜਾਂਦਾ ਸੀ। 1907 ਵਿੱਚ ਫਰਾਂਸੀਸੀ ਖੋਜੀ ਕੋਰਨੂ ਨੇ ਇੱਕ ਨੌਜਵਾਨ ਨਾਲ ਬੈਠ ਕੇ ਇੱਕ ਮਿੰਟ ਤਕ ਆਪਣਾ ਹੈਲੀਕਾਪਟਰ ਉਡਾਇਆ।

ਈਗੋਰ ਸਿਕੋਰਸਕੀ (ਰੂਸੀ ਅਮਰੀਕੀ) ਨੇ ਲਗਭਗ 1909 ਵਿੱਚ ਆਪਣਾ ਪਹਿਲਾ ਹੈਲੀਕਾਪਟਰ ਤਿਆਰ ਕੀਤਾ। ਇਸ ਵਿੱਚ ਪੈਟਰੋਲ ਇੰਜਣ ਦੀ ਵਰਤੋਂ ਕੀਤੀ ਗਈ ਸੀ। ਇਸ ਹੈਲੀਕਾਪਟਰ ਦੀ ਉੱਡਣ ਸ਼ਕਤੀ ਇਸ ਦੇ ਭਾਰ ਨਾਲੋਂ ਘੱਟ ਸੀ। 1938 ਵਿੱਚ ਜਰਮਨੀ ਦੀ ਫੋਕ ਜਹਾਜ਼ ਕੰਪਨੀ ਵਿੱਚ ਇੱਕ ਜਰਮਨ ਦਲ ਨੇ ਇਹੋ ਜਿਹਾ ਹੈਲੀਕਾਪਟਰ ਬਣਾਉਣ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਜੋ ਹਵਾ ਵਿੱਚ ਸਿੱਧਾ ਉੱਪਰ ਉੱਠਕੇ ਉੱਡ ਸਕਦਾ ਸੀ। ਇਸ ਵਿੱਚ 150 ਹਾਰਸ ਪਾਵਰ ਦਾ ਇੰਜਣ ਲਗਾਇਆ ਗਿਆ ਸੀ। ਪ੍ਰਦਰਸ਼ਨ ਦੌਰਾਨ ਇਹ ਹੈਲੀਕਾਪਟਰ 11500 ਫੁੱਟ ਦੀ ਉੱਚਾਈ ਤਕ ਜਾ ਪੁੱਜਾ ਸੀ। ਫੋਕ ਕੰਪਨੀ ਦਾ ਹੀ ਦੂਜਾ ਹੈਲੀਕਾਪਟਰ ਫੋਕ–223 ਸਾਲ 1940 ਵਿੱਚ ਬਣਕੇ ਤਿਆਰ ਹੋਇਆ। ਇਹ ਲਗਭਗ 23 ਹਜ਼ਾਰ 400 ਫੁੱਟ ਦੀ ਉੱਚਾਈ ਤਕ ਜਾ ਪੁੱਜਿਆ ਸੀ। ਇਸ ਹੈਲੀਕਾਪਟਰ ਵਿੱਚ 1 ਹਜ਼ਾਰ ਹਾਰਸ ਪਾਵਰ ਦਾ ਇੰਜਣ ਲਗਾਇਆ ਗਿਆ ਸੀ, ਪਰ ਦੂਜੇ ਵਿਸ਼ਵ ਯੁੱਧ ਦੇ ਕਾਰਨ ਇਸ ਦੀ ਚਰਚਾ ਜਰਮਨੀ ਦੇ ਬਾਹਰ ਨਾ ਹੋ ਸਕੀ।

ਸਿਕੋਰਸਕੀ ਨੇ ਅਮਰੀਕੀ ਸੈਨਾ ਲਈ ਵੀ ਹੈਲੀਕਾਪਟਰ ਬਣਾਇਆ। ਇਸ ਦਾ ਤਜਰਬਾ ਦਸੰਬਰ, 1940 ਵਿੱਚ ਕੀਤਾ। ਇਸ ਪ੍ਰਕਾਰ ਸਿਕੋਰਸਕੀ ਹੈਲੀਕਾਪਟਰ ਖੋਜੀ ਦੇ ਰੂਪ ਵਿੱਚ ਸਥਾਪਿਤ ਹੋ ਗਏ। ਇਸ ਦੇ ਬਾਅਦ ਇਸ ਵਿੱਚ ਅਨੇਕਾਂ ਹੀ ਸੁਧਾਰ ਕਰਕੇ ਇਸ ਨੂੰ ਹੋਰ ਉਪਯੋਗੀ, ਭਰੋਸੇਮੰਦ ਬਣਾਇਆ ਗਿਆ। ਵਰਤਮਾਨ ਸਮੇਂ ਵਿੱਚ ਵਿਗਿਆਨਕ ਤਕਨੀਕ ਨੇ ਹੈਲੀਕਾਪਟਰ ਵਿੱਚ ਬਹੁਤ ਹੀ ਹੈਰਾਨਕੁੰਨ ਸੁਧਾਰ ਕਰ ਦਿੱਤੇ ਹਨ।

ਪ੍ਰੇਰਕ ਪ੍ਰਸੰਗ

# ਸਾਹਸੀ ਬਾਲਕ

ਪਰਮਿੰਦਰ ਕੁਮਾਰ # 94630-15097

ਗੱਲ ਬਹੁਤ ਪੁਰਾਣੀ ਹੈ। ਅਮਰੀਕਾ ਦੀ ਇੱਕ ਨਦੀ ਵਿੱਚ ਹੜ੍ਹ ਆ ਗਿਆ। ਪਾਣੀ ਨੇ ਪਰਲੋ ਆਉਣ ਵਰਗਾ ਦ੍ਰਿਸ਼ ਪੇਸ਼ ਕਰ ਦਿੱਤਾ। ਨਦੀ ਕਿਨਾਰੇ ਰਹਿਣ ਵਾਲੇ ਲੋਕ ਆਪਣੀ ਜਾਂ ਬਚਾਉਣ ਲਈ ਇੱਧਰ ਉੱਧਰ ਦੌੜਨ ਲੱਗ ਪਏ। ਕੁਝ ਸਮੇਂ ਬਾਅਦ ਨਦੀ ਸ਼ਾਂਤ ਹੋ ਗਈ। ਉਸ ਸਮੇਂ ਇੱਕ ਔਰਤ ਨਦੀ ਕਿਨਾਰੇ ਆਪਣੇ ਛੋਟੇ ਜਿਹੇ ਪੁੱਤ ਨੂੰ ਗੋਦੀ ਵਿੱਚ ਲੈ ਕੇ ਆ ਗਈ। ਬੱਚਾ ਪਾਣੀ ਵਿੱਚ ਜਾਣ ਲਈ ਜ਼ਿੱਦ ਕਰ ਰਿਹਾ ਸੀ, ਪਰ ਮਾਂ ਨੇ ਖ਼ਤਰੇ ਨੂੰ ਭਾਂਪਦਿਆਂ ਉਸ ਦੇ ਹੱਥ ਨੂੰ ਘੁੱਟ ਕੇ ਫੜਿਆ ਹੋਇਆ ਸੀ। ਬੱਚੇ ਦੇ ਨਾ ਮੰਨਣ 'ਤੇ ਮਾਂ ਬੱਚੇ ਨੂੰ ਪਾਣੀ ਕੋਲ ਲੈ ਗਈ ਅਤੇ ਬੱਚੇ ਨੇ ਪਾਣੀ ਵਿੱਚ ਨੱਚਣਾ-ਕੁੱਦਣਾ ਸ਼ੁਰੂ ਕਰ ਦਿੱਤਾ, ਪਰ ਅਚਾਨਕ ਪਾਣੀ ਦੇ ਤੇਜ਼ ਵਹਾਅ ਕਾਰਨ ਬੱਚਾ ਸੰਭਲ ਨਾ ਪਾਇਆ ਤੇ ਪਾਣੀ ਵਿੱਚ ਡੁਬਕੀਆਂ ਖਾਣ ਲੱਗ ਪਿਆ। ਮਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, ਪਰ ਪਾਣੀ ਦੇ ਤੇਜ਼ ਵਹਾਅ ਅੱਗੇ ਕੋਈ ਹੌਸਲਾ ਨਹੀਂ ਕਰ ਰਿਹਾ ਸੀ। ਹੌਲੀ ਹੌਲੀ ਬੱਚਾ ਮਾਂ ਦੀਆਂ ਨਜ਼ਰਾਂ ਤੋਂ ਓਹਲੇ ਹੋ ਗਿਆ। ਪੁੱਤਰ ਦੇ ਪਿਆਰ ਵਿੱਚ ਡੁੱਬੀ ਮਾਂ ਅਜੇ ਵੀ ਬੱਚੇ ਨੂੰ ਬਚਾਉਣ ਦੇ ਤਰਲੇ ਪਾ ਰਹੀ ਸੀ। ਐਨੇ ਨੂੰ ਇੱਕ ਨੌਜਵਾਨ ਤੇਜ਼ੀ ਨਾਲ ਆਇਆ ਅਤੇ ਬਿਨਾਂ ਕੱਪੜੇ ਉਤਾਰੇ ਨਦੀ ਵਿੱਚ ਕੁੱਦ ਪਿਆ।

ਡਿੱਕ ਡੋਲੇ ਖਾਂਦਾ ਉਹ ਅਮਰੀਕਾ ਦਾ ਪਹਿਲਾ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਕਾਫ਼ੀ ਅੱਗੇ ਚਲਾ ਗਿਆ। ਆਖਰ, ਉਸ ਨੇ ਜਾਨ ਦੀ ਬਾਜ਼ੀ ਲਾ ਕੇ ਉਸ ਬੱਚੇ ਨੂੰ ਬਾਹਰ ਕੱਢ ਲਿਆਂਦਾ, ਪਰ ਬਾਹਰ ਆਉਣ ਸਾਰ ਉਹ ਬੇਹੋਸ਼ ਹੋ ਗਿਆ। ਬੱਚਾ ਤਾਂ ਪਹਿਲਾਂ ਹੀ ਬੇਹੋਸ਼ ਸੀ। ਦੋਵਾਂ ਨੂੰ ਕੁਝ ਸਮੇਂ ਬਾਅਦ ਹੋਸ਼ ਆ ਗਿਆ। ਬੱਚੇ ਦੀ ਮਾਂ ਉਸ ਨੌਜਵਾਨ ਦਾ ਧੰਨਵਾਦ ਕਰਨ ਲੱਗੀ ਤਾਂ ਉਸ ਨੌਜਵਾਨ ਨੇ ਕਿਹਾ,"ਮਾਂ,ਇਹ ਤਾਂ ਮੇਰਾ ਫ਼ਰਜ਼ ਸੀ ਜੋ ਮੈਂ ਅਦਾ ਕਰ ਦਿੱਤੈ।" ਪਤਾ ਹੈ ਇਹ ਨੌਜਵਾਨ ਦਾ ਨਾਮ ਕੀ ਸੀ। ਇਹ ਸੀ ਜਾਰਜ ਵਾਸ਼ਿੰਗਟਨ, ਜੋ ਬਾਅਦ ਵਿੱਚ ਅਮਰੀਕਾ ਦਾ ਪਹਿਲਾ ਰਾਸ਼ਟਰਪਤੀ ਬਣਿਆ। ਬੱਚਿਓ, ਇਸ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਜਿੱਥੇ ਵੀ ਤੁਸੀਂ ਕਿਸੇ ਦੇ ਕੰਮ ਆ ਸਕਦੇ ਹੋ, ਆਪਣਾ ਫ਼ਰਜ਼ ਸਮਝ ਕੇ ਸਾਹਮਣੇ ਵਾਲੇ ਦੀ ਮਦਦ ਜ਼ਰੂਰ ਕਰੋ।

# ਰਾਅ ਤੋਤਾ (ਗੰਗਾ ਰਾਮ)

ਡਾ. ਪ੍ਰਸ਼ਪਿੰਦਰ ਸਿੰਘ ਜੈ ਰੂਪ

ਪੰਜਾਬ ਵਿੱਚ ਤੋਤਿਆਂ ਨੂੰ ਲੋਕੀਂ ਅਕਸਰ ਗੰਗਾ ਰਾਮ ਕਹਿ ਕੇ ਬੁਲਾਉਂਦੇ ਹਨ। ਇਨਸਾਨਾਂ ਵਾਂਗ ਬੋਲ ਸਕਣ ਕਾਰਨ ਇਨ੍ਹਾਂ ਨੂੰ 'ਰਾਅ ਤੋਤਾ' ਵੀ ਕਹਿੰਦੇ ਹਨ। 'ਰਾਅ ਤੋਤੇ' ਅਸਾਨੀ ਨਾਲ ਦੂਜੇ ਜੀਵਾਂ ਦੀ ਆਵਾਜ਼ ਦੀ ਨਕਲ ਕਰ ਲੈਂਦੇ ਹਨ। ਜਦੋਂ ਸਮਰਾਟ ਅਲੈਗਜ਼ੈਂਡਰ ਭਾਰਤ ਆਇਆ ਸੀ ਤਾਂ ਉਸ ਨੂੰ 'ਰਾਅ ਤੋਤਿਆਂ' ਦਾ ਇਨਸਾਨ ਵਾਂਗ ਆਵਾਜ਼ ਕੱਢਣਾ ਅਤੇ ਇਨ੍ਹਾਂ ਦੇ ਰੰਗਾਂ ਕਰਕੇ ਇਹ ਬਹੁਤ ਅਜੀਬ ਅਤੇ ਚੰਗੇ ਲੱਗੇ ਸਨ। ਉਸ ਨੇ ਬਹੁਤ ਸਾਰੇ ਤੋਤੇ ਅਰਬ ਅਤੇ ਯੂਰਪੀਅਨ ਦੇਸ਼ਾਂ ਦੇ ਅਮੀਰ ਲੋਕਾਂ, ਰਾਜੇ-ਮਹਾਰਾਜਿਆਂ ਅਤੇ ਨਵਾਬਾਂ ਨੂੰ ਤੋਹਫ਼ੇ ਵਜੋਂ ਭੇਜੇ ਸਨ। ਉਸ ਵੇਲੇ ਅਮੀਰ ਲੋਕਾਂ ਵਿੱਚ ਇਨ੍ਹਾਂ ਤੋਤਿਆਂ ਨੂੰ ਪਾਲਣਾ ਸ਼ਾਨ ਦੀ ਗੱਲ ਸਮਝੀ ਜਾਣ ਲੱਗ ਪਈ ਸੀ। ਇਸੇ ਕਰਕੇ ਇਸ 'ਰਾਅ ਤੋਤੇ' ਨੂੰ ਅੰਗਰੇਜ਼ੀ ਵਿੱਚ 'ਅਲੈਗਜ਼ੈਂਡਰੀਅਨ ਪੈਰਾਕੀਟ' ਕਹਿੰਦੇ ਹਨ। 'ਰਾਅ ਤੋਤੇ' ਦਾ ਤਕਨੀਕੀ ਨਾਮ 'ਪਸੀਟੈਕੁਲਾ ਯੂਪਾਰਟ੍ਰੀਆ' ਹੈ। ਯੂਨਾਨੀ ਵਿੱਚ ਯੂਪਾਰਟ੍ਰੀਆ ਦਾ ਮਤਲਬ ਰਾਜਾ-ਮਹਾਰਾਜਾ ਜਾਂ ਨਵਾਬ ਹੈ। 'ਤੋਤਿਆਂ' ਦੇ ਪਰਿਵਾਰ ਨੂੰ 'ਪਸੀਟੈਕੁਲੀਡੇਈ' ਕਹਿੰਦੇ ਹਨ।


ਭਾਰਤ ਅਤੇ ਏਸ਼ੀਆਈ ਦੇਸ਼ਾਂ ਦੀ ਦੇਣ 'ਰਾਅ ਤੋਤਾ', ਛੋਟੇ ਤੋਤਿਆਂ 'ਪੈਰਾਕੀਟਸ' ਵਿੱਚੋਂ ਸਭ ਤੋਂ ਵੱਡੇ ਕੱਦ-ਕਾਠ ਅਤੇ ਲੰਮੀ ਪੂਛ ਵਾਲਾ ਹੁੰਦਾ ਹੈ। ਇਨ੍ਹਾਂ ਨੂੰ ਬਰਸਾਤੀ ਅਤੇ ਪੱਤਝੜ ਵਾਲੇ ਜੰਗਲ, ਜਿੰਨਾਂ ਵਿੱਚ ਵੱਡੇ ਪੱਤਿਆਂ ਵਾਲੇ ਦਰੱਖਤ ਉੱਗੇ ਹੋਣ, ਬਾਗ਼-ਬਗ਼ੀਚੇ, ਨਹਿਰਾਂ ਅਤੇ ਸੜਕਾਂ ਦੇ ਪਾਸਿਆਂ ਉੱਤੇ ਉੱਗੇ ਪੁਰਾਣੇ ਦਰੱਖਤਾਂ ਉੱਤੇ ਰਹਿਣਾ ਪਸੰਦ ਹੈ। 'ਰਾਅ ਤੋਤੇ' ਬਹੁਤ ਹੀ ਜਗਿਆਸੂ ਸੁਭਾਅ ਦੇ ਪੰਛੀ ਹਨ ਅਤੇ ਹਰ ਚੀਜ਼ ਨੂੰ ਆਪਣੀ ਤਿੱਖੀ ਚੁੰਝ ਨਾਲ ਦੰਦੀਆਂ ਵੱਢ-ਵੱਢ ਕੇ ਕੁਤਰ ਕੇ ਅਜ਼ਮਾਉਂਦੇ ਹਨ। ਖਾਣ ਲੱਗੇ ਵੀ ਫਲਾਂ ਅਤੇ ਬੀਜਾਂ ਦਾ ਇਹੋ ਹਾਲ ਕਰਦੇ ਹਨ, ਖਾਂਦੇ ਘੱਟ ਅਤੇ ਬਰਬਾਦ ਜ਼ਿਆਦਾ ਕਰਦੇ ਹਨ। ਸ਼ਾਇਦ ਇਹ ਵੀ ਕੁਦਰਤ ਦਾ ਆਪਣਾ ਅਸੂਲ ਹੈ। ਇਨ੍ਹਾਂ ਦੀ ਇਸੇ ਆਦਤ ਕਰਕੇ ਜ਼ਮੀਨ ਉੱਤੇ ਰਹਿਣ ਵਾਲੇ ਜੀਵਾਂ ਨੂੰ ਵੀ ਵੱਡੇ ਦਰੱਖਤਾਂ ਦੀਆਂ ਉੱਚੀਆਂ ਥਾਵਾਂ ਉੱਤੇ ਲੱਗੇ ਫਲ ਖਾਣ ਨੂੰ ਮਿਲ ਜਾਂਦੇ ਹਨ। ਅਕਸਰ ਇਹ ਡਾਰਾਂ ਵਿੱਚ ਇਕੱਠੇ ਫਲਾਂ ਦੇ ਬਾਗ਼ਾਂ ਅਤੇ ਸੂਰਜਮੁਖੀ, ਮੱਕੀ, ਜਵਾਰ, ਬਾਜਰੇ ਆਦਿ ਦੀਆਂ ਫ਼ਸਲਾਂ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਤਬਾਹ ਕਰ ਦਿੰਦੇ ਹਨ। ਜਿਸ ਵੇਲੇ ਇਹ ਕਿਸੇ ਫ਼ਸਲ 'ਤੇ ਹਮਲਾ ਕਰਦੇ ਹਨ ਤਾਂ ਵਾਰ ਵਾਰ ਜ਼ੋਰ ਜ਼ੋਰ ਦੀ ਆਪਣੇ ਖੰਭਾਂ ਨੂੰ ਫੜਕਾਉਂਦੇ ਅਤੇ ਟਾਏਂ-ਟਾਏਂ ਕਰਕੇ ਰੌਲਾ ਪਾਉਂਦੇ ਹਨ। ਇਨ੍ਹਾਂ ਨੂੰ ਬਹੁਤ ਪੁਰਾਣੇ ਸਮੇਂ ਤੋਂ ਲੋਕੀਂ ਇਨ੍ਹਾਂ ਦੇ ਚਮਕੀਲੇ ਰੰਗਾਂ ਅਤੇ ਸ਼ਰਾਰਤੀ ਸੁਭਾਅ ਦੇ ਨਾਲ ਇਨਸਾਨਾਂ ਵਾਂਗ ਅਵਾਜ਼ਾਂ ਕੱਢ ਲੈਣ ਕਰਕੇ ਪਾਲਤੂ ਰੱਖਦੇ ਆ ਰਹੇ ਹਨ। ਜੇਕਰ ਇਨ੍ਹਾਂ ਦੇ ਬੱਚਿਆਂ ਨੂੰ ਬਚਪਨ ਵਿੱਚ ਹੀ ਨਰ-ਮਾਦਾ ਤੋਂ ਵੱਖਰੇ ਕਰ ਦਿੱਤਾ ਜਾਵੇ ਤਾਂ ਇਹ ਦੂਜੇ ਜੀਵਾਂ ਦੀ ਨਕਲ ਕਰਨੀ ਸਿੱਖ ਜਾਂਦੇ ਹਨ, ਨਹੀਂ ਤਾਂ ਇਹ ਚੀਕਵੀਆਂ, ਉੱਚੀਆਂ ਅਤੇ ਜ਼ੋਰਦਾਰ ਟੈਂ-ਟੈਂ ਦੀਆਂ ਅਵਾਜ਼ਾਂ ਹੀ ਕੱਢਦੇ ਹਨ।

ਇਹ ਲੰਮੀ ਪੂਛ ਵਾਲੇ ਕਬੂਤਰ ਦੇ ਕੱਦ-ਕਾਠ ਦੇ 'ਰਾਅ ਤੋਤੇ' 53 ਤੋਂ 58 ਸੈਂਟੀਮੀਟਰ ਲੰਮੇ ਹੁੰਦੇ ਹਨ। ਇਨ੍ਹਾਂ ਦੇ ਉੱਡਣ ਵਾਲੇ ਖੰਭਾਂ ਦਾ ਪਾਸਾਰ 19 ਤੋਂ 22 ਸੈਂਟੀਮੀਟਰ, ਪੂਛ ਦੀ ਲੰਬਾਈ ਕੋਈ 30 ਸੈਂਟੀਮੀਟਰ ਅਤੇ ਭਾਰ 200 ਤੋਂ 300 ਗ੍ਰਾਮ ਹੁੰਦਾ ਹੈ। ਇਨ੍ਹਾਂ ਦੇ ਸਰੀਰ ਦਾ ਰੰਗ ਨੀਲਾ-ਹਰਾ ਹੁੰਦਾ ਹੈ ਪਰ ਗੱਲ੍ਹਾਂ ਅਤੇ ਗਾਟੇ ਤੋਂ ਨੀਲੀ-ਸਲੇਟੀ ਭਾਹ ਮਾਰਦੀ ਹੈ। ਢਿੱਡ ਵਾਲਾ ਪਾਸਾ ਪੀਲੇ-ਹਰੇ ਰੰਗ ਦਾ ਹੁੰਦਾ ਹੈ। ਪੂਛ ਦਾ ਉੱਪਰਲਾ ਪਾਸਾ ਨੀਲੀ ਭਾਹ ਵਾਲਾ ਹਰਾ ਹੁੰਦਾ ਹੈ ਅਤੇ ਹੇਠਲਾ ਪਾਸਾ ਪੀਲਾ ਹੁੰਦਾ ਹੈ। ਪੀਲੇ-ਚਿੱਟੇ ਰੰਗ ਵਾਲੀਆਂ ਗੋਲ ਗੋਲ ਅੱਖਾਂ ਦੇ ਦੁਆਲੇ ਖੰਭਾਂ ਤੋਂ ਬਗੈਰ ਨੰਗੀ ਸਲੇਟੀ ਰੰਗ ਦੀ ਚਮੜੀ ਦਿਸਦੀ ਹੈ। ਸਿਰ ਦੇ ਅੱਗੇ ਮੋਟੀ ਸਾਰੀ ਥੱਲੇ ਨੂੰ ਮੁੜੀ ਹੋਈ ਬਹੁਤ ਤਿੱਖੀ ਲਾਲ ਰੰਗ ਦੀ ਚੁੰਝ ਹੁੰਦੀ ਹੈ। ਚੁੰਝ ਦਾ ਅਖੀਰਲਾ ਸਿਰਾ ਪੀਲਾ ਹੁੰਦਾ ਹੈ। ਉੱਡਣ ਵਾਲੇ ਖੰਭਾਂ ਉੱਤੇ ਮੋਡਿਆਂ ਦੇ ਨੇੜੇ ਇੱਕ ਵੱਡਾ ਸਾਰਾ ਲਾਖੇ ਰੰਗ ਦਾ ਚਿੱਟਾਕ ਦੂਰੋਂ ਹੀ ਨਜ਼ਰ ਆ ਜਾਂਦਾ ਹੈ। 'ਰਾਅ ਤੋਤੇ' ਬਹੁਤ ਕੁਸ਼ਲ ਉਡਾਰੂ ਹੁੰਦੇ ਹਨ। ਭਾਵੇਂ ਦੇਖਣ ਨੂੰ ਲੱਗਦਾ ਹੈ ਕਿ ਉੱਡਣ ਲਈ ਇਨ੍ਹਾਂ ਨੂੰ ਬਹੁਤ ਮਿਹਨਤ ਕਰਨੀ ਪੈ ਰਹੀ ਹੈ। 'ਰਾਅ ਤੋਤੇ' ਦੀਆਂ ਲੱਤਾਂ ਸਲੇਟੀ ਹੁੰਦੀਆਂ ਹਨ। ਨਰ 'ਰਾਅ ਤੋਤਿਆਂ' ਦੀ ਗਰਦਨ ਉੱਤੇ ਇੱਕ ਸ਼ਾਹ ਕਾਲੀ ਗਾਨੀ ਹੁੰਦੀ ਹੈ ਜਿਸ ਦੇ ਸਿਰ ਵਾਲੇ ਪਾਸੇ ਨੂੰ ਇੱਕ ਗੁਲਾਬੀ ਗਾਨੀ ਵੀ ਹੁੰਦੀ ਹੈ ਜਦੋਂਕਿ ਛੋਟੀ ਪੂਛ ਅਤੇ ਛੋਟੇ ਕੱਦ ਵਾਲੀਆਂ ਮਾਦਾ ਦੀ ਗਾਨੀ ਗੂੜ੍ਹੇ-ਸਲੇਟੀ ਰੰਗ ਦੀ ਹੁੰਦੀ ਹੈ ਅਤੇ ਉਨ੍ਹਾਂ ਦੀ ਗਰਦਨ ਉੱਤੇ ਗੁਲਾਬੀ ਗਾਨੀ ਵੀ ਨਹੀਂ ਹੁੰਦੀ। ਨਰਾਂ ਦੀ ਗਾਨੀ ਤਿੰਨ ਸਾਲ ਦੀ ਉਮਰ ਦੇ ਬਾਅਦ ਹੀ ਦਿਸਣੀ ਸ਼ੁਰੂ ਹੁੰਦੀ ਹੈ।

ਇਨ੍ਹਾਂ ਉੱਤੇ ਬਹਾਰ ਮਈ ਤੋਂ ਦਸੰਬਰ ਵਿੱਚ ਆਉਂਦੀ ਹੈ। ਉਸ ਵੇਲੇ ਇਹ ਦਰੱਖਤਾਂ ਦੀਆਂ ਖੋੜ੍ਹਾਂ ਜਾਂ ਪੁਰਾਣੀਆਂ ਇਮਾਰਤਾਂ ਦੀਆਂ ਟੁੱਟੀਆਂ ਕੰਧਾਂ ਦੀਆਂ ਵਿਰਲਾਂ ਵਿੱਚ ਲੱਕੜ ਦੀਆਂ ਚਿੱਪਰਾਂ ਰੱਖ ਕੇ ਆਪਣਾ ਆਲ੍ਹਣਾ ਬਣਾਉਂਦੇ ਹਨ। ਮਾਦਾ ਉਸ ਵਿੱਚ 2 ਤੋਂ 4 ਚਿੱਟੇ ਰੰਗ ਦੇ ਅੰਡੇ ਦਿੰਦੀ ਹੈ, ਜਿੰਨਾਂ ਨੂੰ ਦੋਵੇਂ ਜੀ ਰਲ ਕੇ ਵਾਰੀ-ਵਾਰੀ ਸੇਕਦੇ ਹਨ ਅਤੇ ਕੋਈ 28 ਦਿਨਾਂ ਵਿੱਚ ਬੱਚੇ ਕੱਢ ਲੈਂਦੇ ਹਨ। ਬੱਚੇ ਸੱਤ ਹਫ਼ਤਿਆਂ ਵਿੱਚ ਉੱਡਣਾ ਸਿੱਖ ਲੈਂਦੇ ਹਨ।

ਤਿੰਨ ਸਾਲਾਂ ਦੀ ਉਮਰ ਤਕ ਨਰ ਅਤੇ ਮਾਦਾ ਬੱਚੇ ਮਾਦਾ ਵਰਗੇ ਹੀ ਲੱਗਦੇ ਹਨ। ਪਾਲਤੂ 'ਰਾਅ ਤੋਤੇ' ਕਈ ਵਾਰ 40 ਸਾਲ ਤਕ ਵੀ ਜੀ ਲੈਂਦੇ ਹਨ। ਵੱਡੇ ਦਰੱਖਤਾਂ ਅਤੇ ਜੰਗਲਾਂ ਦੇ ਘਟਣ ਨਾਲ ਇਨ੍ਹਾਂ ਰੰਗ-ਬਰੰਗੇ, ਰੌਣਕੀ ਤਮਾਸ਼ਬੀਨਾਂ ਦੀ ਗਿਣਤੀ ਘਟ ਗਈ ਹੈ। ਪਾਕਿਸਤਾਨੀ ਪੰਜਾਬ ਵਿੱਚ ਤਾਂ ਇਹ ਖ਼ਤਰੇ ਦੇ ਨਿਸ਼ਾਂ ਨੂੰ ਪਾਰ ਕਰ ਚੁੱਕੇ ਹਨ ਕਿਉਂਕਿ ਮੁਸਲਮਾਨ 'ਰਾਅ ਤੋਤਿਆਂ' ਨੂੰ ਪਾਲਣ ਦੇ ਸ਼ੌਕੀ ਹਨ। ਉੱਥੇ ਇਨ੍ਹਾਂ ਨੂੰ ਜੰਗਲਾਂ ਵਿੱਚੋਂ ਫੜ੍ਹ ਕੇ ਬਜ਼ਾਰਾਂ ਵਿੱਚ ਬਹੁਤ ਵੇਚਿਆ ਜਾਂਦਾ ਰਿਹਾ ਹੈ। ਥਾਈਲੈਂਡ ਅਤੇ ਮੰਗੋਲੀਆਂ ਨੇ ਤਾਂ 'ਰਾਅ ਤੋਤੇ' ਦੀ ਤਸਵੀਰ ਵਾਲੀਆਂ ਡਾਕ-ਟਿਕਟਾਂ ਵੀ ਬਣਾਈਆਂ ਹੋਈਆਂ ਹਨ। -0-

# ਕਰਮਕਾਂਡਾਂ ਤੇ ਅੰਧ ਵਿਸ਼ਵਾਸਾਂ ਵਿਚ ਉਲਝਾਈ ਜਾ ਰਹੀ ਸਿੱਖ ਕੌਮ



**ਗਿ: ਕੇਵਲ ਸਿੰਘ**
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ
95920-93472

ਧੰਨ ਗੁਰੂ ਨਾਨਕ ਸਾਹਿਬ ਜੀ ਨੇ ਪਖੰਡਵਾਦ ਤੇ ਅੰਧ ਵਿਸ਼ਵਾਸ਼ਾਂ ਦੀ ਧੁੰਧ ਨੂੰ ਦੂਰ ਕਰਦਿਆਂ ਮਨੁੱਖ ਨੂੰ ਰੱਬੀ ਗਿਆਨ ਦਾ ਸਿੱਧਾ ਰਸਤਾ ਦਿੱਤਾ। ਭਾਈ ਸਾਹਿਬ ਭਾਈ ਗੁਰਦਾਸ ਜੀ ਆਪਣੇ ਗਿਆਨ ਭਰਪੂਰ ਸ਼ਬਦਾਂ ਵਿਚ ਸਾਡੀ ਸਮਝ ਲਈ ਸੇਧ ਦੇਂਦੇ ਹਨ **ਗੁਰਮੁਖ ਗਾਡੀ ਰਾਹੁ ਚਲੰਦਾ॥ (ਵਾਰ-40, ਪਉੜੀ-11)**

ਸੋ ਆਪਾਂ ਕਹਿ ਸਕਦੇ ਹਾਂ ਕਿ ਰੱਬੀ ਗਿਆਨ ਦੇ ਸੂਰਜ ਨਾਲ ਕਰਮਕਾਂਡਾਂ, ਅੰਧ-ਵਿਸ਼ਵਾਸ਼ਾਂ ਤੇ ਸ਼ਖਸੀ ਪੂਜਾ ਦੀ ਸਦੀਆਂ ਤੋਂ ਪਸਰੀ ਸੰਘਣੀ ਧੁੰਦ ਨੂੰ ਦੂਰ ਕਰਕੇ ਮਨੁੱਖ ਲਈ ਸਹਜ ਸੌਖ ਵਾਲੀ ਜੀਵਨ ਜੁਗਤਿ ਵਾਲਾ ਮੋਕਲਾ ਰਸਤਾ ਦਿੱਤਾ ਹੈ। ਐਸੇ ਸਰਬ ਕਲਿਆਣ ਵਾਲੇ ਅਦੁੱਤੀ ਮਾਰਗ ਦੀ ਜਾਣਕਾਰੀ ਆਪਣੇ ਦਸਾਂ ਜਾਮਿਆਂ ਰਾਹੀਂ ਨਿਰੰਤਰ ਅਮਲੀ ਰੂਪ ਵਿਚ ਪੇਸ਼ ਕਰਕੇ ਜਗਤ ਦੇ ਪ੍ਰਾਣੀ ਨੂੰ ਜੀਵਨ ਜੀਊਣ ਦੀ ਸੇਧ ਦਿੱਤੀ। ਗੁਰਮਤਿ ਗਿਆਨ ਦੇ ਇਸ ਗਾਡੀ ਰਸਤੇ ਕਰੋੜਾਂ ਮਨੁੱਖ ਤੁਰਨ ਲਈ ਤਿਆਰ ਹੋ ਗਏ। ਸਭ ਨੇ ਆਪਣੇ ਪੁਰਖਿਆਂ ਕੋਲ ਪਹਿਲੇ ਗ੍ਰਹਿਣ ਕੀਤੀਆਂ ਮਜ਼ਹਬੀ ਮਾਨਤਾਵਾਂ ਨੂੰ ਮੁੱਢੋ ਤਿਆਗਦਿਆਂ ਦੇਰ ਨਾ ਲਾਈ। ਵਰਤ, ਸ਼ਰਾਧ, ਸ਼ਖਸੀ ਪੂਜਾ,ਕਰਮਕਾਡਾਂ ਤੇ ਭਰਮਾਂ ਨੂੰ ਜੀਵਨ ਵਿਚੋਂ ਵਗਾਹ ਮਾਰਿਆ। ਜੋ ਸਖ਼ੀ ਸਰਵਰੀ ਪੀਰ ਦੇ ਵੱਡੇ ਵੱਡੇ ਮੁਰੀਦ ਸਨ ਉਨ੍ਹਾਂ ਨਿਗਾਹੀਆ ਪੀਰ ਦੇ ਪੀਰ ਖ਼ਾਨੇ ਢਾਹ ਸੁੱਟੇ। ਹੋਰ ਅਨਮੱਤੀਆਂ ਨੇ ਆਪਣੇ ਆਪਣੇ ਮਜ਼ਹਬ ਦੀਆਂ ਮਾਨਤਾਵਾਂ ਨੂੰ ਤਿਆਗ ਦਿੱਤਾ। ਆਪਣੇ ਅਖੌਤੀ ਮਾਣ ਸਨਮਾਨ ਵਾਲੀਆਂ ਖਾਹਿਸ਼ਾਂ ਦੀ ਰਤਾ ਭਰ ਪਰਵਾਹ ਨਾ ਕੀਤੀ। ਕਿੰਨੇ, ਸਾਨੂੰ ਇਸ ਤਰ੍ਹਾਂ ਦੇ ਸਬੂਤ ਚਾਹੀਦੇ ? ਸੋਚੀਏ, ਇਤਿਹਾਸ ਦੇ ਪੰਨਿਆਂ ਤੋਂ ਇਹ ਪਰਿਵਰਤਨ ਅਨੰਤ ਵਾਰ ਅਨੰਤ ਥਾਵਾਂ ਤੇ ਘਟਿਆ ਮਿਲਦਾ ਹੈ।

ਸਾਡੇ ਸਤਿਗੁਰੂ ਜੀ ਨੇ ਰੱਬੀ ਗਿਆਨ ਦਾ ਉਹ ਖਜ਼ਾਨਾ ਵੀ ਮਹਾਨ ਗੁਰਮੁਖ ਰੂਹਾਂ ਦੇ ਕੋਲ ਜਾ ਜਾ ਇਕੱਤਰ ਕੀਤਾ ਜਿਨ੍ਹਾਂ ਦਾ ਜੀਵਨ ਕਰਨੀਨਾਮਾ ਵੱਡੇ ਇਨਕਲਾਬ ਦੀ ਟੋਹ ਦੇਂਦਾ ਹੈ। ਸਮੂਹ ਭਗਤ ਸਹਿਬਾਨ, ਭੱਟ ਸਾਹਿਬਾਨ ਤੇ ਗੁਰਸਿੱਖ ਜੋ ਬਾਣੀਕਾਰ ਹਨ ਸਭ ਉੱਚੀ ਉੱਚੀ ਇਕੋ ਇਕ ਸੱਦ ਲਾ ਰਹੇ ਹਨ

**ਅੰਧਿਆਰੇ ਦੀਪਕੁ ਚਹੀਐ॥ ਇਕ ਬਸਤੁ ਅਗੋਚਰ ਲਹੀਐ॥**
**ਬਸਤੁ ਅਗੋਚਰ ਪਾਈ॥ ਘਟਿ ਦੀਪਕੁ ਰਹਿਆ ਸਮਾਈ॥ (655)**

ਅੱਜ ਸਿੱਖ ਕਹਾਉਣ ਵਾਲਿਆਂ ਦਾ ਵੱਡਾ ਹਿੱਸਾ ਡੇਰੇਦਾਰਾਂ ਦਾ ਪਿੱਛਲੱਗ ਬਣ ਗਿਆ ਹੈ। ਇਹ ਡੇਰੇਦਾਰ ਕੌਣ ਹਨ? ਇਨ੍ਹਾਂ ਬਾਰੇ ਸੋਚਣ ਵਿਚਾਰਨ ਦਾ ਸਮਾਂ ਹੀ ਵਰਤਮਾਨ ਸਮੇਂ ਮੇਰੀ ਕੌਮ ਦੇ ਮੁਹਤਬਰ ਸੱਜਣਾਂ ਪਾਸ ਨਹੀਂ ਜੋ ਧਰਮ ਪ੍ਰਚਾਰ-ਪ੍ਰਸਾਰ ਲਈ ਜ਼ਿੰਮੇਵਾਰ ਹਨ। ਜਿਨ੍ਹਾਂ ਨੇ ਗੁਰਮਤਿ ਤੇ ਮਨਮਤ ਦੇ ਨਿਖੇੜੇ ਕਰਨੇ ਸਨ। ਪੰਥ ਪ੍ਰਸਤੀ ਦੇ ਅਖੌਤੀ ਬੁਰਕੇ ਪਾ ਕੇ ਕੌਮ ਦੀਆਂ ਵੱਡੀਆਂ ਪ੍ਰਬੰਧਕੀ ਸੰਸਥਾਵਾਂ 'ਤੇ ਕਾਬਜ਼ ਹਨ ਤੇ ਪੱਕੀ ਤਰ੍ਹਾਂ ਕਾਬਜ਼ ਰਹਿਣ ਦੀ ਮਣਾਂ ਮੂੰਹੀ ਭੁੱਖ ਆਪਣੇ ਅੰਦਰ ਰੱਖ ਰਹੇ ਹਨ। ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜੋ ਪਿੰਡਾਂ ਸ਼ਹਿਰਾਂ ਕਸਬਿਆਂ ਵਿਚ ਬਹੁਤ ਲੰਮੇ ਸਮੇਂ ਤੋਂ ਪ੍ਰਬੰਧਕ ਹਨ ਉਹ ਵੀ ਬਹੁਤੇ ਇਮਾਰਤਾਂ ਬਣਾਉਣ ਜਾਂ ਢਾਹੁਣ ਦੀ ਵਿਖਾਵਾਵਾਦੀ ਬਿਰਤੀ ਨਾਲ ਅੱਖਾਂ ਬੰਦ ਕਰਕੇ ਕੰਮ ਕਰਦੇ ਲੱਭਦੇ ਹਨ।

ਸਭ ਗੁਰਦੁਆਰਿਆਂ ਅੰਦਰ ਸੇਵਾ ਨਿਭਾਉਣ ਵਾਲੇ ਰਾਗੀ, ਢਾਡੀ, ਗ੍ਰੰਥੀ, ਪ੍ਰਚਾਰਕ, ਕਵੀ, ਕਵੀਸ਼ਰ, ਕਥਾਕਾਰ ਬਹੁਤੇ ਰੋਜ਼ੀ ਰੋਟੀ ਦੀ ਪ੍ਰਾਪਤੀ ਵਾਲੀ ਦ੍ਰਿਸ਼ਟੀ ਤੱਕ ਸੀਮਤ ਹਨ। ਦਾਸ ਦੀ ਆਪਣੀ ਸ਼ੁਰੂਆਤ ਵੀ ਇਸੇ ਬਿਰਤੀ ਨਾਲ ਹੋਈ ਸੀ। ਇਹ ਤੇ ਗੁਰੂ ਮਿਹਰ ਹੋਈ ਕਿ ਸਮਝ ਪੈ ਗਈ ਕਿ ਇਹ ਗੁਰੂ ਬਖਸ਼ਿਸ਼ ਭਰਿਆ ਮਾਰਗ ਜੀਵਨ ਜਾਚ ਸਿੱਖਣ ਲਈ ਹੈ।

ਅੱਜ ਅਸੀਂ ਬਹੁਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਅੰਦਰਲੇ ਗਿਆਨ ਤੱਕ ਨਾ ਖੁਦ ਪਹੁੰਚ ਬਣਾ ਕੇ ਅਮਲੀ ਜੀਵਨ ਦੇ ਵਾਰਸ ਹੋ ਪਾ ਰਹੇ ਹਾਂ ਨਾ ਹੀ ਸਿੱਖ ਸੰਗਤਾਂ ਨੂੰ ਇਸ ਲਾਸਾਨੀ ਰੱਬੀ ਗਿਆਨ ਦੀ ਸਮਝ ਵੱਲ ਲਾਉਣ ਦੀ ਕਿਰਿਆ ਲਈ ਕਰਮਸ਼ੀਲ ਹਾਂ।

ਬਹੁਤਾਤ ਗੁਰੂ ਘਰਾਂ ਅੰਦਰ ਇਕ ਸੂਚਨਾ ਤਖਤੀ' ਤੇ ਧਿਆਨ ਨਾਲ ਵੇਖੀਏ ਤਾਂ ਮੱਸਿਆ, ਪੂਰਨਮਾਸ਼ੀ, ਦਸਵੀਂ, ਸੰਗਰਾਂਦ ਆਦਿ ਤੇ ਕਈ ਥਾਵਾਂ 'ਤੇ ਪੰਚਮੀ ਨੂੰ ਉਭਾਰਿਆ ਲਿਖਿਆ ਹੁੰਦਾ ਹੈ।

ਗੁਰਪੁਰਬ ਬਾਰੇ ਸਭ ਤੋਂ ਹੇਠਾਂ ਉਲੇਖ ਹੁੰਦਾ ਹੈ। ਕਦੀ ਸੋਚਿਆ ਇਸ ਜਾਣਕਾਰੀ ਨਾਲ ਸਵਾਏ ਗੁਰਪੁਰਬ ਦੇ ਵੇਰਵੇ ਤੋਂ ਬਾਕੀ ਦੀਆਂ ਮਾਨਤਾਵਾਂ ਨੂੰ ਗੁਰਬਾਣੀ ਅੰਦਰ ਕੋਈ ਮਾਨਤਾ ਹੈ? ਇਨ੍ਹਾਂ ਦਿਨਾਂ ਨੂੰ ਕਿੱਧਰੇ ਵੀ ਕੋਈ ਮਹੱਤਵ ਨਹੀਂ ਦਿੱਤਾ ਮਿਲਦਾ। ਬਲਕਿ ਗੁਰਬਾਣੀ ਅੰਦਰ ਤਿੱਥਾਂ-ਵਾਰਾਂ ਦੀ ਮਹਾਨਤਾ ਸਵੀਕਾਰਨ ਦੀ ਨਿਖੇਧੀ ਮਿਲਦੀ ਹੈ।

**ਥਿਤੀ ਵਾਰ ਸੇਵਹਿ ਮੁਗਧ ਗਵਾਰ॥ (843)** ਆਦਿ ਬੋਲਾਂ ਰਾਹੀਂ ਗਿਆਨ ਮਿਲਦਾ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦਾ ਸਹੀ ਲਾਭ ਜੀਵਨ ਸਵਾਰਨ ਲਈ ਕਿਵੇਂ ਲਿਆ ਜਾ ਸਕਦਾ ਹੈ? ਇਸ ਗੱਲ ਦਾ ਪ੍ਰਚਾਰ ਤੇ ਅਮਲ ਦੀ ਬਾਤ ਜਿਸ ਪੱਧਰ ਤੇ ਹੋਣੀ ਚਾਹੀਦੀ ਹੈ ਅਸੀਂ ਨਹੀਂ ਕਰ ਪਾ ਰਹੇ। ਸਤਿਕਾਰ ਦਾ ਬਾਹਰੀ ਪੱਖ ਆਏ ਦਿਨ ਅੰਨੀ ਸ਼ਰਧਾ ਦੇ ਬਦਲਦੇ ਰੂਪਾਂ ਵਿਚ ਅਪਣਾਇਆ ਜਾ ਰਿਹਾ। ਜਿਵੇਂ ਕਿ ਸਿੱਖ ਜਗਿਆਸੂ ਵਿਚ ਵਹਿਮ ਪੈਦਾ ਕਰ ਦਿੱਤਾ ਗਿਆ ਹੈ ਕਿ ਜੇ ਵਧੀਆ ਤੋਂ ਵਧੀਆ ਰੁਮਾਲਾ ਗੁਰੂ ਨੂੰ ਚੜ੍ਹਾਇਆ ਤਾਂ ਹੀ ਮੇਰੇ ਪਰਦੇ ਕੱਜੇ ਜਾਣੇ ਹਨ। ਜੇ ਜਗਿਆਸੂ ਰੁਮਾਲਾ ਨਹੀਂ ਚੜ੍ਹਾ ਸਕੇਗਾ ਤਾਂ ਉਹ ਗੁਰੂ ਬਖ਼ਸ਼ਿਸ਼ ਤੋਂ ਵਾਂਝਾ ਰਹੇਗਾ। ਜਦੋਂ ਕਿ ਕੌਮ ਦੇ ਮਹਾਨ ਜਾਗਰੂਪ ਸਿੱਖ ਵਿਚਾਰਵਾਨਾਂ ਦਾ ਮੱਤ (ਵੀਚਾਰ) ਹੈ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਰੁਮਾਲਾ ਅਰਪਨ ਕਰਨਾ ਮਜ਼ਬੂਰੀ ਜਾਂ ਜ਼ਰੂਰੀ ਨਹੀਂ !

ਗੁਰਦੁਆਰਾ ਸਾਹਿਬ ਦੇ ਪ੍ਰਬੰਧ ਦੀ ਲੋੜ ਅਨੁਸਾਰ ਵਸਤੂਆਂ ਅਰਪਨ ਕੀਤੀਆਂ ਜਾਣ। ਜਿਵੇਂ ਦਰੀਆਂ, ਬਰਤਨ, ਕੱਪੜੇ ਆਦਿ।

ਅੱਜ ਗੁਰਦੁਆਰਾ ਸਾਹਿਬ ਵਿਖੇ ਚੜ੍ਹਾਏ ਗਏ ਰੁਮਾਲਿਆਂ ਦੀ ਸੰਭਾਲ ਲਈ ਜਗ੍ਹਾਂ ਹੀ ਬਹੁਤਿਆਂ ਥਾਵਾਂ 'ਤੇ ਨਹੀਂ ਹੈ।

ਅਰਦਾਸ ਕਰਨ ਵਾਲੇ ਭਾਈ ਸਾਹਿਬ ਜੀ ਲਗਪਗ ਇਹ ਸ਼ਬਦ ਵਰਤਦੇ ਹਨ ਹੇ ਸਤਿਗੁਰੂ ਜੀ ! ਤੁਹਾਡੇ ਸੇਵਕ ਪਰਿਵਾਰ ਨੇ ਰੁਮਾਲਾ ਅਰਪਨ ਕੀਤਾ ਹੈ ਪਰਿਵਾਰ ਦੇ ਲੋਕ ਪਰਲੋਕ ਪਰਦੇ ਕੱਜਣੇ। ਇਨ੍ਹਾਂ ਸ਼ਬਦਾਂ ਦੀ ਦਹਾਕਿਆਂ ਤੋਂ ਹੁੰਦੀ ਆ ਰਹੀ ਵਰਤੋਂ ਨੇ ਰੁਮਾਲੇ ਪ੍ਰਤੀ ਇਹ ਅੰਧ ਵਿਸ਼ਵਾਸ਼ ਹੀ ਪੈਦਾ ਕਰ ਦਿੱਤਾ ਹੈ।

ਸ਼ੁਕਰ ਹੈ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਿ ਥੋੜ੍ਹੇ ਜਿਹੇ ਗੁਰਮਤਿ ਨੂੰ ਸਮਝਣ ਵਾਲਿਆਂ ਨੇ ਰੁਮਾਲਿਆਂ ਦੀ ਥਾਂ ਹੋਰ ਵਸਤੂਆਂ ਦੇਣੀਆਂ ਆਰੰਭ ਕਰ ਦਿੱਤੀਆਂ ਹਨ। ਕਈ ਥਾਵਾਂ ਤੇ ਰੁਮਾਲਾ ਅਰਪਨ ਕਰਨ ਦੀ ਬਣਾ ਦਿੱਤੀ ਗਈ ਧਾਰਨਾ ਦੀ ਪੂਰਤੀ ਲਈ, ਗੁਰੂ ਘਰ ਮਾਇਆ ਜਮ੍ਹਾਂ ਕਰਵਾ ਕੇ ਪਹਿਲਾਂ

ਵਰਤੇ ਰੁਮਾਲਿਆਂ ਵਿੱਚੋਂ ਹੀ ਗੁਰਦੁਆਰਾ ਸਾਹਿਬ ਤੋਂ ਰੁਮਾਲਾ ਲੈ ਕੇ ਅਰਪਨ ਕੀਤਾ ਜਾ ਰਿਹਾ ਹੈ।

ਦਾਸ ਨੂੰ ਪਠਾਨਕੋਟ ਸ਼ਹਿਰ ਵਿਖੇ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਜੀ ਦਾ ਪੋਤਰਾ ਮਿਲਿਆ। ਬਹੁਤ ਸਹਜ ਠਰੰਮੇ ਨਾਲ ਉਨ੍ਹਾਂ ਕਿਹਾ ਕੋਈ ਢੰਗ ਤਰੀਕਾ ਲੱਭ ਕੇ ਸਿੱਖ ਸੰਗਤਾਂ ਨੂੰ ਇਸ ਗੱਲ ਲਈ ਰਜ਼ਾਮੰਦ ਕਰੋ ਕਿ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਰੁਮਾਲੇ ਨਾ ਚੜ੍ਹਾਇਆ ਕਰਨ! ਓਥੇ ਸਾਰਾ ਦਿਨ ਭਾਈ ਸਾਹਿਬ ਜੀ ਰੁਮਾਲਾ ਪਕੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੁਹਾਣ ਦੀ ਰਸਮੀ ਕਿਰਿਆ ਹੀ ਕਰਦੇ ਰਹਿ ਜਾਂਦੇ ਹਨ। ਕਿੰਨਾ ਚੰਗਾ ਹੋਵੇ ਕਿ ਰੁਮਾਲਿਆਂ 'ਤੇ ਖਰਚ ਹੋਣ ਵਾਲਾ ਪੈਸਾ ਲੋੜਵੰਦ ਕੌਮੀ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ 'ਤੇ ਖਰਚ ਹੋਵੇ ਤਾਂ!

ਕੌਮੀ ਸੱਥਾਂ ਵਿਚ ਅੰਧ ਵਿਸ਼ਵਾਸ਼ ਬਾਹਰੋਂ ਨਹੀਂ ਸਾਡੇ ਅੰਦਰੋਂ ਹੀ ਨਿੱਤ ਨਵੇਂ ਰੂਪ ਵਿਚ ਪਰੋਸਿਆ ਜਾ ਰਿਹਾ ਹੈ। ਗੁਰਬਾਣੀ ਸ਼ਬਦਾਂ ਨੂੰ ਵੀ ਵਰਤਣ ਤੋਂ ਗੁਰੇਜ਼ ਨਹੀਂ ਹੋ ਰਿਹਾ। ਕਿਸੇ ਸ਼ਬਦ ਰਾਹੀਂ ਕੋਈ ਸਿੱਧੀ (ਪਰਾਪਤੀ) ਕਿਸੇ ਰਾਹੀਂ ਕੋਈ ਹੋਰ ਸਿੱਧੀ ਤਥਾ ਪਰਾਪਤੀ ਦੀ ਗੱਲ ਜ਼ੋਰ ਸ਼ੋਰ ਨਾਲ ਲੰਮੇ ਅਰਸੇ ਤੋਂ ਪ੍ਰਚਲਿਤ ਹੈ ਤੇ ਅੱਜ ਕੱਲ੍ਹ ਵੀ ਹੈ। ਇਸੇ ਤਰ੍ਹਾਂ ਸ਼ਬਦਾਂ ਦੇ ਤਵੀਤ ਬਣਾ ਕੇ ਦੇਣੇ। ਇਥੋਂ ਤੱਕ ਸੁਣਨ ਵਿਚ ਆਇਆ ਹੈ ਕਿ ਸ਼ਬਦਾਂ ਨੂੰ ਲਿਖ ਕੇ ਘੋਲ ਕੇ ਪਾਣੀ ਵਿਚ ਪੀਣ ਦੀ ਗੱਲ ਵੀ ਕਿਧਰੇ ਹੈ।

ਸ਼ਰਧਾ ਪੂਰਨ, ਦੁਖਭੰਜਨੀ, ਸੁਖਮਨਾ, ਸੰਕਟ ਮੋਚਨ ਆਦਿ ਸਿਰਲੇਖਾਂ ਹੇਠ ਗੁਰਬਾਣੀ ਦੇ ਗੁਟਕੇ ਵੀ ਅੰਧ ਵਿਸ਼ਵਾਸ਼ ਵੱਲ ਸੇਧਤ ਹਨ। ਸਿੱਖ ਜਗਿਆਸੂ ਨੂੰ ਗੁਰਬਾਣੀ ਪੜ੍ਹਨ ਵੀਚਾਰਨ ਤੇ ਅਮਲਾਉਣ ਦੇ ਮਹੱਤਵ ਦਾ ਪ੍ਰਚਾਰ ਕਿਉਂ ਨਹੀਂ ਅਸੀਂ ਕਰਦੇ। ਗੁਰਬਾਣੀ ਸਾਡੇ ਪੂਰੇ ਸਤਿਗੁਰੂ ਜੀ ਹਨ। ਸਾਡੇ ਜੀਵਨ ਜਾਚ ਦਾ ਖਜ਼ਾਨਾ ਹਨ। ਅਸੀਂ ਗੁਰਬਾਣੀ ਨੂੰ ਆਪਣੇ ਅੰਦਰ ਜੀਉਣਾ ਹੈ। ਗੁਰਬਾਣੀ ਸਰੂਪ ਹੋਣਾ ਹੈ। ਸਾਡੇ ਪੁਰਖੇ ਜੋ ਸਦੀਆਂ ਪਹਿਲਾਂ ਗੁਰੂ ਜੀ ਦੇ ਅਨਿਨ ਸੇਵਕ ਹੋ ਕੇ ਵਿਚਰੇ ਹਨ ਉਹ ਅੱਜ ਵਾਲੇ ਅੰਧ ਵਿਸ਼ਵਾਸਾਂ ਤੇ ਕਰਮਕਾਂਡਾਂ ਭੇਖ ਭਰਮਾਂ ਦੇ ਨੇੜੇ ਵੀ ਨਹੀਂ ਸਨ। ਸਾਨੂੰ ਜਾਗਣ ਦੀ ਲੋੜ ਹੈ।

ਬਹੁਤ ਅਫ਼ਸੋਸ ਹੈ ਅੱਜ ਜੇਕਰ ਸਹੀ ਗੁਰਮਤਿ ਗਿਆਨ ਸਿਧਾਂਤ ਤੇ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਦੀ ਗੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਕਰਦਾ ਤਥਾ ਕਰਦੇ ਹਨ ਉਨ੍ਹਾਂ ਨੂੰ ਕੌਮੀ ਗਦਾਰ/ਗ਼ਦਾਰਾਂ ਵਾਂਗ ਵੇਖਿਆ ਵਰਤਿਆ ਜਾਣ ਲੱਗਿਆ ਹੈ। ਇਹ ਕੀ ਹੈ ਕਿਉਂ ਹੈ? ਕੌਣ ਇਸ ਪੱਖੋਂ ਵੀਚਾਰ ਕਰਕੇ ਗੁਰਬਾਣੀ ਗਿਆਨ ਪ੍ਰਚਾਰ ਕਰਨ ਵਾਲਿਆਂ ਲਈ ਪਲਕਾਂ ਵਿਛਾ ਕੇ ਅਦਬੀ ਮਾਹੌਲ ਸਿਰਜਣ ਲਈ ਅੱਗੇ ਆਉਣਗੇ! ਉਡੀਕ ਹੈ! ਉਡੀਕ ਹੈ!! ਉਡੀਕ ਹੈ!!!

-0-

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦਾ ਉਪਰਾਲਾ**

# ਨੌਜਵਾਨੀ ਨੂੰ ਸੇਧ ਦਿੰਦਿਆਂ ਸਮਾਪਤ ਹੋਏ ਪੰਜਾਬ ਪੱਧਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ




ਮਿਤੀ 27 ਅਕਤੂਬਰ 2024 ਨੂੰ ਹਰੇਕ ਸਾਲ ਵਾਂਗ ਹੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਗੁਰਦੁਆਰਾ ਚੁਬੱਚਾ ਸਾਹਿਬ ਸਰਹਾਲੀ ਕਲਾਂ, ਤਰਨ ਤਾਰਨ, ਵਿਖੇ ਪੰਜਾਬ ਪੱਧਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ ਕਰਵਾਏ ਗਏ। ਗੁਰਮਤਿ ਪ੍ਰਚਾਰ ਕੇਂਦਰਾਂ ਤੋਂ ਚੁਣੇ ਹੋਏ ਬੱਚਿਆਂ ਦੇ ਪਹਿਲਾਂ ਜੋਨ ਪੱਧਰ ਅਤੇ ਫਿਰ ਪੰਜਾਬ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ।

ਮਕਸਦ ਇੱਕੋ ਹੈ ਕਿ ਸਤਿਗੁਰੂ ਜੀ ਦੀ ਸਿੱਖਿਆ ਨਾਲ ਸਾਡੇ ਨੌਜਵਾਨ ਵਿਚਾਰਧਾਰਕ ਤੌਰ 'ਤੇ ਮਜਬੂਤ ਹੋਣ ਅਤੇ ਖੇਡਾਂ ਰਾਹੀਂ ਸਰੀਰਕ ਤੌਰ ਤੇ ਤਕੜੇ ਹੋਣ। ਨਸ਼ਿਆਂ, ਵਹਿਮਾਂ ਭਰਮਾਂ, ਪਖੰਡ ਤੋਂ ਬਚਕੇ, ਡੇਰਾਵਾਦ ਦਾ ਖਹਿੜਾ ਛੱਡ ਕੇ, ਸਤਿਗੁਰੂ ਦੀਆਂ ਬਖਸ਼ੀਆਂ ਕਦਰਾਂ ਕੀਮਤਾਂ ਦੇ ਧਾਰਨੀ ਹੋਣ।

ਇਹਨਾਂ ਮੁਕਾਬਲਿਆਂ ਵਿੱਚ ਗੁਰਬਾਣੀ ਕੰਠ, ਸ਼ਬਦ ਵੀਚਾਰ, ਕਵੀਸ਼ਰੀ, ਕਵਿਤਾਵਾਂ, ਭਾਸ਼ਣ, ਚਿਤਰਕਲਾ, ਸਵਾਲ ਜਵਾਬ, ਲੰਮੀ ਛਾਲ, ਰੱਸੀ ਟੱਪਣੀ, ਗੋਲਾ ਸੁੱਟਣਾ, ਰੱਸਾਕੱਸੀ, ਇੱਟਾਂ 'ਤੇ ਤੁਰਨਾ, ਦਸਤਾਰ ਮੁਕਾਬਲਾ ਆਦਿ ਸ਼ਾਮਲ ਸਨ। ਸਭ ਗਰੁੱਪਾਂ ਨੂੰ ਪਹਿਲਾ, ਦੂਜਾ, ਤੀਜਾ, ਹੌਂਸਲਾ ਵਧਾਊ ਇਨਾਮ ਦਿੱਤੇ ਗਏ।

ਇਸ ਮੌਕੇ ਗੁਰਦੁਆਰਾ ਚੁਬੱਚਾ ਸਾਹਿਬ ਸਰਹਾਲੀ ਕਲਾਂ ਦੇ ਪ੍ਰਬੰਧਕ ਡਾ ਕੁਲਦੀਪ ਸਿੰਘ, ਗੁਰਬਿੰਦਰ ਸਿੰਘ, ਭੁਪਿੰਦਰ ਸਿੰਘ, ਸੂਬੇਦਾਰ ਜਸਮੇਰ ਸਿੰਘ ਗੁਰਪ੍ਰੀਤ ਸਿੰਘ ਜੋਤੀਸ਼ਾਹ ਅਤੇ ਹੋਰ ਸਾਥੀ ਅਤੇ ਸੰਗਤ ਹਾਜਰ ਸਨ।

ਕਾਲਜ ਵਲੋਂ ਬਾਪੂ ਜਗਤਾਰ ਸਿੰਘ ਅਕਾਲੀ ਜੀ, ਕੈਪਟਨ ਅਵਤਾਰ ਸਿੰਘ, ਸੁਖਵਿੰਦਰ ਸਿੰਘ ਦਦੇਹਰ, ਨਛੱਤਰ ਸਿੰਘ ਭਾਂਬੜੀ, ਰਜਿੰਦਰ ਸਿੰਘ ਤਲਵਾੜਾ, ਚਤਰਪਾਲ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਸਿੰਘ, ਅਮਰ ਸਿੰਘ, ਰੋਹਿਤ ਸਿੰਘ, ਗੁਰਮੀਤ ਸਿੰਘ, ਕੇਵਲ ਸਿੰਘ ਪ੍ਰਿਗੜੀ, ਅਮਰਪ੍ਰੀਤ ਸਿੰਘ ਗੁਜਰਵਾਲ, ਭੈਣ ਗੁਰਪ੍ਰੀਤ ਕੌਰ ਅਤੇ ਭੈਣ ਰਜਿੰਦਰ ਕੌਰ, ਸ਼ਹੀਦ ਭਾਈ ਤਾਰੂ ਸਿੰਘ ਦਸਤਾਰ ਏ ਦਸਤੂਰ ਲਹਿਰ ਪੱਟੀ ਤੋਂ ਜਗਜੀਤ ਸਿੰਘ ਅਹਿਮਦਪੁਰ, ਗੁਰਬਚਨ ਸਿੰਘ ਅਹਿਮਦਪੁਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪੱਟੀ ਤੋਂ ਸੁਖਚੈਨ ਸਿੰਘ, ਗੁਰਮਤਿ ਪ੍ਰਚਾਰ ਕੇਂਦਰ ਨਵਾਂ ਸ਼ਹਿਰ ਤੋਂ ਭਾਈ ਜਰਨੈਲ ਸਿੰਘ ਸਿਮਰਪ੍ਰੀਤ ਸਿੰਘ ਪ੍ਰਭਸ਼ਰਨ ਦੀਪ ਸਿੰਘ ਅਤੇ ਸਾਥੀ, ਗੁਰਮਤਿ ਪ੍ਰਚਾਰ ਕੇਂਦਰ ਪਟਿਆਲੇ ਤੋਂ ਸੁਖਮਨੀ ਕੌਰ ਬਲਜੀਤ ਕੌਰ ਅਤੇ ਸਾਥੀ, ਗੁਰਮਤਿ ਪ੍ਰਚਾਰ ਕੇਂਦਰ ਚੁੱਪਕੀਤੀ ਅਤੇ ਭਾਗੀਕੇ ਤੋਂ ਹਰਜੀਤ ਸਿੰਘ ਦਾਰਾ ਸਿੰਘ ਭੁਪਿੰਦਰ ਸਿੰਘ ਅਤੇ ਸਾਥੀ, ਗੁਰਮਤਿ ਪ੍ਰਚਾਰ ਕੇਂਦਰ ਬੁਗਰਾ ਤੋਂ ਅੰਮ੍ਰਿਤਪਾਲ ਸਿੰਘ ਅਤੇ ਸਾਥੀ, ਕਾਲੇਵਾਲ ਲੱਲੀਆਂ ਤੋਂ ਮੰਗਲਜੀਤ ਸਿੰਘ ਅਤੇ ਸਾਥੀ, ਗੁਰਮਤਿ ਪ੍ਰਚਾਰ ਕੇਂਦਰ ਮਾਲੂਵਾਲ ਤੋਂ ਨਿਰਮਲ ਸਿੰਘ ਸੁਰਸਿੰਘ ਗੁਰਮੀਤ ਸਿੰਘ ਮਾਲੂਵਾਲ ਅਤੇ ਸਾਥੀ, ਗੁਰਮਤਿ ਪ੍ਰਚਾਰ ਕੇਂਦਰ ਅੱਪਰਾ ਤੇ ਨਰਿੰਦਰ ਸਿੰਘ ਅਤੇ ਸਾਥੀ, ਗੁਰਮਤਿ ਪ੍ਰਚਾਰ ਕੇਂਦਰ ਚੱਕ ਕਲਾਂ ਤੋਂ ਤਰਲੋਚਨ ਸਿੰਘ ਅਤੇ ਸਾਥੀ, ਸਾਈਂ ਪਬਲਿਕ ਸਕੂਲ ਲੁਧਿਆਣਾ, ਗਰੇਸ ਪਬਲਿਕ ਸਕੂਲ ਸ਼ਿਮਲਾਪੁਰੀ ਲੁਧਿਆਣਾ, ਸਾਹਿਬ ਪਬਲਿਕ ਸਕੂਲ ਲੁਧਿਆਣਾ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਅਤੇ ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ ਸਾਹਿਬਾਨ ਅਤੇ ਗੁਰਮਤਿ ਪ੍ਰਚਾਰ ਕੇਂਦਰਾਂ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਹਾਜਰੀ ਭਰੀ।

ਗੁਰਦੁਆਰਾ ਚੁਬੱਚਾ ਸਾਹਿਬ ਸਰਹਾਲੀ ਕਲਾਂ ਦੇ ਪ੍ਰਬੰਧਕ ਵੀਰਾਂ ਦਾ ਅਤੇ ਸਭ ਪ੍ਰਚਾਰਕਾਂ, ਅਧਿਆਪਕਾਂ, ਸੰਸਥਾਵਾਂ ਜੱਜ ਸਾਹਿਬਾਨ ਆਦਿ ਸਭ ਦਾ ਬਹੁਤ ਬਹੁਤ ਧੰਨਵਾਦ ਜੀ -0-

# ਮਹਾਨ ਗਦਰੀ ਯੋਧਾ ਸ਼ਹੀਦ ਕਰਤਾਰ ਸਿੰਘ ਸਰਾਭਾ

**ਮਲਕੀਤ ਸਿੰਘ # 81465 51983**



ਭਾਰਤ ਦੀ ਅਜ਼ਾਦੀ ਦੇ ਕਿੱਸੇ ਦੀ ਦਾਸਤਾਨ ਦਾ ਹਰ ਪੰਨਾ ਵਤਨ ਪ੍ਰਸਤਾਂ ਦੇ ਲਹੂ ਸੰਗ ਲਿਖਿਆ ਹੋਇਆ ਹੈ। ਭਾਰਤ ਨੂੰ ਆਜ਼ਾਦ ਕਰਵਾਉਣ ਲਈ ਗ਼ਦਰ ਲਹਿਰ ਦਾ ਬਹੁਮੁੱਲਾ ਯੋਗਦਾਨ ਰਿਹਾ। ਗ਼ਦਰ ਲਹਿਰ ਦਾ ਮੁੱਢ ਭਾਰਤ ਦੀ ਅਜ਼ਾਦੀ ਤੇ ਸਮਾਜਿਕ ਬਰਾਬਰੀ ਲਈ ਲੜਨ ਵਾਲੇ ਯੋਧਿਆਂ ਦੁਆਰਾ ਬੰਨ੍ਹਿਆ ਗਿਆ। ਅੱਜ ਅਸੀਂ ਜਿਸ ਅਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ, ਇਹ ਸਾਡੇ ਦੇਸ਼ ਦੇ ਜਾਇਆਂ ਨੇ ਸ਼ਹਾਦਤਾਂ ਦੇ ਕੇ ਇਸ ਦਾ ਮੁੱਲ ਤਾਰਿਆ ਹੈ। ਅਜ਼ਾਦੀ ਸਾਨੂੰ ਬੇਰਾਂ ਵੱਟੇ ਨਹੀਂ ਮਿਲੀ ।

ਦੇਸ਼ ਲਈ ਕੁਰਬਾਨੀਆਂ ਦੇਣ ਵਾਲਿਆਂ ਵਿੱਚ ਪੰਜਾਬੀਆਂ ਨੇ ਸਭ ਤੋਂ ਵੱਧ ਯੋਗਦਾਨ ਪਾਇਆ ।

ਇਹਨਾਂ ਵਿੱਚੋਂ ਹੀ ਇਸ ਲਹਿਰ ਦੇ ਸਭ ਤੋਂ ਛੋਟੀ ਉਮਰ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਦੇਸ਼ ਦੀ ਅਜ਼ਾਦੀ ਲਈ ਮਹਿਜ਼ 19ਵੇਂ ਵਰ੍ਹੇ ਅੱਜ ਦੇ ਦਿਨ ਹੱਸਦਿਆਂ ਹੋਇਆਂ ਫਾਂਸੀ ਦਾ ਰੱਸਾ ਚੁੰਮ ਕੇ ਸ਼ਹਾਦਤ ਦਾ ਜਾਮ ਪੀਤਾ ਸੀ। ਕਰਤਾਰ ਸਿੰਘ ਇਸ ਲਹਿਰ ਦਾ ਸ਼੍ਰੋਮਣੀ ਨਾਇਕ ਸੀ। ਉਹ ਅਨੁਭਵੀ, ਪ੍ਰਤਿਭਾਸ਼ਾਲੀ ਅਤੇ ਅਦੁੱਤੀ ਕਰਮਯੋਗੀ ਜਿਹੇ ਲਾਸਾਨੀ ਗੁਣਾਂ ਦਾ ਮਾਲਿਕ ਸੀ।

ਵਤਨ ਨੂੰ ਅਜ਼ਾਦ ਕਰਾਉਣ ਲਈ ਕਰਤਾਰ ਸਿੰਘ ਨੇ ਆਪਣੇ ਲਹੂ ਦਾ ਕਤਰਾ ਕਤਰਾ ਬਹਾ ਦਿੱਤਾ ਫਿਰ ਕਿਤੇ ਜਾ ਕੇ ਗੁਲਾਮੀ ਦਾ ਜੂਲਾ ਗਲੋਂ ਲਾਹਿਆ।

ਕਿਸੇ ਸ਼ਾਇਰ ਨੇ ਬਹੁਤ ਖ਼ੂਬ ਕਿਹਾ:-

ਬਹੁਤ ਕਰਨਾ ਪੜਤਾ ਹੈ ਖ਼ੂਨ ਪਸੀਨਾ ਅਪਨਾ
ਕਿਸਮਤੇਂ ਯੂੰਹੀਂ ਨਾ ਥੋੜਾ ਚਮਕ ਜਾਤੀ ਹੈ।

ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਈ ਵਿੱਚ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਪਿਤਾ ਸ. ਮੰਗਲ ਸਿੰਘ ਅਤੇ ਮਾਤਾ ਸਾਹਿਬ ਕੌਰ ਦੇ ਘਰ ਹੋਇਆ। ਆਪ ਮਸਾਂ ਪੰਜ ਕੁ ਸਾਲਾਂ ਦੇ ਸਨ ਜਦੋਂ ਪਿਤਾ ਜੀ ਦਾ ਅਕਾਲ ਚਲਾਣਾ ਹੋਇਆ ਅਤੇ ਸੱਤ ਸਾਲਾਂ ਬਾਅਦ ਮਾਤਾ ਜੀ ਵੀ ਚਲਾਣਾ ਕਰ ਗਏ ਸਨ । ਆਪ ਦੇ ਦਾਦਾ ਜੀ ਸ. ਬਦਨ ਸਿੰਘ ਨੇ ਆਪ ਦਾ ਪਾਲਣ ਪੋਸ਼ਣ ਕੀਤਾ । ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ।

ਦੇਸ਼ ਛੱਡਣ ਤੋਂ ਪਹਿਲਾਂ ਕਰਤਾਰ ਸਿੰਘ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕਰ ਚੁੱਕਾ ਸੀ ।ਬਚਪਨ ਤੋਂ ਹੀ ਉਸਦਾ ਸੁਭਾਅ ਕ੍ਰਾਂਤੀਕਾਰੀਆਂ ਵਰਗਾ ਹੋਣ ਕਰਕੇ ਉਹ ਆਪਣੇ ਸਕੂਲ-ਸਾਥੀਆਂ ਨਾਲੋਂ ਵੱਖਰੀ ਕਿਸਮ ਦੀ ਸੋਚ ਵਾਲਾ ਵਿਦਿਆਰਥੀ ਸੀ ।

1912 ਵਿੱਚ ਕੈਲੇਫੋਰਨੀਆ ਦੀ ਸਾਂਨਫਰਾਂਸਿਸਕੋ ਬੰਦਰਗਾਹ 'ਤੇ ਉੱਤਰਿਆ ਅਤੇ ਬਹੁਤ ਸਾਰੇ ਭਾਰਤੀਆਂ ਵਾਂਗ ਕੈਲੇਫੋਰਨੀਆ ਦੇ ਖੇਤਾਂ ਵਿੱਚ ਮਜ਼ਦੂਰੀ ਕਰਨ ਲੱਗਾ ।ਉੱਥੇ ਉਸ ਨੂੰ ਅਮਰੀਕਨ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸ਼ੋਸ਼ਣ ਅਤੇ ਭਾਰਤੀ ਕਾਮਿਆਂ ਲਈ ਨਫ਼ਰਤ ਭਰੇ ਵਤੀਰੇ ਦਾ ਸਾਹਮਣਾ ਕਰਨਾ ਪਿਆ ।ਉਸ ਨੂੰ ਅਜ਼ਾਦ ਮੁਲਕ ਵਿੱਚ ਗੁਲਾਮ ਰਹਿਣ ਦਾ ਅਹਿਸਾਸ ਹੋਇਆ । ਉਸ ਨੇ ਆਪਣੇ ਮੁਲਕ ਦੇ ਲੋਕਾਂ ਨਾਲ ਵਿਚਾਰ ਵਟਾਂਦਰਾ ਕੀਤਾ । ਅਮਰੀਕਨਾਂ ਦੁਆਰਾ ਕੀਤੇ ਜਾਂਦੇ ਨਸਲੀ ਅਤੇ ਅਪਮਾਨਜਨਕ ਵਿਵਹਾਰ ਤੋਂ ਸਾਰੇ ਭਾਰਤੀ ਦੁਖੀ ਸਨ ।ਕਰਤਾਰ ਸਿੰਘ ਨੇ ਹੋਰਨਾਂ ਭਾਰਤੀਆਂ ਨਾਲ ਮਿਲ ਕੇ ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਇੱਕ ਸਭਾ ਬੁਲਾਈ ਜਿਸ ਵਿੱਚ ਲਾਲਾ ਹਰਦਿਆਲ ,ਪੰਡਤ ਜਗਤ ਰਾਮ ,ਭਾਈ ਜਵਾਲਾ ਸਿੰਘ ਅਤੇ ਹੋਰ ਬਹੁਤ ਸਾਰੇ ਭਾਰਤੀ ਕਾਮਿਆਂ ਨੇ ਹਿੱਸਾ ਲਿਆ ।ਇਸ ਸਭਾ ਵਿੱਚ ਇੱਕ ਸ਼ਕਤੀਸ਼ਾਲੀ ਜਥੇਬੰਦੀ ਬਣਾਉਣ ਦਾ ਮੁੱਢ ਬੰਨ੍ਹਿਆ ਗਿਆ ਪਰ ਆਪਣੇ ਆਪ ਇਹ ਕਿਸੇ ਏਜੰਡੇ ਉੱਪਰ ਵਿਚਾਰ ਨਾ ਕਰ ਸਕੀ।

ਇਸ ਸਮੇਂ ਦੌਰਾਨ ਅਮਰੀਕੀ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਭਾਰਤੀ ਕਾਮਿਆਂ ਵਿੱਚ ਪੈਦਾ ਹੋਈ ਚੇਤਨਾ ਸਦਕਾ ਵਸ਼ਿੰਗਟਨ ਦੇ ਸ਼ਹਿਰ ਅਸਟਰੀਆ ਵਿਖੇ ਮਾਰਚ 1913 ਵਿੱਚ ਗਦਰ ਪਾਰਟੀ ਦੀ ਨੀਂਹ ਰੱਖੀ ਗਈ । ਇਹ ਖ਼ਬਰ ਸੁਣ ਕੇ ਕਰਤਾਰ ਸਿੰਘ ਬਹੁਤ ਖ਼ੁਸ਼ ਹੋਇਆ ਅਤੇ ਉਹ ਪਾਰਟੀ ਦਾ ਮੈਂਬਰ ਬਣ ਗਿਆ ।

ਅਮਰੀਕਾ- ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਰਹਿੰਦੇ ਭਾਰਤੀਆਂ ਨੂੰ ਅੰਗਰੇਜ਼ ਹਕੂਮਤ ਦੁਆਰਾ ਕੀਤੇ ਜਾਂਦੇ ਜ਼ੁਲਮਾਂ ਬਾਰੇ ਜਾਣੂੰ ਕਰਵਾਉਣ ਲਈ ਇੱਕ ਨਵੰਬਰ 1913 ਨੂੰ 'ਗਦਰ' ਅਖ਼ਬਾਰ ਦੀ ਪ੍ਰਕਾਸ਼ਨਾ ਕਰਤਾਰ ਸਿੰਘ ਦੀਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਸੀ। ਇਹ ਅਖਬਾਰ ਹੱਥ ਨਾਲ ਚੱਲਣ ਵਾਲੀ ਮਸ਼ੀਨ ਉੱਪਰ ਛਾਪਿਆ ਜਾਂਦਾ ਸੀ ਅਤੇ ਮਸ਼ੀਨ ਨੂੰ ਚਲਾਉਣ ਦੇ ਨਾਲ ਨਾਲ ਕਰਤਾਰ ਸਿੰਘ ਇਸ ਅਖ਼ਬਾਰ ਦੇ ਪੰਜਾਬੀ ਭਾਗ ਲਈ ਲੇਖ ਅਤੇ ਕਵਿਤਾਵਾਂ ਵੀ ਲਿਖਿਆ ਕਰਦਾ ਸੀ ।ਉਹ ਪਾਰਟੀ ਦੇ ਕੰਮਾਂ ਨੂੰ ਪੂਰੀ ਸ਼ਿੱਦਤ ਨਾਲ ਨੇਪਰੇ ਚਾੜਦਾ ਸੀ । ਪ੍ਰੈੱਸ ਚਲਾਉਂਦਿਆਂ ਜਦ ਉਹ ਥੱਕ ਜਾਂਦਾ ਤਾਂ ਉਹ ਅਕਸਰ ਆਪਣੀ ਕਵਿਤਾ ਗਾਇਆ ਕਰਦਾ ਸੀ:-

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿੰਨ੍ਹਾਂ ਦੇਸ ਸੇਵਾ ਵਿੱਚ ਪੈਰ ਪਾਇਆ ,
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ ।

ਅਖ਼ਬਾਰ ਦਾ ਕੰਮ ਵਧਣ ਨਾਲ ਕਈ ਹੋਰ ਸਾਥੀ ਉਸ ਕੋਲ ਆ ਗਏ ਅਤੇ ਕਰਤਾਰ ਸਿੰਘ ਕੰਮ ਵਿੱਚ ਉਨ੍ਹਾਂ ਸਾਰਿਆਂ ਦੀ ਬਹੁਤ ਮਦਦ ਕਰਦਾ ਸੀ । ਦੇਸ਼ ਪ੍ਰੇਮ ਵਿੱਚ ਮਸਤ ਹੋਇਆ ਉਹ ਭੱਜ ਭੱਜ ਕੰਮ ਕਰਦਿਆਂ ਸਭ ਨੂੰ ਖ਼ੁਸ਼ ਰੱਖਦਾ। ਇੱਕ ਸੱਚੇ ਕ੍ਰਾਂਤੀਕਾਰੀ ਵਾਂਗ ਉਹਨੇ ਆਪਣੀ ਹਉਂਮੈਂ ਉੱਪਰ ਕਾਬੂ ਪਾ ਕੇ ਆਪਣੀ ਜ਼ਿੰਦਗੀ ਦੇਸ਼ ਦੀ ਸੇਵਾ ਲਈ ਅਰਪਣ ਕਰ ਦਿੱਤੀ ਸੀ ।

ਕਰਤਾਰ ਸਿੰਘ ਨੇ ਕੈਲੇਫੋਰਨੀਆ ਵਾਲੇ ਸਾਥੀਆਂ ਨੂੰ ਪਾਰਟੀ ਵਿੱਚ ਲਿਆਉਣ ਲਈ ਬਹੁਤ ਵੱਡਾ ਯੋਗਦਾਨ ਪਾਇਆ । ਫ਼ਰਵਰੀ 1914 ਵਿੱਚ ਕੈਲੇਫੋਰਨੀਆ ਦੇ ਸ਼ਹਿਰ ਸਟਾਕਟਨ ਵਿਖੇ ਓਰੀਗਨ, ਵਸ਼ਿੰਗਟਨ ਅਤੇ ਕੈਲੇਫੋਰਨੀਆ ਦੇ ਪ੍ਰਤੀਨਿਧਾਂ ਦੀ ਇੱਕ ਕਾਨਫਰੰਸ ਰੱਖੀ ਗਈ ਜਿਸ ਵਿੱਚ ਕੈਲੇਫੋਰਨੀਆ ਦੇ ਪ੍ਰਤੀਨਿਧਾਂ ਨੂੰ ਰਸਮੀਂ ਤੌਰ 'ਤੇ ਗ਼ਦਰ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ ।ਇਸ ਨਾਲ ਗ਼ਦਰ ਲਹਿਰ ਨਵੀਂ ਸ਼ਕਤੀਸ਼ਾਲੀ ਪਾਰਟੀ,ਇੱਕ ਸ਼ਕਤੀਸ਼ਾਲੀ ਜਥੇਬੰਦੀ ਬਣ ਗਈ । ਜਿਉਂ ਹੀ ਪਹਿਲੀ ਸੰਸਾਰ ਜੰਗ ਸ਼ੁਰੂ ਹੋਈ ਭਾਰਤੀਆਂ ਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਝੰਡਾ ਚੁੱਕਣ ਲਈ ਸੈਕਰੋਮੈਂਟਾ ਵਿਖੇ ਜੰਗੀ ਸਲਾਹਕਾਰ ਕਮੇਟੀ ਦਾ ਗਠਨ ਕੀਤਾ । ਕਰਤਾਰ ਸਿੰਘ ਹਵਾਈ ਜਹਾਜ਼ ਉਡਾਉਣ ਦੀ ਸਿਖਲਾਈ ਲੈਣ ਵਾਲਾ ਪਹਿਲਾ ਸਿੱਖ ਪਾਇਲਾਟ ਬਣਿਆ।

ਜਦੋਂ ਪਾਰਟੀ ਨੇ ਕ੍ਰਾਂਤੀ ਲਈ ਕੰਮ ਕਰਨ ਵਾਸਤੇ ਮੈਂਬਰਾਂ ਨੂੰ ਭਾਰਤ ਭੇਜਣ ਦਾ ਫ਼ੈਸਲਾ ਕੀਤਾ ਤਾਂ ਕਰਤਾਰ ਸਿੰਘ ਪਹਿਲੇ ਬੈਚ ਵਿੱਚ ਹੀ ਭਾਰਤ ਜਾਣ ਵਾਲੇ ਲੋਕਾਂ ਵਿੱਚ ਸਭ ਤੋਂ ਪਹਿਲਾ ਵਿਅਕਤੀ ਸੀ ।

ਉਹ ਭੇਸ ਬਦਲਣ ਵਿੱਚ ਮਾਹਰ ਸੀ ਉਹ ਭੇਸ ਬਦਲ ਕੇ ਪੁਲਿਸ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਭਾਰਤ ਵਿੱਚ ਦਾਖਲ ਹੋਇਆ ਅਤੇ ਆਉਣ ਸਾਰ ਕ੍ਰਾਂਤੀਕਾਰੀ ਕੰਮਾਂ ਵਿੱਚ ਰੁੱਝ ਗਿਆ ।

ਉਹ ਪਿੰਗਲੇ ਰਾਹੀਂ ਸਚਿੰਦਰ ਨਾਥ ਸਾਨਿਆਲ ਅਤੇ ਰਾਸ ਬਿਹਾਰੀ ਬੋਸ ਨੂੰ ਮਿਲਿਆ ।ਉਹ ਪਿੰਗਲੇ ਅਤੇ ਸਾਨਿਆਲ ਨਾਲ ਪੰਜਾਬ ਤੋਂ ਬਾਹਰ ਬੜੀ ਅਜ਼ਾਦੀ ਨਾਲ ਆਉਂਦਾ ਜਾਂਦਾ ਸੀ ।

ਬਗਾਵਤ ਦਾ ਪ੍ਰਚਾਰ ਕਰਨ ਲਈ ਉਹ ਫੌਜੀ ਛਾਉਣੀਆਂ ਵਿੱਚ ਜਾਂਦਾ ਸੀ ।ਫ਼ਰਵਰੀ 1915 ਵਿੱਚ ਬਗਾਵਤ ਦੀ ਤਿਆਰੀ ਸੀ।ਬਗਾਵਤ ਲਈ ਕਰਤਾਰ ਸਿੰਘ ਪਹਿਲੇ ਹਫ਼ਤੇ ਪਿੰਗਲੇ ਅਤੇ ਦੋ ਤਿੰਨ ਹੋਰ ਸਾਥੀਆਂ ਨਾਲ ਆਗਰਾ ,ਕਾਨਪੁਰ,ਅਲਾਹਾਬਾਦ,ਲਖਨਊ ,ਮੇਰਠ ਮਿਲਣ ਗਏ । ਆਖ਼ਰ ਉਹ ਦਿਨ ਨੇੜੇ ਆਉਣ ਲੱਗਾ,ਜਿਸ ਦਾ ਬੜੇ ਚਿਰ ਤੋਂ ਇੰਤਜ਼ਾਰ ਸੀ ।ਬਗਾਵਤ ਕਰਨ ਲਈ 21 ਫਰਵਰੀ 1915 ਦਾ ਦਿਨ ਮੁਕੱਰਰ ਹੋਇਆ ਸੀ । ਉਸ ਦੇ ਮੁਤਾਬਿਕ ਤਿਆਰੀ ਹੋ ਰਹੀ ਸੀ ।ਪਰ ਉਹਨਾਂ ਨੂੰ ਸ਼ੱਕ ਪੈ ਗਿਆ ਕਿ ਕਿਰਪਾਲ ਸਿੰਘ ਨੇ ਅੰਗਰੇਜ਼ ਅਫਸਰਾਂ ਕੋਲ ਮੁਖਬਰੀ ਕਰ ਦਿੱਤੀ ਹੈ। ਇਸੇ ਡਰ ਕਰਕੇ ਹੀ ਕਰਤਾਰ ਸਿੰਘ ਨੇ ਰਾਸ ਬਿਹਾਰੀ ਬੋਸ ਨੂੰ ਬਗਾਵਤ ਦੀ ਤਾਰੀਖ਼ 21 ਫ਼ਰਵਰੀ ਦੀ ਬਜਾਏ 19 ਫ਼ਰਵਰੀ ਕਰਨ ਲਈ ਕਿਹਾ ।ਪਰ ਇਸ ਗੱਲ ਦੀ ਵੀ ਕਿਰਪਾਲ ਸਿੰਘ ਨੂੰ ਸੂਹ ਮਿਲ ਗਈ । ਕਰਤਾਰ ਸਿੰਘ ਪੰਜਾਹ ਸੱਠ ਇਨਕਲਾਬੀਆਂ ਨਾਲ ਪਿਛਲੇ ਫ਼ੈਸਲੇ ਮੁਤਾਬਕ 19 ਫ਼ਰਵਰੀ ਨੂੰ ਫ਼ਿਰੋਜ਼ਪੁਰ ਜਾ ਪਹੁੰਚੇ । ਆਪਣੇ ਸਾਥੀ ਫੌਜੀ ਹੌਲਦਾਰ ਨੂੰ ਮਿਲੇ ਤੇ ਬਗਾਵਤ ਕਰਨ ਦੀ ਗੱਲ ਕੀਤੀ। ਪਰ ਕਿਰਪਾਲ ਸਿੰਘ ਨੇ ਤਾਂ ਸਾਰਾ ਮਾਮਲਾ ਪਹਿਲਾਂ ਹੀ ਤਿੱਤਰ ਬਿਤਰ ਕਰ ਦਿੱਤਾ ਸੀ । ਭਾਰਤੀ ਸਿਪਾਹੀ ਨਿਹੱਥੇ ਕਰ ਦਿੱਤੇ ਗਏ ਸਨ। ਉਹਨਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਹੌਲਦਾਰ ਨੇ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਗੱਦਾਰੀ ਕਾਰਨ ਬਗਾਵਤ ਕਰਨ ਦੀ ਕੋਸ਼ਿਸ਼ ਅਸਫਲ ਹੋ ਗਈ। ਪੰਜਾਬ ਭਰ ਵਿੱਚ ਗਦਰੀਆਂ ਦੀਆਂ ਗ੍ਰਿਫ਼ਤਾਰੀਆਂ ਹੋਣ ਲੱਗੀਆਂ। ਗਦਰ ਦੇ ਅਸਫ਼ਲ ਹੋ ਜਾਣ ਪਿੱਛੋਂ,ਪਾਰਟੀ ਦੇ ਕੁਝ ਮੈਂਬਰਾਂ ਨੇ ਭਾਰਤ ਵਿਚੋਂ ਬਚ ਕੇ ਨਿਕਲ ਜਾਣ ਦਾ ਫ਼ੈਸਲਾ ਕੀਤਾ। ਕਰਤਾਰ ਸਿੰਘ,ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਆਦਿ ਨੂੰ ਅਫਗਾਨਿਸਤਾਨ ਜਾਣ ਲਈ ਕਿਹਾ ਅਤੇ ਉਹ ਉੱਥੇ ਪਹੁੰਚ ਵੀ ਗਏ ਸਨ। ਜਿਸ ਵੇਲੇ ਕਰਤਾਰ ਸਿੰਘ ਦੇ ਸਾਥੀ ਭਾਰਤ ਵਿੱਚ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ ਤਾਂ ਉਹਦੀ ਜ਼ਮੀਰ ਨੇ ਉਹਨੂੰ ਇਸ ਤਰ੍ਹਾਂ ਗੀਦੀਆਂ ਵਾਂਗ ਭੱਜ ਜਾਣ ਦੀ ਆਗਿਆ ਨਹੀਂ ਦਿੱਤੀ। ਉਹ ਆਪਣੇ ਦੋ ਸਾਥੀਆਂ ਨਾਲ ਵਾਪਸ ਸਰਗੋਧਾ ਦੇ ਨੇੜੇ ਚੱਕ ਨੰਬਰ ਪੰਜ ਵਿੱਚ ਪਹੁੰਚ ਗਿਆ। ਇੱਥੇ ਫੌਜੀਆਂ ਦਾ ਘੋੜਿਆਂ ਦਾ ਫਾਰਮ ਸੀ ਉਹਨੇ ਮੁੜ ਫੌਜੀਆਂ ਵਿੱਚ ਬਗਾਵਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇੱਕ ਰਸਾਲਦਾਰ ਨੇ ਉਹਨੂੰ ਪਛਾਣ ਲਿਆ ਅਤੇ ਸਾਥੀਆਂ ਸਮੇਤ ਉਹਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

ਕਰਤਾਰ ਸਿੰਘ ਨੇ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਨਜ਼ਰਬੰਦੀ ਦੌਰਾਨ ਜੇਲ ਤੋੜ ਕੇ ਭੱਜਣ ਦੀ ਅਸਫਲ ਕੋਸ਼ਿਸ਼ ਕੀਤੀ। ਉਹ ਆਰੀ ਅਤੇ ਕੱਟਣ ਵਾਲੇ ਹੋਰ ਸੰਦਾਂ ਅਤੇ ਬੰਬ ਬਣਾਉਣ ਵਾਲੀ ਸਮੱਗਰੀ ਸਮੇਤ ਫੜਿਆ ਗਿਆ। ਪਰ ਉਹਦਾ ਆਤਮ ਵਿਸ਼ਵਾਸ ਬਰਕਰਾਰ ਰਿਹਾ। ਉਹ ਪਹਿਲਾਂ ਵਾਂਗ ਹੀ ਹੱਸਦਾ ਰਿਹਾ ਅਤੇ ਆਪਣੇ ਸਾਥੀਆਂ ਨੂੰ ਹਸਾਉਂਦਾ ਰਿਹਾ। ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਜੱਜਾਂ ਨੂੰ ਅਣਗੌਲੇ ਕਰ ਆਪਣੇ ਸਾਥੀਆਂ ਨੂੰ ਲਤੀਫ਼ੇ ਸੁਣਾਇਆ ਕਰਦਾ। ਜੱਜ ਵਾਰ ਵਾਰ ਘੰਟੀਆਂ ਵਜਾਉਂਦੇ ਸਨ ਪਰ ਉਹ ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਸੀ ਕਰਦਾ।

ਗਵਾਹਾਂ ਦੀਆਂ ਗਵਾਹੀਆਂ ਸੁਣਨ ਪਿੱਛੋਂ ਜੱਜ ਨੇ ਕਰਤਾਰ ਸਿੰਘ ਨੂੰ ਆਪਣੀ ਸਫਾਈ ਪੇਸ਼ ਕਰਨ ਲਈ ਆਖਿਆ।ਉਹਨੇ ਗਦਰ ਲਹਿਰ ਵਿੱਚ ਪਾਏ ਆਪਣੇ ਯੋਗਦਾਨ ਨੂੰ ਸਵੀਕਾਰ ਕੀਤਾ ਤੇ ਬੜੇ ਫਖਰ ਨਾਲ ਐਲਾਨ ਕੀਤਾ ਕਿ ਉਹਨੇ ਜੋ ਕੁਝ ਕੀਤਾ ਆਪਣੀ ਜ਼ਿੰਮੇਵਾਰੀ ਦੇ ਅਹਿਸਾਸ ਨਾਲ ਕੀਤਾ ਸੀ ।ਅੰਗਰੇਜ਼ਾਂ ਦੀ ਗੁਲਾਮੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਾ ਉਹ ਆਪਣਾ ਇਖਲਾਕੀ ਫਰਜ਼ ਸਮਝਦਾ ਸੀ । ਉਹਦਾ ਬਿਆਨ ਲਿਖਣ ਪਿੱਛੋਂ ਜੱਜਾਂ ਨੇ ਉਹਨੂੰ ਪੁੱਛਿਆ, "ਕਰਤਾਰ ਸਿੰਘ, ਤੈਨੂੰ ਪਤਾ ਹੈ ਤੇਰਾ ਇਹ ਬਿਆਨ ਤੈਨੂੰ ਕਿੱਥੇ ਪਹੁੰਚਾ ਦੇਵੇਗਾ?" ਕਰਤਾਰ ਸਿੰਘ ਨੇ ਜਵਾਬ ਦਿੰਦਿਆਂ ਕਿਹਾ ਕਿ, "ਮੈਨੂੰ ਆਪਣੀ ਹੋਣੀ ਦਾ ਪਤਾ ਹੈ। ਮੈਨੂੰ ਜਾਂ ਤਾਂ ਦੇਸ਼ ਨਿਕਾਲਾ ਮਿਲੇਗਾ ਜਾਂ ਫਾਂਸੀ ਦੇ ਤਖ਼ਤੇ ਉੱਤੇ ਲਟਕਾ ਦਿੱਤਾ ਜਾਵੇਗਾ। " ਜੱਜ ਨੇ ਆਖਿਆ, "ਮੈਂ ਤੈਨੂੰ ਇੱਕ ਰਾਤ ਹੋਰ ਸੋਚਣ ਲਈ ਦਿੰਦਾ ਹਾਂ" ਪਰ ਅਗਲੇ ਦਿਨ ਵੀ ਕਰਤਾਰ ਸਿੰਘ ਆਪਣੇ ਪਹਿਲੇ ਬਿਆਨਾਂ 'ਤੇ ਕਾਇਮ ਰਿਹਾ ਅਤੇ ਜੱਜ ਨੂੰ ਕਿਹਾ ਕਿ ਉਹ ਆਪਣੇ ਪਹਿਲਾਂ ਦਿੱਤੇ ਬਿਆਨਾਂ ਤੋਂ ਇਨਕਾਰ ਨਹੀਂ ਕਰਦਾ ।ਕਰਤਾਰ ਸਿੰਘ ਹੋਰਾਂ 'ਤੇ ਮੁਕੱਦਮਾ ਚਲਾਉਣ ਉਪਰੰਤ ਉਸ ਨੂੰ ਸਾਥੀਆਂ ਸਮੇਤ ਸਜ਼ਾ ਸੁਣਾਈ ਗਈ ।ਆਪਣੀ ਮੋਤ ਦੀ ਸਜ਼ਾ ਸੁਣ ਕੇ ਉਹ ਬੜੇ ਜ਼ੋਰ ਨਾਲ ਉੱਚੀ-ਉੱਚੀ ਹੱਸਿਆ ਅਤੇ ਜੱਜ ਦਾ ਧੰਨਵਾਦ ਕੀਤਾ। ਉਹਨਾਂ ਨੂੰ ਫਾਂਸੀ ਵਾਲੇ ਮੁਜਰਮਾਂ ਵਾਲੇ ਕੱਪੜੇ ਪੁਆ ਕੇ ਅਜਿਹੇ ਮੁਜ਼ਰਮਾਂ ਲਈ ਬਣੀਆਂ ਖਾਸ ਕੋਠੜੀਆਂ ਵਿੱਚ ਬੰਦ ਕਰ ਦਿੱਤਾ ਗਿਆ। ਜੇਲ ਸੁਪਰਡੈਂਟ ਕਾਨੂੰਨੀ ਕਾਰਵਾਈ ਪੂਰੀ ਕਰਨ ਲਈ ਕਰਤਾਰ ਸਿੰਘ ਕੋਲ ਗਿਆ ਅਤੇ ਉਹਨੂੰ ਪੁੱਛਿਆ ਕਿ ਕੀ ਉਹ ਰਹਿਮ ਦੀ ਅਪੀਲ ਕਰਨਾ ਚਾਹੁੰਦਾ? ਕਰਤਾਰ ਸਿੰਘ ਨੂੰ ਜਵਾਬ ਦਿੱਤਾ, "ਮੈਨੂੰ ਰਹਿਮ ਦੀ ਅਪੀਲ ਵਿੱਚ ਕੋਈ ਦਿਲਚਸਪੀ ਨਹੀਂ। ਸਗੋਂ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਛੇਤੀ ਤੋਂ ਛੇਤੀ ਫਾਂਸੀ ਦਿੱਤੀ ਜਾਵੇ ਤਾਂ ਕਿ ਮੈਂ ਦੁਬਾਰਾ ਜਨਮ ਲੈ ਕੇ ਮੁੜ ਗੁਲਾਮੀ ਵਿਰੁੱਧ ਲੜ ਸਕਾਂ। "

16 ਨਵੰਬਰ 1915 ਵਾਲੇ ਦਿਨ ਕਰਤਾਰ ਸਿੰਘ ਅਤੇ ਉਸਦੇ ਛੇ ਸਾਥੀਆਂ ਨੂੰ ਲਾਹੌਰ ਦੀ ਸੈਂਟਰਲ ਜੇਲ ਵਿੱਚ ਫਾਂਸੀ ਦਿੱਤੀ ਗਈ। ਇਸ ਵੇਲੇ ਉਹਦੀ ਉਮਰ ਮਹਿਜ਼ ਉੱਨੀ ਸਾਲ ਦੀ ਸੀ।

ਆਪਣੀ ਜ਼ਿੰਦਗੀ ਦੇ ਬਹੁਤ ਥੋੜ੍ਹੇ ਸਮੇਂ ਵਿੱਚ ਉਹ ਸਮੁੱਚੀ ਮਨੁੱਖਤਾ ਅਤੇ ਖਾਸ ਕਰ ਆਪਣੇ ਵਤਨ ਵਾਸੀਆਂ ਦੀ ਅਜ਼ਾਦੀ ਦੇ ਵੱਡੇ ਕਾਰਜ ਲਈ ਆਪਣੀ ਸ਼ਹਾਦਤ ਦੇ ਕੇ ਅਜ਼ਾਦੀ ਦੀ ਸ਼ਮਾ ਰੌਸ਼ਨ ਕਰ ਗਿਆ।

ਬਾਕੌਲ ਸ਼ਾਇਰ :

ਹੁਨਰ ਏ ਤਦਬੀਰ ਸੇ ਜਾਗ ਉਠਤਾ ਹੈ ਕੌਮੋਂ ਕਾ ਨਸੀਬ
ਕਭੀ ਬਦਲਤੀ ਨਹੀਂ ਤਕਦੀਰ ਅਰਮਾਨੋਂ ਸੇ।

ਆਓ, ਅਹਿਦ ਕਰੀਏ ਕਿ ਸਾਡੇ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਸੀਂ ਉਨ੍ਹਾਂ ਦੇ ਵਿਚਾਰਾਂ ਸੰਗ ਜੋਟੀ ਪਾਈਏ।

ਇਹੀ ਉਨ੍ਹਾਂ ਪ੍ਰਤੀ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ। -0-



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐੱਪ ਕਰ ਸਕਦੇ ਹੋ।**

# ਮੈਂ ਬੰਦੇ ਨੂੰ ਜੀਵਨ ਦੇਵਾਂ, ਇਹ ਤਿੱਖੀ ਤਲਵਾਰ ਹੈ ਕਰਦਾ?

**ਕੁਲਵੰਤ ਕੌਰ (ਡਾ) # 98156-20515**

ਸਾਡੇ ਦੇਸ਼ ਦੀ ਮਹਿਲਾ ਰਾਸ਼ਟਰਪਤੀ ਦਾ ਬੀਤੇ ਦਿਨਾਂ ਵਿਚ, ਔਰਤਾਂ ਦੀ ਸੁਰੱਖਿਆ, ਦੁਰਗਤੀ, ਬੇਪੱਤੀ ਅਤੇ ਦੇਹਿਕ ਸ਼ੋਸ਼ਣ ਸੰਬੰਧੀ ਆਇਆ ਬਿਆਨ ਬੇਹੱਦ ਮਹੱਤਵਪੂਰਨ, ਲੋੜੀਂਦਾ ਅਤੇ ਚਰਚਿਤ ਹੈ। ਆਖ਼ਿਰ, ਮੁਲਕ ਦੀ ਪਹਿਲੀ ਨਾਗਰਿਕ ਨੇ ਵੀ ਆਪਣੀ ਚਿੰਤਾ ਜ਼ਾਹਿਰ ਕਰਦਿਆਂ, ਇਸ ਵਰਤਾਰੇ ਨੂੰ ਖ਼ਤਮ ਕਰਨ ਦੀ ਹਦਾਇਤ ਕੀਤੀ ਹੈ ਕਿਉਂਕਿ ਨਿਰਭੈਆ ਕਾਂਡ (2012) 'ਤੇ ਕਾਨੂੰਨੀ ਬਦਲਾਅ ਉਪਰੰਤ ਵੀ ਜਦੋਂ ਔਰਤਾਂ ਪ੍ਰਤਿ ਵਹਿਸ਼ੀ, ਘਿਣਾਉਣਾ, ਸ਼ਰਮਨਾਕ, ਦਰਦਨਾਕ ਅਤੇ ਨਿੰਦਣਯੋਗ ਰਵੱਈਆ, ਪਹਿਲਾਂ ਤੋਂ ਵੀ ਵੱਧ ਤੀਬਰਤਾ ਨਾਲ ਚਾਲੂ ਹੈ ਤਾਂ ਦੇਸ਼ ਦੀ ਰਫ਼ਤਾਰ, ਤਰੱਕੀ ਅਤੇ ਵੱਕਾਰ ਦਾ ਪ੍ਰਭਾਵਿਤ ਹੋਣਾ ਲਾਜ਼ਮੀ ਹੈ। ਦੇਹ ਵਪਾਰ, ਅਸ਼ਲੀਲਤਾ, ਲੱਚਰਤਾ ਅਤੇ ਬਲਾਤਕਾਰ ਭਾਵੇਂ ਕਿਸੇ ਨਾ ਕਿਸੇ ਰੂਪ ਵਿਚ ਦੁਨੀਆ ਦੇ ਹਰ ਕੋਨੇ ਵਿਚ ਵਾਪਰ ਰਹੇ ਹਨ ਪਰ ਜਿਸ ਤਰ੍ਹਾਂ ਦੀ ਭਿਅੰਕਰਤਾ, ਜ਼ਬਰਦਸਤੀ, ਜ਼ੁਲਮ, ਵਧੀਕੀ ਅਤੇ ਪਸ਼ੂ ਬਿਰਤੀ ਸਾਡੀ ਧਰਤੀ 'ਤੇ ਦਿਖਾਈ ਦਿੰਦੀ ਹੈ, ਉਸ ਜਿਹੀ ਹੋਰਨਾਂ ਥਾਵਾਂ 'ਤੇ ਘੱਟ ਹੀ ਨਜ਼ਰੀ ਪੈਂਦੀ ਹੈ। ਕਿਸੇ ਸ਼ਾਇਰ ਦੀ ਜ਼ੁਬਾਨੀ ਕਹਿਣਾ ਚਾਹਾਂਗੀ :-

ਮੈਂ ਬੰਦੇ ਨੂੰ ਜੀਵਨ ਦੇਵਾਂ<br>
ਇਹ ਤਿੱਖੀ ਤਲਵਾਰ ਹੈ ਕਰਦਾ?<br>
ਸੌ ਸੌ ਵਾਰ ਮੈਂ ਵਾਰੀ ਜਾਵਾਂ<br>
ਮੇਰੇ ਹੀ ਉੱਤੇ ਵਾਰ ਹੈ ਕਰਦਾ?

ਇਹ ਉਹੀ ਦੇਸ਼ ਹੈ ਜਿੱਥੇ ਵੱਡੀ ਭੈਣ ਵੀ ਬੇਬੇ (ਬੇਬੇ ਨਾਨਕੀ) ਅਖਵਾਉਂਦੀ ਰਹੀ ਹੈ ਅਤੇ ਜਵਾਨ-ਜਹਾਨ ਗੁਰੂ ਮਹਿਲ ਮਾਤਾ ਸਾਹਿਬ ਕੌਰ, ਸਮੁੱਚੇ ਖ਼ਾਲਸੇ ਦੀ ਮਾਤਾ। ਭਾਈ ਗੁਰਦਾਸ ਜੀ ਨੇ, ਚਾਰ ਸਦੀਆਂ ਪਹਿਲਾਂ, ਔਰਤ-ਸਤਿਕਾਰ ਨੂੰ ਸਦੀਵਤਾ ਦਿੰਦਿਆਂ ਸਮਝਾਇਆ ਸੀ :-

**ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ। (ਭਾਈ ਗੁਰਦਾਸ ਜੀ, ਵਾਰ-29, ਪਉੜੀ-11)**

ਕੀ ਸਾਨੂੰ ਆਪਣੇ ਚੌਗਿਰਦੇ ਵਿਚ ਅਜਿਹੀ ਕੋਈ ਵੀ ਸ਼ੁਭ-ਭਾਵਨਾ ਕਿਤੇ ਨਜ਼ਰ ਆਉਂਦੀ ਹੈ? ਗੁਰਬਖਸ਼ ਸਿੰਘ ਪ੍ਰੀਤਲੜੀ, ਅਰਬਿੰਦੋ ਤੇ ਹੋਰ ਵਿਚਾਰਵਾਨਾਂ ਦੇ ਅਨੁਭਵੀ ਬਚਨ ਕਿਤੇ ਪ੍ਰਤੱਖ ਸੱਚ ਹੁੰਦੇ ਜਾਪਦੇ ਹਨ ਕਿ ਕਿਸੇ ਵੀ ਦੇਸ਼, ਕੌਮ ਅਤੇ ਸਭਿਆਚਾਰ ਦੀ ਤਰੱਕੀ ਦੇ ਦਰਸ਼ਨ ਉਥੋਂ ਦੀਆਂ ਇਸਤਰੀਆਂ ਦੀ ਉਨਤੀ ਅਤੇ ਦਸ਼ਾ ਤੋਂ ਹੁੰਦੇ ਹਨ। ਨਿਸਚੇ ਹੀ ਜੇਕਰ ਸਾਡੀਆਂ ਬਹੂ-ਬੇਟੀਆਂ ਅੱਜ ਬਿੱਖੜੇ ਰਾਹਾਂ ਦੀਆਂ ਪਾਂਧੀ ਹਨ ਤਾਂ ਦੇਸ਼ ਦੇ ਵਧਦੇ ਅਰਥਚਾਰੇ ਦੀਆਂ ਡੀਗਾਂ ਬੇਮਾਅਨਾ, ਥੋਥੀਆਂ ਅਤੇ ਫਜ਼ੂਲ ਹਨ। ਜਿਹੜਾ ਦੇਸ਼ ਅਤੇ ਸਮਾਜ ਆਪਣੀ ਔਰਤ ਨੂੰ ਮਨਪਸੰਦ ਮਾਹੌਲ, ਆਲਾ-ਦੁਆਲਾ ਤੇ ਢੁੱਕਵੀਂ ਥਾਂ ਪ੍ਰਦਾਨ ਨਹੀਂ ਕਰ ਸਕਿਆ, ਓਸ ਦੇਸ਼ ਦਾ ਤਾਣਾ ਪੇਟਾ ਅੱਜ ਵੀ ਖਿਲਰਿਆ ਤੇ ਕੱਲ੍ਹ ਵੀ ਖਿੰਡਿਆ।

2012 ਵਿਚ, ਦੇਸ਼ ਦੀ ਰਾਜਧਾਨੀ ਵਿਚ, ਦੇਰ ਰਾਤ ਇਕ ਪੈਰਾਮੈਡੀਕਲ ਵਿਦਿਆਰਥਣ ਦਾ ਚਲਦੀ ਬੱਸ (ਪ੍ਰਾਈਵੇਟ) ਵਿਚ ਵਹਿਸ਼ੀਆਨਾ ਖੇਹ-ਖਰਾਬਾ, ਚਲਦੀ ਬੱਸ ਵਿੱਚੋਂ ਨਗਨ ਹਾਲਤ ਵਿਚ ਉਸ ਨੂੰ ਧੱਕ ਕੇ ਬਾਹਰ ਸੁੱਟਣਾ, ਉਸ ਦੇ ਗੁਪਤ ਅੰਗਾਂ ਵਿਚ ਲੋਹੇ ਦੀਆਂ ਰਾਡਾਂ ਧੱਕਣੀਆਂ ਤੇ ਮੌਤ ਤੋਂ ਵੀ ਭਿਅੰਕਰ ਹਾਲਾਤ ਪੈਦਾ ਕਰਨੇ, ਆਪਾਂ ਸਭ ਨੇ ਸੁਣੇ ਤੇ ਪੜ੍ਹੇ। ਪਿੱਛੋਂ, ਲੰਮੇ ਅੰਦੋਲਨ, ਸਮਾਜਿਕ ਅਸ਼ਾਂਤੀ, ਕਾਨੂੰਨੀ ਬਦਲਾਅ, ਗੁਨਾਹਗਾਰ ਨੂੰ ਸਜ਼ਾਏ ਮੌਤ ਦੇਣੀ (ਨਾਬਾਲਗ ਦਾ ਬਚਾਓ) ਆਦਿ ਵਾਪਰੇ। ਉਮੀਦ ਬੱਝੀ ਸੀ ਕਿ ਹੁਣ ਅਜਿਹੀਆਂ ਅਣਹੋਣੀਆਂ ਨੂੰ ਠੱਲ ਪੈ ਸਕੇਗੀ ਪਰ ਬੀਤੇ ਸਮਿਆਂ ਵਿਚ ਫਿਰ ਬਾਹੂਬਲੀਆਂ ਨੇ ਕੰਜ ਕੁਆਰੀਆਂ ਦੇ ਸਤ ਭੰਗ ਕਰਨ 'ਚ ਕੋਈ ਕਸਰ ਨਾ ਛੱਡੀ - ਹਾਥਰਸ, ਕਠੂਆ, ਉਨਾਭ ਤੋਂ ਵੀ ਪਹਿਲਾਂ ਬਿਲਕੀਸ ਬਾਨੋ ਦੀ ਉਦਾਹਰਨ ਕਿਸੇ ਨੂੰ ਕੋਈ ਸ਼ੰਕਾ ਸੰਸਾ ਨਹੀਂ ਰਹਿਣ ਦਿੰਦੀ ਕਿ ਅੱਜ ਵੀ ਸਾਡੇ ਬਹੁ-ਗਿਣਤੀ ਮਰਦ ਔਰਤ ਨੂੰ ਮਹਿਜ ਇਕ ਜਿਸਮ, ਹੱਡ ਮਾਸ ਦਾ ਪੁਤਲਾ ਤੇ ਭੋਗਣ ਦੀ ਵਸਤੂ ਹੀ ਸਮਝਦੇ ਹਨ - ਬਰਾਬਰ ਦਾ ਤੇ ਬਿਹਤਰ ਸਾਥੀ ਤੇ ਦੋਸਤ ਨਹੀਂ। ਪੌਣੀ ਸਦੀ ਤੋਂ ਵੀ ਪਹਿਲਾਂ ਲਿਖੇ ਕਾਵਿ-ਬੋਲਾਂ ਰਾਹੀਂ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਪੀੜਾ ਦੀ ਤਰਜਮਾਨੀ ਇਵੇਂ ਕੀਤੀ ਸੀ:-



ਵੀਹ ਹਜ਼ਾਰ ਸਾਲ ਹੋਏ ਇਸ ਸਭਿਅਤਾ ਨੂੰ ਬਣਿਆ।

ਫਿਰ ਵੀ ਕੱਲੀ ਔਰਤ ਨੂੰ ਤੱਕ ਕੇ ਖਾਣ ਨੂੰ ਪੈਂਦਾ ਹੈ ਆਦਮੀ।

ਭੁੱਖੇ ਦਾ ਭੁੱਖਾ ਉਸੇ ਤਰਾਂ ਵਹਿਸ਼ੀ।

ਵੀਹ ਹਜ਼ਾਰ ਤੋਂ ਇੱਥੇ ਭਾਵ ਵੀ ਬਹੁਤ ਪੁਰਾਣੇ ਸਮਿਆਂ ਤੋਂ ਹੀ ਹੈ। ਇੰਞ, ਪਹਿਲੇ ਸਮਿਆਂ ਤੋਂ ਵੀ ਜ਼ਿਆਦਾ ਹਾਲਾਤ ਖ਼ਰਾਬ ਹਨ, ਔਰਤਾਂ ਦੀ ਸੁਰੱਖਿਆ, ਕੰਮ ਦੇ ਥਾਵਾਂ ਅਤੇ ਚੌਗਿਰਦੇ ਦੇ, ਭਾਵੇਂ ਉਹ ਅੱਜ ਗਗਨਾਂ ਦੀ ਰਾਣੀ ਹੈ ਫ਼ੌਜਾਂ 'ਚ ਕਾਰਜਸ਼ੀਲ ਹੈ, ਪੁਲਾੜ ਗਾਹ ਰਹੀ ਹੈ, ਪਾਤਾਲਾਂ 'ਚ ਉੱਤਰ ਰਹੀ ਹੈ, ਅਫ਼ਸਰੀ ਕਮਾ ਰਹੀ ਹੈ। ਪੁਲਿਸ ਦੀ ਆਹਲਾ ਅਫ਼ਸਰ ਹੈ, ਕਮਾਂਡੋ ਦੀ ਡਿਊਟੀ ਵੀ ਦੇ ਰਹੀ ਹੈ, ਗਿਆਨ ਵਿਗਿਆਨ 'ਚ ਲੋਹਾ ਮਨਵਾ ਰਹੀ ਹੈ, ਖੇਡਾਂ 'ਚ ਨਾਂ ਕਮਾ ਰਹੀ ਹੈ ਤੇ ਦੇਸ਼ਾਂ-ਮੁਲਕਾਂ ਵਿਚ ਉਚੇਰੇ ਪਦਾਂ 'ਤੇ ਵੀ ਆਸੀਨ ਹੈ ਪਰ ਹਰ ਆਮ ਤੇ ਖ਼ਾਸ ਦੇ ਸਿਰ 'ਤੇ ਬੇਫ਼ਿਕਰੀ ਦੀ ਛਤਰੀ ਨਹੀਂ ਦਿਸਦੀ।

ਮਨੀਪੁਰ ਵਿਖੇ, ਬੀਤੇ ਵਰ੍ਹਿਆਂ ਵਿਚ ਵਾਪਰਿਆ ਇਕ ਹੌਲਨਾਕ ਤੇ ਖ਼ੌਫ਼ਨਾਕ ਕਾਂਡ ਕੀ ਕਿਸੇ ਦੇ ਚੇਤਿਆਂ ਵਿਚੋਂ ਕਿਰ ਸਕਦਾ ਹੈ ਭਲਾ? ਹਰਗਿਜ਼ ਹਰਗਿਜ਼ ਵੀ ਨਹੀਂ ਕਿਉਂਕਿ ਉੱਥੇ ਤਾ ਕਬੀਲਿਆਂ ਦੀ ਆਪਸੀ ਖਹਿਬਾਜੀ ਵਿਚ ਔਰਤਗਤ ਗਰਿਮਾ ਹੀ ਦਾਅ 'ਤੇ ਲਾ ਦਿੱਤੀ ਗਈ। ਅਲਫ਼ ਨੰਗੀਆਂ ਕਰਕੇ, ਸ਼ਰੇਆਮ ਗਲੀਆਂ ਕੂਚਿਆਂ ਵਿਚ ਘੁਮਾਈਆਂ ਗਈਆਂ, ਮਾਵਾਂ-ਭੈਣਾਂ ਨਾਲ ਮਸ਼ਟੰਡਿਆਂ ਨੇ ਅਜਿਹੀਆਂ ਆਪਹੁਦਰੀਆਂ ਤੇ ਗੰਦੀਆਂ ਹਰਕਤਾਂ ਕੀਤੀਆਂ ਕਿ ਹਰ ਬਾਜ਼ਮੀਰ ਬੰਦਾ ਤੜਪ ਉੱਠਿਆ। ਮਨੁੱਖਤਾ ਸ਼ਰਮਸਾਰ ਹੋ ਉੱਠੀ। ਇਨਸਾਨੀਅਤ ਦਫ਼ਨ ਕਰ ਦਿੱਤੀ ਗਈ ਤੇ ਪਸਰ ਗਿਆ ਸਾਰੇ ਪਾਸੇ ਜੰਗਲ ਰਾਜ। ਓਸ ਵੇਲੇ ਸ਼ਾਇਦ ਸਾਡੀ ਰਾਸ਼ਟਰਪਤੀ ਨੂੰ ਪਤਾ ਨਹੀਂ



ਲੱਗ ਸਕਿਆ (ਕਿਉਂਕਿ ਉੱਥੇ ਵੀ ਕੇਂਦਰ ਸਰਕਾਰ ਵਾਲੀ ਪਾਰਟੀ ਦੀ ਹੀ ਹਕੂਮਤ ਸੀ) ਤੇ ਪੱਛਮੀ ਬੰਗਾਲ! ਕਿਉਂਕਿ ਵਿਰੋਧੀ ਪਾਰਟੀ ਦਾ ਰਾਜ ਭਾਗ ਹੈ, ਇਸ ਲਈ ਚਿੰਤਾ, ਫ਼ਿਕਰ ਜ਼ਾਹਰ ਕਰਨਾ ਜ਼ਰੂਰੀ ਸਮਝਿਆ ਗਿਆ। ਅੱਜ ਦੇ ਪਰਚਿਆਂ ਵਿਚ, ਫੇਰ ਸਾਡੀ ਮਾਣਯੋਗ ਰਾਸ਼ਟਰਪਤੀ ਨੇ ਲੜਕੀਆਂ ਦੀ ਆਰਥਿਕ ਨਿਰਭਰਤਾ 'ਤੇ ਜ਼ੋਰ ਦਿੱਤਾ ਹੈ ਪਰ ਜਦੋਂ ਉਨ੍ਹਾਂ ਦੀ ਜਾਨ ਮਾਲ ਦੀ ਸੁਰੱਖਿਆ ਹੀ ਨਹੀਂ ਕੀਤੀ ਜਾ ਰਹੀ, ਆਰਥਿਕ ਮਜ਼ਬੂਤੀ ਆਊ ਕਿਵੇਂ? ਰੈਜੀਡੈਂਟ ਡਾਕਟਰ ਬੀਬੀ ਦੀ ਖੇਹ ਖਰਾਬੇ ਉਪਰੰਤ, ਨਿਰਦਈ ਹੱਤਿਆ, ਸਾਡੇ ਸਾਰੇ ਢਾਂਚੇ ਦਾ ਦੀਵਾਲੀਆਪਨ ਸਿੱਧ ਕਰਦੀ ਹੈ। 36-36 ਘੰਟੇ ਲਗਾਤਾਰ ਡਿਊਟੀ-ਚਾਰਟ ਹੱਥਾਂ ਵਿਚ ਥਮ੍ਹਾਉਣ ਵਾਲੇ ਪ੍ਰਿੰਸੀਪਲ, ਮੈਡੀਕਲ ਨਿਗਰਾਨ ਜਾਂ ਹੋਰ ਜ਼ਿੰਮੇਵਾਰ ਅਧਿਕਾਰੀ ਕੀ ਟਰੇਨੀ ਡਾਕਟਰਾਂ ਨੂੰ (ਲੜਕੀ ਹੈ ਜਾਂ ਲੜਕਾ) ਬੰਦਾ ਨਹੀਂ ਸਮਝਦੇ? ਮੇਰੇ ਆਪਣੇ ਪੁੱਤਰ ਦੇ ਵੇਲੇ ਵੀ ਅਜਿਹੇ ਵਰਤਾਰੇ ਤੋਂ ਅਸੀਂ ਬਹੁਤ ਦੁਖੀ ਹੁੰਦੇ ਰਹੇ ਹਾਂ।

ਬਲਾਤਕਾਰਾਂ ਦੇ ਨਿੱਤ ਨਵੇਂ ਵਾਪਰ ਰਹੇ ਕੇਸਾਂ ਦੀ ਕਿਹੜੀ-ਕਿਹੜੀ ਘਟਨਾ ਦਾ ਜ਼ਿਕਰ ਕਰਾਂ, ਇੱਥੇ ਤਾਂ ਆਵਾ ਹੀ ਊਤਿਆ ਪਿਆ ਹੈ- ਅਖੇ ਹਰ 16ਵੇਂ ਮਿੰਟ ਇਹ ਕਹਿਰ ਢਹਿੰਦਾ ਹੈ ਕਿਸੇ ਬੱਚੀ, ਮੁਟਿਆਰ ਤੇ ਮਹਿਲਾ 'ਤੇ - ਦੋ ਮਹੀਨੇ ਦੀ ਦੁੱਧ ਚੁੰਘਦੀ ਬੱਚੀ ਤੋਂ 80-90 ਸਾਲ ਦੀਆਂ ਬੇਬੇ ਵੀ ਹਵਸ ਦਾ ਸ਼ਿਕਾਰ ਸੁਣੀਂਦੀਆਂ ਹਨ। ਘਰ ਵਿਚ ਵੀ ਬਚਾਓ ਨਹੀਂ, ਸਕੇ ਬਾਪ, ਮਤਰੇਏ ਪਿਤਾ, ਭਰਾ, ਕਜ਼ਨ, ਮਾਮੇ, ਮਾਸੜ, ਫੁੱਫੜ, ਤਾਏ, ਚਾਚੇ, ਦਾਦੇ ਤੇ ਨਾਨੇ - ਸਭ ਦੇ ਕਿੱਸੇ ਛਪਦੇ ਹਨ ਅਖਬਾਰਾਂ ਵਿਚ। ਅਣਵਿਆਹੀਆਂ ਮਾਵਾਂ ਬਣ ਰਹੀਆਂ ਬੱਚੀਆਂ ਨੌਂ ਦਸ ਸਾਲ ਦੀ ਉਮਰ ਦੀਆਂ ਵੀ ਸੁਣਦੇ ਪੜ੍ਹਦੇ ਹਾਂ। ਕਹਿਰ ਆਇਆ ਪਿਆ ਹੈ ਸਾਡੇ ਦੇਸ਼ ਵਿਚ। ਪਹਿਲਾਂ, ਇਹ ਮੰਨਿਆ ਜਾਂਦਾ ਸੀ ਕਿ ਨੰਗੇਜ, ਲੱਚਰਤਾ, ਕਾਮੁਕਤਾ ਇਸ ਲਈ ਜ਼ਿੰਮੇਵਾਰ ਹਨ ਪਰ ਮਹਾਂਰਾਸ਼ਟਰ ਦੀਆਂ ਚਾਰ-ਚਾਰ ਸਾਲਾ ਸਕੂਲੀ ਬੱਚੀਆਂ ਦੇ ਜਿਸਮਾਨੀ ਸ਼ੋਸ਼ਣ ਪਿੱਛੇ ਅਜਿਹਾ ਹਰਗਿਜ਼ ਵੀ ਨਹੀਂ ਸੀ।

ਦੇਹਰਾਦੂਨ ਵਿਖੇ ਬੱਸ ਵਿਚ ਪੰਜ ਗੁੰਡਿਆਂ ਵਲੋਂ ਮਧੋਲੀ ਗਈ ਮੁਟਿਆਰ ਦਾ ਕਸੂਰ ਇਹੋ ਹੀ ਸੀ ਕਿ ਉਸਦੀ ਬੱਸ ਖੁੰਝ ਗਈ ਸੀ। ਕੱਲ ਨਿੱਤਨੇਮ ਤੋਂ ਵਿਹਲੀ ਹੋ ਕੇ ਜਿਉਂ ਹੀ ਅਖਬਾਰ ਚੁੱਕੀ ਤਾਂ ਮਾਨਸਾ ਜ਼ਿਲ੍ਹੇ ਦੀ ਓਸ ਅਭਾਗਣ ਅਧਿਆਪਕਾ ਦੀ ਮੌਤ ਬਾਰੇ ਪਤਾ ਲੱਗਾ, ਜਿਸ ਦੀ ਸਕੂਲ ਜਾਂਦਿਆਂ ਦੀ ਤਿੰਨ ਮੁਸ਼ਟੰਡਿਆਂ ਨੇ ਇੱਜ਼ਤ ਲੁੱਟੀ ਸੀ। ਇਸ ਸਦਮੇ ਅਤੇ ਅਣਹੋਣੀ ਨੂੰ ਨਾ ਸਹਾਰਦਿਆਂ ਉਸ ਨੇ ਘਰ ਆ ਕੇ ਕੋਈ ਜ਼ਹਿਰੀਲੀ ਦਵਾਈ ਪੀ ਕੇ ਇਸ ਜ਼ਾਲਮ ਦੁਨੀਆਂ ਨੂੰ ਅਲਵਿਦਾ ਕਹਿ ਦਿੱਤੀ। ਇਕ ਜ਼ਿੰਮੇਵਾਰ ਅਧਿਆਪਕਾ ਨਾਲ ਇਹ ਕੁਝ ਵਾਪਰ ਸਕਦਾ ਹੈ ਤਾਂ ਪਾੜ੍ਹੀਆ ਬੱਚੀਆਂ, ਆਂਗਨਵਾੜੀਆਂ 'ਚ ਆ ਰਹੀਆਂ ਨਿੱਕੀਆਂ ਨਿਆਣੀਆਂ, ਕਾਲਜਾਂ 'ਚ ਪੜ੍ਹ ਰਹੀਆਂ ਮੁਟਿਆਰਾਂ, ਵਿਆਹਾਂ ਤੇ ਵਿਦੇਸ਼ਾਂ ਦਾ ਝਾਂਸਾ ਦੇ ਕੇ ਸ਼ਿਕਾਰ ਬਣ ਰਹੀਆਂ ਲੜਕੀਆਂ ਨੂੰ ਕੌਣ ਬਚਾਊ?

ਨਿਰਭੈਆ ਕਾਂਡ ਵੇਲੇ, ਮੇਰੇ ਅਸਟਰੇਲੀਆ ਰਹਿੰਦੀ ਡਾਕਟਰ ਬੇਟੀ ਦੀ ਬੌਸ (ਡਾਇਰੈਕਟਰ) ਮਾਰਲਿਨ ਨੇ ਮੈਨੂੰ ਫ਼ੋਨ 'ਤੇ ਕਿਹਾ ਸੀ ਕਿ ਆਪਣੇ ਮੁੰਡਿਆਂ ਨੂੰ ਸਮਝਾਓ (ਠੲਓਚਹ ੍ਰਰ ਬੋਸ) ਅਰਥਾਤ ਸਾਰਾ ਜ਼ੋਰ ਧੀਆਂ ਨੂੰ ਸਮਝਾਉਣ ਤੇ ਲਾਉਣ ਵਾਲੇ ਮਾਪੇ ਆਪਣੇ ਪੁੱਤਰਾਂ ਨੂੰ ਵੀ ਸ਼ੁਰੂ ਤੋਂ ਹੀ ਕਿਉਂ ਨਹੀਂ ਇਹ ਸੰਸਕਾਰ ਦਿੰਦੇ? ਭੈਣ ਦੀ ਸੁਰੱਖਿਅਤਾ ਲਈ ਵਚਨਬੱਧ ਭਰਾ, ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕਿਉਂ ਰਾਕਸ਼ ਬਣ ਜਾਂਦਾ ਹੈ? ਪਹਿਲੇ ਵੇਲਿਆਂ ਵਿਚ, ਗੁਣੀ ਗਿਆਨੀ, ਦਾਦੇ-ਨਾਨੇ ਤੇ ਘਰ ਦੀਆਂ ਵਡੇਰੀਆਂ ਬੀਬੀਆਂ ਸ਼ੁਰੂ ਤੋਂ ਹੀ ਸ਼ਾਲੀਨਤਾ, ਪਵਿੱਤਰਤਾ, ਸਿਸ਼ਟਾਚਾਰ, ਚੰਗੇ ਇਖ਼ਲਾਕ ਅਤੇ ਨਿਮਰਤਾ ਦੀ ਗੱਲ ਕਰਕੇ ਔਲਾਦ ਅੰਦਰ ਸਦਗੁਣਾਂ ਦਾ ਵਾਸ ਕਰਾ ਦਿੰਦੇ ਸਨ ਪਰ ਹੁਣ ਸਭ ਦੀ ਟੇਕ ਮੋਬਾਈਲ 'ਤੇ ਇਸ ਵਲੋਂ ਪਰੋਸਿਆ ਜਾ ਰਿਹਾ ਗੰਦ ਹੈ। ਨੰਗੀਆਂ ਲੁੱਚੀਆਂ ਫ਼ਿਲਮਾਂ ਨੇ ਛੋਟੇ-ਛੋਟੇ ਬੱਚਿਆਂ ਨੂੰ ਵੀ ਕੁਰਾਹੇ ਪਾ ਦਿੱਤਾ ਹੈ। ਅਮਰੀਕਾ ਫੇਰੀ ਦੌਰਾਨ, ਮੇਰੀਆਂ ਭੈਣਾਂ ਨੇ ਮੈਨੂੰ ਅਜਿਹੇ ਮੁਸਲਿਮ ਪਰਿਵਾਰ ਵੀ ਮਿਲਾਏ ਜਿਨ੍ਹਾਂ ਦੇ ਘਰਾਂ ਅੰਦਰ ਟੀ.ਵੀ. ਨਹੀਂ ਸਨ ਤੇ ਬੱਚਿਆਂ ਕੋਲ ਮੋਬਾਈਲ ਫੋਨ। ਕੁਝ ਪਰਿਵਾਰ ਤਾਂ ਅਜਿਹੇ ਮੌਜੂਦ ਸਨ ਜਿਨ੍ਹਾਂ ਦੇ ਬੱਚੇ ਉਨ੍ਹਾਂ ਦੇ ਕਹਿਣੇ ਵਿਚ ਹਨ ਪਰ ਬਹੁਗਿਣਤੀ ਮਾਪੇ ਅਜ ਪਛਤਾ ਤੇ ਰੋ ਰਹੇ ਹਨ ਕਿ ਬੱਚੇ ਉਨ੍ਹਾਂ ਤੋਂ ਲਾਂਭੇ ਹੋ ਗਏ ਹਨ।

ਸਮੁੱਚੇ ਤੌਰ 'ਤੇ ਇਹੀ ਕਹਿਣਾ ਚਾਹਾਂਗੀ ਕਿ ਸਾਰੇ ਸਮਾਜਿਕ ਤਾਣੇ ਬਾਣੇ ਦੇ ਉਲਝ ਜਾਣ ਕਰਕੇ ਅੱਜ ਸਾਡੀਆਂ ਧੀਆਂ ਬੜੀ ਦੁਬਿਧਾ ਵਿਚ ਹਨ। ਕੇਸਾਂ ਦਾ ਲਟਕਦੇ ਜਾਣਾ, ਢਿੱਲਾ ਨਿਆਂ, ਰਿਪੋਰਟਾਂ ਦਰਜ ਹੀ ਨਾ ਹੋਣੀਆਂ, ਸਿਆਸੀ ਦਖ਼ਲ ਅੰਦਾਜ਼ੀ, ਸਰਕਾਰੀ ਪੁਸ਼ਤ ਪਨਾਹੀ ਅਤੇ ਘਰਾਂ ਅੰਦਰਲੇ ਦਬਾਵਾਂ ਕਾਰਨ ਲੜਕੀਆਂ ਬਹੁਤ ਵਾਰ ਇਨਸਾਫ਼ ਉਡੀਕਦੀਆਂ ਹੀ ਤੁਰ ਜਾਂਦੀਆਂ ਹਨ। ਗੁਰੂ ਪਾਤਿਸ਼ਾਹੀਆਂ ਨੇ 'ਕੌਰ' (ਸ਼ਹਿਜਾਦੀ) ਦੀ ਬਖਸ਼ਿਸ਼ ਕਰਕੇ ਤੇ ਖੰਡੇ ਬਾਟੇ ਦੀ ਪਹੁਲ ਦੇ ਕੇ ਔਰਤ ਨੂੰ ਸਬਲ ਬਣਾਇਆ ਸੀ। ਸਵੈ ਰੱਖਿਆ ਦੇ ਗੁਰ ਸਿੱਖ ਕੇ, ਜੂਡੋ-ਕਰਾਟੇ ਤੇ ਗਤਕੇ ਦੀ ਸਿਖਲਾਈ ਹੋਰ ਵੀ ਸਹਾਇਕ ਸਿੱਧ ਹੋ ਸਕਦੀ ਹੈ। ਆਪਣੀ ਇੱਜ਼ਤ ਦੀ ਰਾਖੀ ਆਪ ਕਰਨੀ ਸਿੱਖਣ ਧੀਆਂ ਕਿਉਂਕਿ ਅੱਜ ਸਮਾਂ ਤੇ ਹਾਲਾਤ ਬਦਲ ਗਏ ਹਨ।

-0-

### ਸਫਾ 21 ਦਾ ਬਾਕੀ

ਕਿਸੇ ਦੇ ਹੱਕ ਜਾਂ ਵਿਰੋਧ ਵਾਲੇ ਫੈਸਲੇ ਦਾ ਮੁਥਾਜ ਨਹੀਂ ਹੋਣ ਦੇਣਾ ਚਾਹੀਦਾ। ਫੈਸਲਾ, ਸੰਗਤ ਤੇ ਪੰਥ ਨੂੰ ਸਿੱਧਾ ਹੱਥ ਵਿਚ ਲੈਣ ਦੇਣਾ ਚਾਹੀਦਾ ਹੈ। ਸਿੱਖਾਂ ਦੇ ਸੰਗਤੀ ਰਾਹ ਨੂੰ ਸਿੱਖ ਪ੍ਰਸੰਗ ਵਿਚ ਲੋਕਤੰਤਰੀ ਰਾਹ ਦੀ ਪੰਥਕ ਵਿਰਾਸਤ ਕਿਹਾ ਜਾ ਸਕਦਾ ਹੈ।

ਉਪਰੋਕਤ ਰੌਸ਼ਨੀ ਵਿਚ ਅਕਾਲੀਆਂ ਨੂੰ ਬਚਾਉਣ ਦੇ ਸਿਆਸੀ ਫੈਸਲੇ ਦੀ ਥਾਂ, ਅਕਾਲੀ ਦਲ ਨੂੰ ਨਵੇਂ ਸਿਰਿਉਂ ਉਸਾਰਨ ਦੇ ਰਾਹ ਤੁਰਾਂਗੇ ਤਾਂ ਸੰਗਤ ਅਤੇ ਪੰਥ ਵਿਚ ਸਾਖ ਗੁਆ ਚੁੱਕੇ ਅਕਾਲੀਆਂ ਨੂੰ ਵੀ ਸੰਗਤ ਅਤੇ ਪੰਥ ਰਾਹੀਂ ਸਾਖ-ਬਹਾਲੀ ਦਾ ਮੌਕਾ ਦੇ ਰਹੇ ਹੋਵਾਂਗੇ। ਕਿਸੇ ਵੀ ਕਾਰਨ ਸਿਆਸੀ ਖੁਆਰੀ ਦਾ ਸ਼ਿਕਾਰ ਹੋਇਆਂ ਨੂੰ ਇਸ ਰਾਹੇ ਤੁਰ ਕੇ ਜਥੇਦਾਰ ਦੀ ਅਗਵਾਈ ਵਿਚ ਨਵੇਂ ਸਿਰਿਉਂ ਅਕਾਲੀ ਦਲ ਦੀ ਭਰਤੀ ਕਰ ਕੇ ਨਵੇਂ ਸਿਰਿਉਂ ਅਕਾਲੀ ਦਲ ਦੇ ਪ੍ਰਧਾਨ ਦੇ ਨਾਲ ਸੰਭਾਵੀ ਅਕਾਲੀ ਦਲ ਦੇ ਹੋਰ ਅਹੁਦੇਦਾਰ ਚੁਣਨ ਦੇ ਪਰੰਪਰਕ ਮਾਰਗ 'ਤੇ ਤੋਰਿਆ ਜਾ ਸਕਦਾ ਹੈ।"

ਕੌਣ ਕਿਸ ਨੂੰ ਦੱਸੇ ਕਿ ਸਿੱਖ ਤਾਂ ਦੁਸ਼ਵਾਰੀਆਂ ਵਿਚ ਵੀ ਇਤਿਹਾਸ ਸਿਰਜਦੇ ਰਹੇ ਹਨ ਪਰ ਮਿਲੀਆਂ ਹੋਈਆਂ ਸਿਆਸੀ ਸਹੂਲਤਾਂ ਨੇ ਅਕਾਲੀਆਂ ਦਾ ਇਹ ਰਾਹ ਕਿਵੇਂ ਤੇ ਕਿਉਂ ਰੋਕਿਆ? ਕੰਧ 'ਤੇ ਲਿਖੇ ਨੂੰ ਪੜ੍ਹਨ ਦੀ ਥਾਂ ਅਕਾਲੀਆਂ ਨੇ ਇਸ ਨੂੰ ਟੰਗੀ ਕਿਉਂ ਰੱਖਿਆ? ਲੋਕਤੰਤਰ ਦੀ ਫੈਡਰਲ ਸਿਆਸਤ ਵਿੱਚੋਂ ਜਗੀਰਦਾਰੀ ਦਾ ਭੂਤ ਕਿਵੇਂ ਤੇ ਕਿਉਂ ਨਿਕਲਿਆ? ਸਿਆਸਤ ਨਹੀਂ ਸੇਵਾ ਨੂੰ ਸੌਖਿਆਂ ਅਮੀਰ ਹੋਣ ਅਤੇ ਬਿਨਾਂ ਕੰਮ ਕੀਤਿਆਂ ਮੌਜਾਂ ਲੈਣ ਵਾਲੀ ਸਿਆਸਤ ਕਿਸ ਨੇ ਬਣਾਇਆ? ਇਨ੍ਹਾਂ ਸਵਾਲਾਂ ਦੇ ਜਵਾਬ ਵਿਚ ਅਕਾਲੀਆਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਅਕਾਲੀਆਂ ਵਿੱਚੋਂ ਅਕਾਲੀਅਤ ਕਦੋਂ ਤੇ ਕਿਵੇਂ ਗੁੰਮ ਹੋ ਗਈ ਹੈ? ਜੇ ਸਿੱਖ ਹੀ 'ਰਾਖਾ ਆਪ ਅਕਾਲ ਅਕਾਲੀਆਂ ਦਾ' ਦੀ ਭਾਵਨਾ ਵਿਚ ਅਕਾਲੀ ਹੋਇਆ ਸੀ ਤਾਂ ਵਰਤਮਾਨ ਅਕਾਲੀਆਂ ਨੂੰ ਅਕਾਲੀ ਹੋਣ ਵਾਸਤੇ ਸਿੱਖ ਹੋਣ ਦੀ ਲੋੜ ਕਿਉਂ ਮਹਿਸੂਸ ਨਹੀਂ ਹੋ ਰਹੀ? ਜੇ ਸਾਰੇ ਸਿਆਸੀ ਰੋਗ ਬਾਣੀ ਨਾਲੋਂ ਵਿਛੜਨ ਕਰ ਕੇ ਪੈਦਾ ਹੋ ਗਏ ਹਨ ਤਾਂ ਬਾਣੀ ਵੱਲ ਮੁੜਨ ਵਾਲੇ ਪਾਸੇ ਅਕਾਲੀ ਕਿਉਂ ਨਹੀਂ ਤੁਰ ਰਹੇ? ਇਹ ਸਾਰੇ ਸਵਾਲ ਅਕਾਲੀਆਂ ਦੇ ਅਕਾਲੀ ਵਰਤਾਰੇ, ਅਕਾਲੀ ਮਾਨਸਿਕਤਾ ਅਤੇ ਅਕਾਲੀ ਸਿਆਸਤ ਨਾਲ ਜੁੜੇ ਹੋਏ ਹਨ। ਅਕਾਲੀ ਸੰਭਾਵਨਾਵਾਂ ਦੀ ਸਿਆਸਤ ਨਿਊਟਰਲ ਗੇਅਰ ਵਿਚ ਵਰਤਮਾਨ ਵਿਚ ਵੀ ਭੱਜੇ ਜਾਣ ਦਾ ਭਰਮ ਪਾਲ ਰਹੀ ਹੈ। ਅਕਾਲੀਆਂ ਨੂੰ ਬਚਾਉਣ ਦੀ ਸਿਆਸਤ ਦੇ ਪ੍ਰਸੰਗ ਵਿਚ ਜਥੇਦਾਰੀ ਸੰਸਥਾ ਸਾਹਮਣੇ ਇਤਿਹਾਸਕ ਭੂਮਿਕਾ ਨਿਭਾਉਣ ਦਾ ਅਵਸਰ ਪੰਥਕ ਵੰਗਾਰ ਵਾਂਗ ਖੜ੍ਹਾ ਹੈ।

-0-

–ਚਰਨ ਸਿੰਘ 'ਸਫ਼ਰੀ'

# ਚਮਕੌਰ ਦੀ ਗੜ੍ਹੀ

ਅੱਕ ਗਈ ਮੁਗ਼ਲਸ਼ਾਹੀ ਦਿੱਲੀ ਤੇ ਲਾਹੌਰ ਦੀ।
ਬਣੀ ਨਾ ਸਿੰਘਾਂ ਦੇ ਨਾਲ ਗੱਲ ਕਿਸੇ ਤੌਰ ਦੀ।
ਸੂਲਾਂ ਵਿਚ ਵਿਝ ਗਈ ਕਲੇਜੀ ਜਦੋਂ ਭੌਰ ਦੀ।
ਅੱਗ ਵਾਂਗੂੰ ਆਣ ਲੱਗੀ ਜੰਗ ਚਮਕੌਰ ਦੀ।
ਦੱਸਾਂ ਕੀ ਅੰਦਾਜ਼ਾ ਵੈਰੀ ਕਿੰਨਾ ਕੁ ਸੀ ਆਕਰਾ।
ਚਾਲੀਆਂ ਦਾ ਹੋ ਗਿਆ ਲੱਖਾਂ ਦੇ ਨਾਲ ਟਾਕਰਾ।

ਗ਼ੈਰਤ ਨੂੰ ਦੋਹੀਂ ਵਨੀਂ ਇਕੋ ਜੇਹੀ ਪਾਣ ਸੀ।
ਜ਼ਿੰਦਗੀ ਤੇ ਮੌਤਵਾਲੀ ਕਿਹੜੇ ਨੂੰ ਪਛਾਣ ਸੀ।
ਓਧਰ ਜੇ ਫਿੱਟੇ ਹੋਏ ਕਾਬਲੀ ਪਠਾਣ ਸੀ।
ਤਾਂ ਇਧਰ ਵੀ ਸਿੰਘਾਂ ਦੀ ਹਥੇਲੀਆਂ 'ਤੇ ਜਾਨ ਸੀ।
ਕਿਲ੍ਹੇ ਵਿਚੋਂ ਆਉਣ ਲੱਗਾ 'ਕੱਲਾ 'ਕੱਲਾ ਸੂਰਮਾ।
ਤੇਗ਼ਾਂ ਨੇ ਪਸੰਦ ਕੀਤਾ ਬੰਦਿਆਂ ਦਾ ਚੂਰਨਾਂ।

ਲਿਖ ਕੇ ਨਜ਼ਾਰਾ ਕੀ ਮੈਂ ਦੱਸਾਂ ਖ਼ੂਨੀ ਜੰਗ ਦਾ।
ਦੁਪੱਟਾ ਹਰ ਤੇਗ਼ ਦਾ ਸੀ ਸੂਹੇ ਸੂਹੇ ਰੰਗ ਦਾ।
ਖ਼ਾਲਸੇ ਦਾ ਖੰਡਾ ਜਿਹਨੂੰ ਜ਼ਰਾ ਕੂ ਸੀ ਡੰਗਦਾ।
ਅੱਲਾ ਦੇ ਹਜ਼ੂਰ ਜਾ ਕੇ ਪਾਣੀ ਸੀ ਉਹ ਮੰਗਦਾ।
ਸੈਂਕੜੇ ਪਠਾਣਾਂ 'ਤੇ ਸੀ ਸਿੰਘ ਏਦਾਂ ਟੁੱਟਦਾ।
ਮਿੱਟੀ ਦੇ ਖਿਡੌਣੇ ਜਿੱਦਾਂ ਬਾਲ ਭੰਨ ਸੁੱਟਦਾ।

ਵੈਰੀਆਂ ਨੂੰ ਸੂਰਮਾ ਅਜੀਤ ਲਲਕਾਰ ਦਾ।
ਆਵੇ ਜਿਹਨੇ ਫੱਟ ਖਾਣਾ ਮੇਰੀ ਤਲਵਾਰ ਦਾ।
ਫਟਾ ਫੱਟ ਸਾਹਬਜ਼ਾਦਾ ਫੱਟ ਜਿੱਥੇ ਮਾਰਦਾ।
ਲ਼ਗਦਾ ਹਿਸਾਬ ਨਹੀਂ ਸੀ ਲੋਥਾਂ ਦੇ ਅੰਬਾਰ ਦਾ।
ਖ਼ਾਲਸੇ ਦਾ ਖੰਡਾ ਜਿਥੇ ਜ਼ਰਾ ਕੂ ਵੀ ਟਕਰੇ।
ਇਕ ਦੇ ਬਣਾਈ ਜਾਵੇ ਚਾਰ ਚਾਰ ਡਕਰੇ।

ਸੂਰਮਾ ਅਜੀਤ ਸਿੰਘ ਰੋਹ ਵਿਚ ਆ ਗਿਆ।
ਵੈਰੀਆਂ ਦੀ ਫ਼ੌਜ 'ਤੇ ਹਨ੍ਹੇਰੀ ਵਾਂਗੂੰ ਛਾ ਗਿਆ।
ਜੰਗ ਦੇ ਮੈਦਾਨ ਵਿੱਚ ਖੰਡਾ ਖੜਕਾ ਗਿਆ।
ਖਖੜੀ ਦੇ ਵਾਂਗ ਲੱਖਾਂ ਜ਼ਾਲਮਾਂ ਨੂੰ ਖਾ ਗਿਆ।
ਆਖ਼ਰੀ ਅਜੀਤ ਮੁੱਲ ਜ਼ਿੰਦਗੀ ਦਾ ਤਾਰ ਕੇ।
ਹੋ ਗਿਆ ਸ਼ਹੀਦ ਲੱਖਾਂ ਵੈਰੀਆਂ ਨੂੰ ਮਾਰ ਕੇ।

ਵੱਡਾ ਵੀਰ ਦੇਖਿਆ ਸ਼ਹੀਦੀ ਜਦੋਂ ਪਾ ਗਿਆ।
ਛੋਟਾ ਸਾਹਿਬਜ਼ਾਦਾ ਵੀ ਤਿਆਰ ਹੋ ਕੇ ਆ ਗਿਆ।
ਪਿਤਾ ਦਸਮੇਸ਼ ਅੱਗੋਂ ਇੰਝ ਫਰਮਾ ਗਿਆ।
ਕੌਣ ਤੇਰੇ ਕੰਨਾਂ 'ਚ ਅਨੋਖੀ ਗੱਲ ਪਾ ਗਿਆ।
ਮੰਨਿਆ ਤੂੰ ਵੈਰੀਆਂ 'ਨਾ ਸ਼ੇਰ ਹੋ ਕੇ ਲੜੇਂਗਾ।
ਮਲੂਕ ਜਹੇ ਹੱਥ ਨੇ ਕਟਾਰ ਕਿੱਦਾਂ ਫੜੇਂਗਾ।

ਤੋਰ ਪਿਤਾ ਤੋਰ ਇਹ ਜੁਝਾਰ ਕਿਹਾ ਧਾ ਕੇ।
ਨਹੀਂ ਤਾਂ ਤੈਨੂੰ ਕਹੇਗਾ ਜਹਾਨ ਸਮਾਂ ਪਾ ਕੇ।
ਹੋਰਨਾਂ ਦੇ ਹੀਰੇ ਪੁੱਤ ਜੰਗ 'ਚ ਕੁਹਾ ਕੇ।
ਆਪਣੇ ਨੂੰ ਗੁਰੂ ਕਿੱਦਾਂ ਲੈ ਗਿਆ ਬਚਾ ਕੇ।
ਵੱਡਾ ਵੀਰ ਦਾਦਕੇ ਦੀ ਗੋਦੀ ਵਿੱਚ ਬਹਿ ਗਿਆ।
ਛੋਟਾ ਕਾਹਨੂੰ ਦੇਖਦਾ ਬਰੂਹਾਂ ਉੱਤੇ ਰਹਿ ਗਿਆ।

ਹੌਂਸਲਾ ਇਹ ਡਿੱਠਾ ਜਦੋਂ ਲਾਡਲੇ ਜੁਝਾਰ ਦਾ।
ਤੋਰ ਦਿੱਤਾ ਜੰਗ ਨੂੰ ਸ਼ਹੀਦ ਜਾਂਦੀ ਵਾਰ ਦਾ।
ਦੇਖ ਕੇ ਵਜੀਦਾ ਉਹਦੇ ਜੋਸ਼ ਨੂੰ ਪੁਕਾਰਦਾ।
'ਕੱਲਾ ਸਾਹਜ਼ਾਦਾ ਨਹੀਂ ਹਜ਼ਾਰਾਂ ਕੋਲੋਂ ਹਾਰਦਾ।
ਸੱਪ ਵਾਂਗੂੰ ਸੈਂਕੜੇ ਹਜ਼ਾਰ ਵੈਰੀ ਡੱਸ ਕੇ।
ਹੋ ਗਿਆ ਸ਼ਹੀਦ ਛੋਟਾ ਸਾਹਬਜ਼ਾਦਾ ਹੱਸ ਕੇ।

ਖਾਲਸੇ ਨੇ ਦਿੱਤੇ ਆਹੂ ਵੈਰੀਆਂ ਦੇ ਲਾਹ ਸੀ।
ਅੱਧੀ ਤੋਂ ਵੀ ਵੱਧ ਫ਼ੌਜ ਹੋ ਚੁੱਕੀ ਤਬਾਹ ਸੀ।
ਸੜ ਕੇ ਔਰੰਗਜ਼ੇਬ ਹੋ ਗਿਆ ਸੁਆਹ ਸੀ।
ਚਾਲੀਆਂ ਦੀ ਹੋਰ ਭਲਾ ਕਿਥੋਂ ਤਿਕ ਵਾਹ ਸੀ।
ਤੇਤੀ ਸਿੰਘ ਜਿਸ ਵੇਲੇ ਪਾ ਗਏ ਸ਼ਹੀਦੀਆਂ।
ਲੱਗੀਆਂ ਨਜ਼ਰ ਆਉਣ ਜ਼ਰਾ ਬੇ–ਉਮੀਦੀਆਂ।

ਫ਼ਤਿਹ ਦਾ ਜੈਕਾਰਾ ਇਕ ਸਿੰਘਾਂ ਨੇ ਗਜਾ ਲਿਆ।
ਵੇਲੇ ਨੂੰ ਵਿਚਾਰ ਕਾਬੂ ਦਿਲਾਂ ਉਤੇ ਪਾ ਲਿਆ।
ਅਦਬ ਦੇ ਨਾਲ ਦਸਮੇਸ਼ ਨੂੰ ਬਿਠਾ ਲਿਆ।
ਗਲਾਂ ਵਿਚ ਪੱਲੇ ਪਾ ਕੇ ਸਿਰਾਂ ਨੂੰ ਨਿਵਾ ਲਿਆ।
ਆਜਜ਼ੀ ਦੇ ਨਾਲ ਸਿੰਘਾਂ ਗੁਰੂ ਜੀ ਨੂੰ ਆਖਿਆ।
ਹੇਤੂਆ ਧਰਮ ਦਿਆ ਪੰਥ ਦਿਆ ਰਾਖਿਆ।

ਕਿਲ੍ਹੇ ਦੇ ਦੁਆਲੇ ਵੈਰੀ ਖੜ੍ਹਾ ਕਈ ਲੱਖ ਹੈ।
ਕਿੰਨਿਆਂ ਚਿਰਾਂ ਤੋਂ ਉਹਦੀ ਤੇਰੇ ਉਤੇ ਅੱਖ ਹੈ।
ਪੰਜ ਸੱਤ ਸਿੰਘ ਨੇ ਬਰੂਦ ਮੁੱਕਾ ਵੱਖ ਹੈ।
ਪੰਥਦੇ ਪਿਆਰੇ ਤੈਨੂੰ ਪੰਥ ਦਾ ਜੇ ਪੱਖ ਹੈ।
ਹੋਰ ਤੇਲ ਪਾ ਕੇ ਵਿੱਚ ਆਸਾਂ ਦੇ ਚਰਾਗ਼ ਦੇ।
ਕੋਈ ਪੱਜ ਪਾ ਕੇ ਏਸ ਕਿਲ੍ਹੇ ਨੂੰ ਤਿਆਗ ਦੇ।

ਚਾਹੇ ਹਿੱਕ ਤਾਣ ਲੈ ਚਾਹੇ ਨੀਵੀਂਪਾ ਕੇ।
ਚਾਹੇ ਚੁੱਪ ਗੁੱਪ ਚਾਹੇ ਨੀਲੇ ਨੂੰ ਦੌੜਾ ਕੇ।
ਚਾਹੇ ਵੇਸ ਉੱਚ ਵਾਲੇ ਪੀਰ ਦਾ ਬਣਾ ਕੇ।
ਕਿਸੇ ਤਰ੍ਹਾਂ ਲੈ ਜਾ ਏਥੋਂ ਜਿੰਦੜੀ ਬਚਾ ਕੇ।
ਸੂਰਤਾਂ ਨੇ ਜੱਗ ਉੱਤੇ ਹੋਰ ਵੀ ਬਥੇਰੀਆਂ।
ਲੋੜਾਂ ਦਸਮੇਸ਼ ਪਿਤਾ ਪੰਥ ਨੂੰ ਨੇ ਤੇਰੀਆਂ।

ਸੁਣਕੇ ਬਚਨ ਗੁਰਾਂ ਬਚਨ ਉਚਾਰਿਆ।
ਕਿਲ੍ਹੇ ਨੂੰ ਤਿਆਗ ਜਾਵਾਂ ਲੋਹੜਾ ਕੀ ਇਹ ਮਾਰਿਆ।
ਜ਼ਰਾ ਵੀ ਨੀ ਸਿੰਘੋ ਤੁਸੀਂ ਸੋਚਿਆ ਵਿਚਾਰਿਆ।
ਕਿੱਦਾਂ ਮੇਰੇ ਸੀਨੇ ਉੱਤੇ ਖੰਜਰ ਉਭਾਰਿਆ।
ਹੋ ਕੇ ਗੋਬਿੰਦ ਸਿੰਘ ਅਣਖ ਨੂੰ ਭੱਜ ਜਾਂ?
ਵੈਰੀ ਨੂੰ ਵਖਾ ਕੇ ਕੰਡ ਕਿਲ੍ਹੇ ਵਿੱਚੋਂ ਤੱਜ ਜਾਂ?

ਤਦ ਦਇਆ ਸਿੰਘ ਵਾਹਿਗੁਰੂ ਨੂੰ ਧਿਆ ਕੇ।
ਜ਼ਰਾ ਕੂ ਪਰੇਡੇ ਜਿਹੇ ਗੁਰਾਂ ਕੋਲੋਂ ਜਾ ਕੇ।
ਪੰਜਾਂ ਸਿੰਘਾਂ ਕੋਲੋਂ ਮਤਾ ਪਾਸ ਕਰਵਾ ਕੇ।
ਏਦਾਂ ਦਸਮੇਸ਼ ਜੀ ਨੂੰ ਕਹਿਣ ਲੱਗਾ ਆ ਕੇ।
ਹੌਂਸਲਾ ਨਾ ਕਰੀਂ ਅੱਗੋਂ ਕੋਈ ਗੱਲ ਕਹਿਣ ਦਾ।
ਘੜੀ ਨਹੀਂ ਹੁਕਮ ਤੈਨੂੰ ਕਿਲ੍ਹੇ ਵਿਚ ਰਹਿਣ ਦਾ।

ਪੰਥ ਦਾ ਹੁਕਮ ਹੈ ਇਹ ਪੈਣਾ ਤੈਨੂੰ ਮੰਨਣਾ।
ਹੋਰ ਨੀ ਗੋਬਿੰਦ ਸਿੰਘਾਂ ਸਮਾਂ ਅਸੀਂ ਭੰਨਣਾ।
ਬਨ੍ਹਣ ਅਜੇਹਾ ਨਹੀਂ ਤਾਂ ਪਹਿਲਾਂ ਨਹੀਂ ਸੀ ਬੰਨ੍ਹਣਾ।
ਪੈ ਗਿਆ ਵਿਚਾਰਾਂ ਵਿਚ ਗੁਜਰੀ ਦਾ ਚੰਨਣਾ।
ਭਖਦੇ ਨੈਣਾਂ ਨੂੰ ਗੁਰਾਂ ਨੀਵੇਂ ਕਾਹਦਾ ਪਾ ਲਿਆ।
ਪਲਕਾਂ ਦੇ ਵਿਚ ਮਾਨੋਂ ਅੱਗ ਨੂੰ ਲੁਕਾ ਗਿਆ।

ਟਾਲਿਆ ਗਿਆ ਨਾ ਜਿਹੜਾ ਹੁਕਮ ਅਟੱਲ ਸੀ।
ਪਿਤਾ ਦਸਮੇਸ਼ ਪਿਆ ਕਿਲ੍ਹੇ ਵਿੱਚੋਂ ਚੱਲ ਸੀ।
ਦੇਸ਼ ਦੀਆਂ ਔਕੜਾਂ ਦਾ ਏਹੋ ਇਕ ਹੱਲ ਸੀ।
ਪੁੱਤਾਂ ਦਾ ਨਹੀਂ ਸੀਨੇ ਵਿੱਚ ਵਤਨਾਂ ਦਾ ਸੱਲ ਸੀ।
ਦਇਆ ਸਿੰਘ ਵਾਸਤੇ ਭੁਲੇਖਾ ਜੇਹਾ ਪੈ ਗਿਆ।
ਅੱਗੇ ਅੱਗੇ ਜਾਂਦਾ ਸੀ ਪਛਾੜੀ ਕਿੱਦਾਂ ਰਹਿ ਗਿਆ।

ਬੱਦਲਾਂ 'ਚੋਂ ਬਿਜਲੀ ਝਮੱਕੇ ਸੀਗੀ ਮਾਰਦੀ।
ਹੋਈ ਰੌਸ਼ਨਾਈ ਜਾਂ ਸੁਨਹਿਰੀ ਜੇਹੀ ਤਾਰ ਦੀ।
ਦਇਆਸਿੰਘ ਵੱਲੇ ਨਿਗ੍ਹਾ ਗਈ ਜਾਂ ਦਾਤਾਰ ਦੀ।
ਪੱਟਾਂ ਵਿੱਚ ਲੋਥ ਲੈ ਕੇ ਬੈਠਾ ਸੀ ਜੁਝਾਰ ਦੀ।
ਮੌਤ ਦੇ ਨਸ਼ੇ 'ਚ ਓਥੇ ਜ਼ਿੰਦਗੀ ਸੀ ਝੂਮਦੀ।
ਬੋਲੇ ਦਇਆ ਸਿੰਘ ਲਾਸ਼ ਤੱਕ ਕੇ ਮਾਸੂਮ ਦੀ।

ਜ਼ਿੰਦਗੀ ਦੇ ਦਾਤਿਆ ਸੁਨਹਿਰੀ ਬਾਜ਼ਾਂ ਵਾਲਿਆ।
ਬੜੇ ਹੀ ਪਿਆਰ ਨਾਲ ਪੁੱਤਾਂ ਨੂੰ ਤੂੰ ਪਾਲਿਆ।
ਸਹਿਕਦਾ ਜੁਝਾਰ ਦੇਖ ਪੈਰ ਖਿਸਕਾ ਲਿਆ।
ਇਕ ਵਾਰੀ ਚੁੱਕ ਕੇ ਕਲੇਜੇ ਕਿਉਂ ਨੀ ਲਾ ਲਿਆ।
ਲੱਗਾ ਹੋਇਓਂ ਪਾਤਸ਼ਾਹਾ ਪਿੱਛੇ ਕਿਹੜੀ ਗੱਲ ਦੇ।
ਪੁੱਤਰਾਂ ਦੀ ਪੀੜ ਤਾਂ ਪੰਖੇਰੂ ਵੀ ਨੀ ਝੱਲਦੇ।

ਜੀ ਚਾਹੁੰਦਾ ਏਥੇ ਕੁਝ ਪਿਆਰ ਜਤਲਾ ਦਿਆਂ।
ਨਿਭਾਈਦੀ ਅਖ਼ੀਰ ਜਿਹੜੀ ਰਸਮ ਨਿਭਾ ਦਿਆਂ।
ਪੱਗ ਲਾਹ ਕੇ ਸੀਸ ਦੀ ਮੈਂ ਟੋਟਕੇ ਬਣਾ ਦਿਆਂ।
ਅੱਧੀ ਅੱਧੀ ਦੋਹਾਂ ਦੇ ਸਰੀਰ ਉੱਤੇ ਪਾ ਦਿਆਂ।
ਲੱਖਾਂ ਹੀ ਗ਼ਰੀਬ ਮਾਪੇ ਜੱਗ ਵਿੱਚ ਪਏ ਨੇ।
ਕਫ਼ਨੋ ਬਗ਼ੈਰ ਦੱਸੋ ਕਿਹਦੇ ਪੁੱਤ ਗਏ ਨੇ?

ਬੋਲੇਦਸਮੇਸ਼ ਜ਼ਰਾ ਅੱਗੋਂ ਲਲਕਾਰ ਕੇ।
ਲੈਣਾ ਕੀ ਤੂੰ ਸਿੰਘਾ ਮੇਰੇ ਪੁੱਤਾਂ ਨੂੰ ਪਿਆਰ ਕੇ।
ਦੇਖ ਨਾ ਮੈਦਾਨ ਵਿਚ ਜ਼ਰਾ ਨਿਗਾਹ ਮਾਰ ਕੇ।

ਸਿੰਘ ਵੀ ਸ਼ਹੀਦ ਕਿੰਨੇ ਹੋਏ ਜਾਨਾਂ ਵਾਰ ਕੇ।
ਖ਼ਾਲਸੇ ਨੂੰ ਛੱਡ ਪਿਆਰ ਪੁੱਤਾਂ ਦਾ ਜਤਾ ਦਿਆਂ।
ਦਇਆ ਸਿੰਘਾ ਸਿੱਖੀ 'ਚ ਵਖੇਵਾਂ ਕਿੱਦਾਂ ਪਾ ਦਿਆਂ।

ਔਖ ਸੌਖ ਵੇਲੇ ਮੇਰੇ ਸਿੰਘ ਭਾਈਵਾਲ ਨੇ।
ਵੇਖਣਾ ਮੈਦਾਨ ਵਿਚ ਪਏ ਕਿਹੜੇ ਹਾਲ ਨੇ।
ਲਾਲਾਂ ਤੋਂ ਪਿਆਰੇ ਇਹ ਵੀ ਮਾਪਿਆਂ ਦੇ ਲਾਲ ਨੇ।
ਬਿਨਾਂ ਤਨਖਾਹੋਂ ਜਿਹੜੇ ਰਹੇ ਮੇਰੇ ਨਾਲ ਦੇ।
ਜਦੋਂ ਤੱਕ ਇਹਨਾਂ ਦਾ ਹਿਸਾਬ ਨਹੀਓਂ ਮੁੱਕਦਾ।
ਅਜੀਤ ਤੇ ਜੁਝਾਰ ਦੀ ਮੈਂ ਲਾਸ਼ ਨਹੀਓਂ ਚੁੱਕਦਾ।

ਜੰਗਦੇ ਮੈਦਾਨ ਵਿਚ ਬੰਨਾ ਹੈ ਨਾ ਵੱਟ ਹੈ।
ਕੋਈ ਰਵਿਦਾਸੀਆ ਤੇ ਕੋਈ ਪਿਆ ਜੱਟ ਹੈ।
ਇਕੋ ਜੇਹੀਆ ਛਾਤੀਆਂ 'ਚ ਇਕੋ ਜਹੇ ਫੱਟ ਹੈ।
ਅਜੀਤ ਤੇ ਜੁਝਾਰ ਨਾਲੋਂ ਫੇਰ ਕਿਹੜਾ ਘੱਟ ਹੈ।
ਜਿਹੜੇ ਜਿਹੜੇ ਸੂਰਮੇ ਸ਼ਹੀਦ ਹੋਣ ਆਏ ਨੇ।
ਲਾਲ ਦਸਮੇਸ਼ ਜੀ ਦੇ ਜੀਤੋ ਜੀ ਦੇ ਜਾਏ ਨੇ।

ਦਇਆ ਸਿੰਘਾ ਮੋਹ ਵਾਲੇ ਤਿਨਕੇ ਤਰੋੜ ਦੇ।
ਛੋੜ ਦੇ ਜੁਝਾਰ ਦਾ ਖ਼ਿਆਲ ਏਥੇ ਛੋੜ ਦੇ।
ਦੇਸ਼ ਦੇ ਸ਼ਹੀਦ ਨਹੀਓਂ ਕੱਫਨਾਂ ਨੂੰ ਲੋੜਦੇ।
ਇਹਦਾ ਹੀ ਦੁਮਾਲਾ ਇਹਦੇ ਮੂੰਹ ਉੱਤੇ ਮੋੜ ਦੇ।
'ਸਫ਼ਰੀ' ਕੀ ਦਈ ਜਾਨੈ ਮੋਹ ਦੀਆਂ ਥੰਮ੍ਹੀਆਂ।
ਸਿੱਖੀ ਦੀਆਂ ਵਾਟਾਂ ਅਜੇ ਹੋਰ ਵੀ ਨੇ ਲੰਮੀਆਂ।

# ਸਰਬੰਸ-ਦਾਨੀ ਗੁਰੂ

**ਵਿਧਾਤਾ ਸਿੰਘ ਤੀਰ**

ਬੱਲੇ ਬੱਲੇ ਕਲਗੀ ਸਜਾਣ ਵਾਲਿਆ!
ਤੇਰੀ ਕਲਗੀ ਦੀ ਝਲਕ ਨਿਰਾਲੀ, ਤੇਰੀ..
ਬੱਲੇ ਬੱਲੇ ਕਿ ਅੰਮ੍ਰਿਤ ਛਕਾਣ ਵਾਲਿਆ!
ਤੇਰੇ ਅੰਮ੍ਰਿਤ ਕਲਾ ਵਿਖਾਲੀ, ਤੇਰੇ..
ਬੱਲੇ ਬੱਲੇ ਕਿ ਬਚੜੇ ਘੁਮਾਣ ਵਾਲਿਆ!
ਹਸ ਹਸ ਲਾਲ ਘੁਮਾਏ ਚਾਰੇ, ਹਸ..
ਬੱਲੇ ਬੱਲੇ ਕਿ ਜ਼ੁਲਮ ਮਿਟਾਣ ਵਾਲਿਆ!
ਕੀਤੇ ਸਦਕੇ ਤੂੰ ਪੰਜ ਪਿਆਰੇ, ਕੀਤੇ...
ਬੱਲੇ ਬੱਲੇ ਕਿ ਖ਼ਾਲਸਾ ਸਜਾਣ ਵਾਲਿਆ!
ਹਿੰਦ 'ਚੋਂ ਛੂਤਛਾਤ ਨੂੰ ਕੱਢਿਆ, ਹਿੰਦ 'ਚੋਂ
ਬੱਲੇ ਬੱਲੇ ਕਿ ਤੇਗ਼ ਚਮਕਾਣ ਵਾਲਿਆ!
ਤੂੰ ਸੀ ਜ਼ੁਲਮ ਦਾ ਬੂਟਾ ਵਢਿਆ, ਤੂੰ ਸੀ...
ਬੱਲੇ ਬੱਲੇ ਪਈ ਪਟਨੇ'ਚ ਆਣ ਵਾਲਿਆ!
ਸਾਡੇ ਦਿਲ-ਪਟਨੇ ਵਿੱਚ ਆਵੀਂ, ਸਾਡੇ...
ਬੱਲੇ ਬੱਲੇ ਪਈ ਨੀਲੇ ਨੂੰ ਦੁੜਾਨ ਵਾਲਿਆ!
ਸਾਡੀਆਂ ਅੱਖੀਆਂ 'ਚ ਨੀਲਾ ਦੁੜਾਵੀਂ, ਸਾਡੀਆ...

# ਪ੍ਰਕਾਸ਼ ਦਿਹਾੜਾ ਮਨਾਂ ਆਏ ਹਾਂ

**ਡਾ: ਦੀਦਾਰ ਸਿੰਘ ਬਾਬਰਪੁਰ**

ਤੇਰੀਆਂ ਚਾਰ ਉਦਾਸੀਆਂ
ਤੇਰੀ ਫੋਟੋ 'ਚੋਂ ਮਿਟਾ ਆਏ ਹਾਂ
ਮਖਮਲੀ ਬਾਣੇ ਵਾਲੀ
ਸੋਭਾ ਸਿੰਘ ਦੀ ਬਣਾਈ ਤਸਵੀਰ ਸਜਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਹਲ ਤਾਂ ਸਾਥੋਂ ਵਾਹ ਨਹੀ ਹੋਇਆ
ਜਮੀਨ ਠੇਕੇ ਤੇ ਝੜਾ ਆਏ ਹਾਂ
ਖੇਤੀ ਵਿੱਚੋ ਹੁਣ ਕੁੱਝ ਨਹੀ ਬਚਦਾ
ਪਰ ਠੇਕਾ ਹੋਰ ਵਧਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਕੜਿਆ ਵਾਲੀ ਕਾਰ ਲਈ ਸੀ
ਸੁਕਰਾਨੇ ਵਜੋਂ ਪੱਖਾ ਦਾਨ ਕਰਾ ਆਏ ਹਾਂ
ਲੋਕਾ ਨੂੰ ਵੀ ਥੋੜਾ ਪਤਾ ਤਾਂ ਲੱਗੇ
ਉਪਰ ਨਾਮ ਲਿਖਵਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਜਾਤਾਂ ਪਾਤਾਂ ਨੂੰ ਭਾਂਵੇ ਤੂੰ ਨਹੀ ਸੀ ਮੰਨਦਾ
ਪਰ ਅਸੀ ਤਾਂ ਵੰਡੀਆਂ ਪਾ ਆਏ ਹਾਂ
ਜੱਟਾਂ ਦਾ, ਰਾਮਗੜ੍ਹੀਆ ਦਾ, ਵਿਹੜੇ ਵਾਲਿਆ ਦਾ
ਵੱਖਰਾ ਗੁਰਦੁਆਰਾ ਬਣਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਸੱਚਾ ਸੌਦਾ ਤਾਂ ਨਹੀ ਸਾਥੋਂ ਹੋਇਆ
ਪਰ ਡੇਰਾ ਇੱਕ ਬਣਾ ਆਏ ਹਾਂ
ਨਾਨਕ ਸਵੀਟਸ, ਨਾਨਕ ਕਲਾਥ ਹਾਊਸ
ਤੇਰੇ ਨਾਂ ਤੇ ਬਿਜਨਸ ਚਲਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਭਾਂਵੇ ਇਕ ਨ੍ਹੀ ਮੰਨੀ ਗੱਲ ਤੇਰੀ,
ਤੁਹਾਡੀ ਫੋਟੋ ਨੂੰ ਤਾਂ ਸਿਰ ਝੁਕਾਅ ਆਏ ਹਾਂ
ਠੱਗੀ ਦਾ ਭਾਵੇ ਚੋਰੀ ਦਾ,
ਅਸੀਂ ਆਪਣਾ ਦਸਵੰਧ ਕਢਵਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਜਿਹੜੇ ਅੰਧਵਿਸ਼ਵਾਸ ਵਿੱਚੋ ਤੂੰ ਸੀ ਕੱਢਿਆ,
ਅਸੀਂ ਓਸੇ ਵਿੱਚ ਲੋਕਾਂ ਨੂੰ ਪਾ ਆਏ ਹਾਂ
ਤੁਹਾਡੇ ਦਿੱਤੇ ਤਰਕਾ ਦੀ,
ਅਸੀ ਕਰਾਮਾਤ ਬਣਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਹੱਕ ਸੱਚ ਦੀ ਕਮਾਈ ਨਾਲ ਭਲਾਂ ਕੀ ਬਣਦਾ,
ਉੱਪਰਲੀ ਵਾਸਤੇ ਅਰਦਾਸ ਕਰਵਾ ਆਏ ਹਾਂ
ਹਾਂ ਦਸਵੰਧ ਓਹਦੇ ਵਿੱਚੋ ਵੀ ਕੱਢਾਗੇ,
ਇਹ ਵੀ ਗੱਲ ਮੁਕਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਚਾਹ ਪਕੌੜੇ ਬਰਫੀ ਅਤੇ
ਲੰਗਰ ਰੱਜ ਕੇ ਖਾ ਆਏ ਹਾਂ
ਲਾਲੋ ਦਾ ਸੀ ਜਾਂ ਭਾਗੋ ਦਾ
ਅਸੀਂ ਤਾਂ ਸਭ ਛਕ ਛਕਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ।
ਵਾਹਿਗੁਰੂ ਵਾਹਿਗੁਰੂ ਸਮਤ ਬਖਸ਼ਣ ਜੀ

# ਟਾਇਮ

**ਰਮੇਸ਼ ਬੱਗਾ 'ਚੋਹਲਾ'**

ਟਾਇਮ ਸਰਕਾਰ ਦਾ ਲੱਗੇ ਜੇ ਨਿੱਜੀ ਲੇਖੇ, ਉਸ ਨੂੰ ਫਰਲੋ ਦਾ ਦਿੰਦੇ ਨੇ ਨਾਮ ਮੀਆਂ।
ਫਰਲੋ ਮਾਰ ਕੇ ਆਉਂਦੇ ਕਈ ਰਾਸ ਕਾਰਜ, ਤਾਹੀਉਂ ਮਾਰਦੇ ਮੁਲਾਜ਼ਮ ਨੇ ਆਮ ਮੀਆਂ।
ਫ਼ਾਇਦਾ ਲੈਣ ਤੋਂ ਰਹੇ ਨਾ ਕਦੇ ਫਾਡੀ, ਜਿਸ ਦੀ ਸਾਹਬ ਦੇ ਨਾਲ ਸਲਾਮ ਮੀਆਂ।
'ਚੋਹਲੇ' ਵਾਲੇ ਨੂੰ ਲੱਗੀ ਹੈ ਚਾਟ ਇਸ ਦੀ, ਨਾਮ 'ਬੱਗੇ' ਦਾ ਹੋਇਆ ਬਦਨਾਮ ਮੀਆਂ।

# ਪਤਨੀ ਦੀ ਖ਼ੁਸ਼ੀ

ਪਾਤਰ ਪਤਨੀ ਦੀ ਖ਼ੁਸ਼ੀ ਦਾ ਜੇ ਬਣਨਾ,ਉਸ ਦੇ ਪੇਕੇ ਦੀ ਸਿਫ਼ਤ ਸਲਾਹ ਕਰੀਏ।
ਪਾਣੀ ਮੰਗੇ ਤਾਂ ਦੁੱਧ ਗਿਲਾਸ ਭਰੀਏ,ਉਸ ਦੀ ਸਿਹਤ ਦੀ ਪੂਰੀ ਪਰਵਾਹ ਕਰੀਏ।
ਖ਼ੁਸ਼ ਹੁੰਦੀ ਜੇ ਬਲਦ ਨੂੰ ਗਾਂ ਕਹਿ ਕੇ, ਆਪਣੇ ਆਪ ਨੂੰ ਪੇਸ਼ ਗਵਾਹ ਕਰੀਏ।
ਜਿਹੜੇ ਸੂਟ 'ਤੇ ਆ ਜੇ ਦਿਲ ਉਸ ਦਾ,'ਚੋਹਲਾ' ਉਸ ਦਾ ਕਦੇ ਨਾ ਭਾਅ ਕਰੀਏ।

# ਖਾਣ-ਪੀਣ ਵਿਚ ਸੰਜਮ

**-ਮੰਗਤ ਸਿੰਘ ਰਾਹੀ # 98882-91607**

ਅੱਜ ਸਾਰਾ ਸੰਸਾਰ ਡਰ ਤੇ ਚਿੰਤਾ ਨਾਲ ਪਰੇਸ਼ਾਨ ਹੈ। ਜ਼ਿਆਦਾਤਰ ਲੋਕ ਡਰ ਚਿੰਤਾ, ਬੇਚੈਨੀ ਤੇ ਇਸ ਤੋਂ ਉਪਜੇ ਤਣਾਅ ਨਾਲ ਜਕੜੇ ਹੋਏ ਹਨ। ਇਸ ਨਾਲ ਮਨੁੱਖ ਦੇ ਤਨ ਤੇ ਮਨ ਦੋਵੇਂ ਹੀ ਕਮਜ਼ੋਰ ਹੁੰਦੇ ਹਨ।

ਆਓ ਦੇਖੀਏ ਕਿ ਤਣਾਅ ਕਿਸ ਤਰ੍ਹਾਂ ਮਨੁੱਖੀ ਮਨ ਨੂੰ ਘੇਰਦਾ ਹੈ ਤੇ ਗੁਰਬਾਣੀ ਦੇ ਚਾਨਣ ਵਿਚ ਇਸ ਤਣਾਅ ਰੂਪੀ ਦੈਂਤ ਤੋਂ ਕਿਵੇਂ ਸਹਿਜੇ ਹੀ ਬਚਿਆ ਜਾ ਸਕਦਾਹੈ।

ਸੰਸਾਰ ਦੀ ਹਰ ਵਸਤੂ ਆਪਣੇ ਮੂਲ ਤੱਤ, ਆਪਣੇ ਸੋਮੇ ਵੱਲ ਆਕਰਸ਼ਤ ਹੁੰਦੀ ਹੈ। ਪਾਣੀ ਸਦਾ ਨਿਵਾਣ ਵੱਲ ਜਾਂਦਾ ਹੈ, ਕਿਉਂਕਿ ਉਸਦਾ ਸੋਮਾ ਸਮੁੰਦਰ ਹੈ। ਅੱਗ ਹਮੇਸ਼ਾਂ ਉੱਪਰ ਵੱਲ ਉਠਦੀ ਹੈ ਕਿਉਂਕਿ ਉਸਦਾ ਸੋਮਾ ਸੂਰਜ ਹੈ। ਮਨੁੱਖ ਦਾ ਅਸਲ ਕੁਦਰਤੀ ਸੋਮਾ ਜੋਤ ਸਰੂਪ ਪਰਮਾਤਮਾ ਹੈ ਕਿਉਂਕਿ ਆਤਮਾ ਉਸ ਜੋਤ ਸਰੂਪ ਪਰਮਾਤਮਾ ਵਿਚੋਂ ਨਿਕਲੀ ਹੈ ਜੋ ਆਪ ਹੀ ਅਨੰਦ ਸਰੂਪ ਹੈ ਤੇ ਆਤਮਾ ਵੀ ਉਸ ਅਨੰਦ ਵੱਲ ਹੀ ਜਾਣਾ ਚਾਹੁੰਦੀ ਹੈ। ਜਿਸ ਤਰ੍ਹਾਂ ਪਾਣੀ, ਪਾਣੀ ਨਾਲ ਮਿਲ ਕੇ ਹੀ ਇਕ ਰੂਪ ਹੁੰਦਾ ਹੈ ਉਸੇ ਤਰ੍ਹਾਂ ਆਤਮਾ ਉਸ ਅਨੰਦ ਸਰੂਪ ਪਰਮਾਤਮਾ ਨਾਲ ਮਿਲ, ਉਸ ਨਾਲ ਇਕਮਿਕ ਹੋ ਕੇ ਅਨੰਦ ਸਰੂਪ ਹੋਣਾ ਲੋਚਦੀ ਹੈ। ਇਹੀ ਕਾਰਣ ਹੈ ਕਿ ਮਨੁੱਖ ਦੇ ਸਾਰੇ ਯਤਨ ਸੁਖ-ਅਨੰਦ ਪ੍ਰਾਪਤ ਕਰਨ ਲਈ ਹੀ ਹੁੰਦੇ ਹਨ।

ਇਹ ਗੱਲ ਹੋਰ ਹੈ ਕਿ ਉਸਦੇ ਯਤਨ ਅਸਫ਼ਲ ਹੋ ਜਾਂਦੇ ਹਨ ਤੇ ਸੁਖ ਨਹੀਂ ਮਿਲਦਾ। ਉਸਨੂੰ ਪਤਾ ਹੀ ਨਹੀਂ ਕਿ ਅਸਲ ਸੁਖ ਕੀ ਹੈ ?ਉਹ ਸਮਝਦਾ ਹੈ ਕਿ ਸੁਖ ਕੋਈ ਸਰੀਰਕ ਵਸਤੂ ਹੈ। ਉਹ ਇਸ ਜੀਵਨ ਨੂੰ ਹੀ ਸਭ ਕੁਝ ਮੰਨ ਲੈਂਦਾ ਹੈ ਤੇ ਇਸ ਤੋਂ ਉੱਤੇ ਉਹ ਉੱਠ ਹੀ ਨਹੀਂ ਸਕਦਾ। ਸਰੀਰ ਨੂੰ ਚਲਦਾ ਰੱਖਣ ਲਈ ਉਸਨੂੰ ਖਾਣ-ਪੀਣ ਦੀ ਕੁਦਰਤੀ ਲੋੜ ਤਾਂ ਪੈਂਦੀ ਹੀ ਸੀ ਪਰ ਕਈ ਪ੍ਰਕਾਰ ਦੇ ਪਦਾਰਥਾਂ ਨੂੰ ਖਾਣ ਨਾਲ ਜਦ ਉਸਨੂੰ ਸੁਆਦ ਆਇਆ ਤਾਂ ਉਸਨੂੰ ਇਹ ਭਰਮ ਹੋ ਗਿਆ ਕਿ ਜਿਤਨਾ ਸੁਆਦੀ ਰਸਾਂ ਵਾਲਾ ਭੋਜਨ ਉਸਨੂੰ ਮਿਲੇਗਾ, ਉਤਨਾ ਹੀ ਉਸਦੇ ਅਨੰਦ ਵਿਚ ਵਾਧਾ ਹੋਵੇਗਾ। ਇਸ ਤਰ੍ਹਾਂ ਚੰਗਾ ਚੋਖਾ ਖਾਣਾ ਅਤੇ ਐਸ਼-ਇਸ਼ਰਤ ਦਾ ਜੀਵਨ ਉਸਨੂੰ ਸੁਖੀ ਜੀਵਨ ਲਈ ਜ਼ਰੂਰੀ ਜਾਪਣ ਲੱਗਾ। ਉਸ ਦੀਆਂ ਸਰੀਰਕ ਲੋੜਾਂ ਵਧਦੀਆਂ ਗਈਆਂ, ਖਾਣ ਪੀਣ 'ਤੇ ਸੰਜਮ ਨਾ ਰਿਹਾ, ਜਿਸ ਨਾਲ ਕਈ ਪ੍ਰਕਾਰ ਦੇ ਰੋਗਾਂ ਨੇ ਉਸਨੂੰ ਆ ਘੇਰਿਆ।

ਗੁਰਬਾਣੀ ਫੁਰਮਾਨ ਹੈ :

**ਖਸਮੁ ਵਿਸਾਰਿ ਕੀਏ ਰਸ ਭੋਗ ॥**
**ਤਾਂ ਤਨਿ ਉਠਿ ਖਲੋਏ ਰੋਗ ॥(1256)**

ਸੁਆਦਾਂ ਦਾ ਮਾਰਿਆ ਮਨੁੱਖ ਰੋਗਾਂ ਦੇ ਚੁੰਗਲ ਵਿਚ ਜਾ ਵਸਿਆ। ਗੁਰੂ ਸਾਹਿਬ ਸੁਚੇਤ ਕਰਦੇ ਹਨ:

**ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ॥ (1255)**

ਰੋਗੀ ਸਰੀਰ ਸਦਾ ਬੇਚੈਨ ਰਹੇਗਾ। ਬੇਚੈਨੀ ਵਿਚ ਚਿੰਤਾ ਤੇ ਚਿੰਤਾ ਨਾਲ ਤਣਾਅ ਆਏਗਾ ਹੀ।ਸੋ ਇਸ ਤਣਾਅ ਤੋਂ ਬਚਣ ਲਈ ਜ਼ਰੂਰੀ ਹੈ ਕਿ ਖਾਣ-ਪੀਣ ਵਿਚ ਸੰਜਮ ਰੱਖਿਆ ਜਾਏ। ਇਤਨਾ ਨਾ ਖਾਧਾ ਜਾਏ ਕਿ ਪੇਟ ਭਾਰੀ ਹੋ ਜਾਏ ਤੇ ਆਲਸ ਆਉਣ ਲੱਗੇ। ਕੀ ਖਾਣਾ ਹੈ ਤੇ ਕਿਤਨਾ ਖਾਣਾ ਹੈ- ਇਸ ਬਾਰੇ ਗੁਰੂ ਨਾਨਕ ਪਾਤਸ਼ਾਹ ਦਾ ਬਚਨ ਹੈ:

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥(16)**



(ਐ ਮਨੁੱਖ, ਜਿਸ ਖਾਣ ਨਾਲ ਤੇ ਜਿਤਨਾ ਖਾਣ ਨਾਲ ਤੇਰੇ ਸਰੀਰ ਅੰਦਰ ਪੀੜਾ ਉਤਪੰਨ ਹੋਵੇ ਤੇ ਮਨ ਵਿਚ ਵਿਕਾਰ ਪੈਦਾ ਹੋਣ, ਉਹ ਖਾਣਾ ਤੈਨੂੰ ਖੁਆਰ ਕਰੇਗਾ,ਇਸ ਤੋਂ ਬਚ) ਸਿੱਖ ਰਹਿਤਨਾਮਿਆਂ ਵਿਚ ਵੀ ਇਸ ਤਰ੍ਹਾਂ ਦਾ ਜ਼ਿਕਰ ਹੈ:

**ਅੰਨ ਬਹੁਤ ਭੁਖੈ ਲਗੀ ਜੇਵਣਾ। ਭਰੇ ਉਤੇ ਭਰੇ ਨਾਹੀ॥**

(ਖਾਣਾ ਉਸੇ ਵੇਲੇ ਹੈ, ਜਦ ਬਹੁਤ ਭੁੱਖ ਲੱਗੀ ਹੋਵੇ। ਜੇ ਪੇਟ ਭਰਿਆ ਹੋਵੇ ਤਾਂ ਖਾਣਾ ਨਹੀਂ।)

ਜੀਵਨ ਕੇਵਲ ਭੋਜਨ ਖਾਣ ਲਈ ਨਹੀਂ ਮਿਲਿਆ। ਭੋਜਨ ਇਸ ਵਾਸਤੇ ਖਾਣਾ ਚਾਹੀਦਾ ਹੈ ਕਿ ਮਨੁੱਖ ਆਪਣਾ ਜੀਵਨ ਠੀਕ ਤਰ੍ਹਾਂ ਚਲਾ ਸਕੇ ਤੇ ਪ੍ਰਭੂ ਦਾ ਸਿਮਰਨ ਕਰ ਸਕੇ। ਜੀਭ ਦੇ ਗੁਲਾਮ ਤਾਂ ਡਾਕਟਰਾਂ ਦੀ ਫ਼ੀਸ ਹੀ ਭਰਦੇ ਰਹਿੰਦੇ ਹਨ ਤੇ ਸਰੀਰ ਨੂੰ ਵੱਸ ਵਿਚ ਰੱਖਣ ਦੀ ਥਾਂ ਉਲਟਾ ਉਸਦੇ ਦਾਸ ਬਣ ਕੇ ਲੰਗੜਿਆਂ ਵਾਲਾ ਜੀਵਨ ਬਿਤਾਉਂਦੇ ਹਨ। ਸੁਆਦ, ਸੁਆਦੀ ਭੋਜਨਾਂ ਵਿਚ ਨਹੀਂ, ਭੁੱਖ ਵਿਚ ਹੈ। ਜੋ ਜੀਭ ਜੈਸੀ ਸਥੂਲ ਵਸਤੂ 'ਤੇ ਕਾਬੂ ਨਹੀਂ ਪਾ ਸਕਦਾ, ਉਹ ਮਨ ਜੈਸੀ ਸੂਖਮ ਵਸਤੂ 'ਤੇ ਕਿਵੇਂ ਕਾਬੂ ਪਾ ਸਕੇਗਾ? 'ਸਿਧ ਗੋਸਟਿ' ਵਿਚ ਗੁਰੂ ਨਾਨਕ ਪਾਤਸ਼ਾਹ ਸਿਧਾਂ ਨੂੰ ਤੱਤ ਦੀ ਗੱਲ ਸਮਝਾਉਂਦੇ ਹੋਏ ਕਹਿੰਦੇ ਹਨ:

**ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥(939)**

**ਥੋੜ੍ਹਾ ਖਾਣਾ ਤੇ ਥੋੜ੍ਹਾ ਸੌਣਾ :** ਬੰਧਨ ਮੁਕਤ ਤੇ ਰੋਗ-ਮੁਕਤ ਹੋਣ ਲਈ ਭੁੱਖ ਤੋਂ ਥੋੜ੍ਹਾ ਘੱਟ ਖਾਣਾ ਹੀ ਹਿਤਕਾਰੀ ਹੈ। ਆਸਾ ਕੀ ਵਾਰ ਵਿਚ ਗੁਰੂ ਸਾਹਿਬ ਫੁਰਮਾਨ ਕਰਦੇ ਹਨ :

**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥(467)**

ਹਰ ਇਨਸਾਨ ਲਈ ਖ਼ੁਰਾਕ ਦਾ ਖਾਣਾ ਆਪਣੇ ਆਪ ਵਿਚ ਯੋਗ ਹੈ ਪਰ ਸੁਆਦਾਂ ਦੇ ਅਧੀਨ ਹੋ ਕੇ ਪਦਾਰਥਾਂ ਦੇ ਗੁਲਾਮ ਬਣ ਕੇ ਖਾਣਾ ਜਾਂ ਲੋੜ ਤੋਂ ਵੱਧ ਖਾਣਾ ਅਨੁਚਿਤ ਹੈ ਤੇ ਇਸ ਵਿਚੋਂ ਦੁੱਖ ਹੀ ਨਿਕਲਦਾ ਹੈ; ਸਰੀਰ ਰੋਗੀ ਹੋ ਜਾਂਦਾ ਹੈ। ਐਸੇ ਜੀਵਨ ਨੂੰ ਗੁਰੂ ਸਾਹਿਬ ਵੀ ਧਿਰਕਾਰਦੇ ਹਨ :

**ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥(790)**

ਇਹ ਤਾਂ ਸੀ ਗੱਲ ਖਾਣ ਦੀ। ਆਓ ਹੁਣ ਜ਼ਰਾ ਪੀਣ ਵੱਲ ਵੀ ਝਾਤ ਮਾਰੀਏ। ਪਾਣੀ ਤੋਂ ਵੱਧ ਤਾਂ ਚੰਗੀ ਚੀਜ਼ ਪੀਣ ਲਈ ਹੋਰ ਕੋਈ ਨਹੀਂ ਹੈ। ਇਹ ਕੁਦਰਤ ਦੀ ਇਕ ਅਨਮੋਲ ਦੇਣ ਹੈ। ਬੱਚੇ ਦੇ ਪੀਣ ਲਈ ਅਕਾਲ ਪੁਰਖ ਨੇ (ਦੁੱਧ) ਉਸਦੇ ਪੈਦਾ ਹੋਣ ਦੇ ਨਾਲ ਹੀ ਮਾਂ ਦੇ ਸਰੀਰ ਰਾਹੀਂ ਭੇਜ ਦਿੱਤਾ। ਵੱਡਿਆਂ ਹੋਣ 'ਤੇ ਉਸ ਲਈ ਗਾਂ, ਮੱਝ, ਬਕਰੀ ਆਦਿ ਦਾ ਦੁੱਧ ਕੁਦਰਤ ਨੇ ਇਸ ਦੁਨੀਆਂ ਵਿਚ ਉਪਲਬਧ ਕੀਤਾ ਹੈ। ਕਈ ਤਰ੍ਹਾਂ ਦੇ ਫਲਾਂ ਦੇ ਜੂਸ ਪੀਣ ਲਈ ਉਪਲਬਧ ਹਨ। ਫਿਰ ਵੀ ਮਨੁੱਖ ਸ਼ਰਾਬ ਜੈਸੀ ਨਾਮੁਰਾਦ ਲਾਹਨਤ ਵੱਲ ਕਿਉਂ ਦੌੜਦਾ ਹੈ ? ਕਈ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਸ਼ਰਾਬ ਕੋਈ ਮਾੜੀ ਚੀਜ਼ ਨਹੀਂ। ਪਰ ਅਕਸਰ ਅਜਿਹੇ ਮਾਮਲੇ ਆਏ ਦਿਨ ਹੁੰਦੇ ਰਹਿੰਦੇ ਹਨ ਕਿ ਨਸ਼ੇ ਵਿਚ ਕਈ ਵਿਅਕਤੀ ਬੇਹੂਦਾ ਹਰਕਤਾਂ ਕਰਦੇ ਦੇਖੇ ਗਏ ਹਨ। ਸ਼ਰਾਬ ਕਿਸੇ ਸਮੱਸਿਆ ਦਾ ਹੱਲ ਨਹੀਂ। ਸ਼ਰਾਬ ਕੋਈ ਖ਼ੁਰਾਕ ਨਹੀਂ ਕਿ ਸਰੀਰ ਨੂੰ ਇਸ ਦੀ ਲੋੜ ਹੋਵੇ। ਇਹ ਕਹਿਣਾ ਕਿ ਸੰਜਮ ਨਾਲ ਪੀਣ 'ਤੇ ਤੰਦਰੁਸਤੀ ਵਿਚ ਵਾਧਾ ਹੁੰਦਾ ਹੈ ਤੇ ਇਨਸਾਨ ਬੀਮਾਰੀਆਂ ਤੋਂ ਬਚਿਆ ਰਹਿੰਦਾ ਹੈ, ਉੱਕਾ ਹੀ ਨਿਰਾਧਾਰ ਹੈ। ਸ਼ਰਾਬ ਪੀਣ ਨਾਲ ਅਕਸਰ ਸਰੀਰ ਮੋਟਾ ਤੇ ਬੇਡੌਲ ਹੋ ਜਾਂਦਾ ਹੈ। ਅਲਕੋਹਲ ਸਹਿਜੇ- ਸਹਿਜੇ ਮਾਰ ਕਰਨ ਵਾਲਾ ਇਕ ਜ਼ਹਿਰ ਹੈ। ਸ਼ਰਾਬ ਬੀਮਾਰੀਆਂ ਤੇ ਬੁਰਾਈਆਂ ਦਾ ਲਸ਼ਕਰ ਆਪਣੇ ਨਾਲ ਲਿਆਉਂਦੀ ਹੈ। ਸ਼ਰਾਬ ਪੀਣ ਨਾਲ ਦਿਲ ਦੀ ਬੀਮਾਰੀ ਲੱਗ

ਜਾਂਦੀ ਹੈ, ਸ਼ਰਾਬ ਜਿਗਰ ਨੂੰ ਖਰਾਬ ਕਰਦੀ ਹੈ, ਸਰੀਰ ਦੀਆਂ ਨਾੜੀਆਂ ਕਮਜ਼ੋਰ ਹੋ ਜਾਂਦੀਆਂ ਹਨ ਤੇ ਦਿਲ ਦੇ ਦੌਰੇ ਦੇ ਬਹੁਤੇ ਮਰੀਜ਼ ਸ਼ਰਾਬ ਪੀਣ ਵਾਲੇ ਹੁੰਦੇ ਹਨ। ਸੜਕਾਂ ਉੱਤੇ ਅਤੇ ਹੋਰ ਜੋ ਦੁਰਘਟਨਾਵਾਂ ਹੁੰਦੀਆਂ ਹਨ, ਜ਼ਿਆਦਾਤਰ ਲਈ ਸ਼ਰਾਬ ਹੀ ਜ਼ਿੰਮੇਵਾਰ ਹੁੰਦੀ ਹੈ। ਫਰਾਂਸ ਵਿਚ ਬਰਤਾਨੀਆ ਦੀ ਰਾਜਕੁਮਾਰੀ ਡਾਇਨਾ ਤੇ ਉਸ ਦੇ ਕੁਝ ਸਾਥੀ ਇਕ ਕਾਰ-ਹਾਦਸੇ ਵਿਚ ਮਾਰੇ ਗਏ ਸਨ। ਡਰਾਈਵਰ ਦੇ ਮ੍ਰਿਤਕ ਸਰੀਰ ਵਿਚੋਂ ਲਹੂ ਦਾ ਜੋ ਸੈਂਪਲ ਲਿਆ ਗਿਆ ਉਸ ਵਿਚ ਅਲਕੋਹਲ ਦੀ ਮਾਤਰਾ ਕਾਫੀ ਜ਼ਿਆਦਾ ਸੀ। ਸਿੱਟਾ ਇਹ ਨਿਕਲਿਆ ਕਿ ਬੀਮਾਰੀ, ਐਕਸੀਡੈਂਟ ਤੇ ਦਿਲ ਦੇ ਦੌਰੇ ਮਨੁੱਖ ਨੂੰ ਹਰ ਵੇਲੇ ਤਣਾਅ ਵਿਚ ਹੀ ਰੱਖਣਗੇ। ਸ਼ਰਾਬ ਪੀਣੀ ਸਿੱਖਾਂ ਵਾਸਤੇ ਬਿਲਕੁਲ ਮਨ੍ਹਾ ਹੈ। ਸ਼ਰਾਬਨੋਸ਼ੀ ਬਾਰੇ ਗੁਰਬਾਣੀ ਦਾ ਆਸ਼ਾ ਬੜਾ ਸਪੱਸ਼ਟ ਹੈ :

**ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥ (553)**

(ਇਸ ਚੰਦਰੀ ਸ਼ਰਾਬ ਪੀਣ ਨਾਲ ਕਈ ਤਰ੍ਹਾਂ ਦੇ ਵਿਕਾਰ ਪੈਦਾ ਹੁੰਦੇ ਹਨ।

**ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥ (399)**

ਜਿਸਸ਼ਰਾਬ ਦੇ ਪੀਤਿਆਂ ਅਕਲ ਦੂਰ ਹੋ ਜਾਂਦੀ ਹੈ ਤੇ ਮਨੁੱਖ ਝੱਲਪੁਣਾ ਖਿਲਾਰਨ ਅਤੇ ਮੂੰਹੋਂ ਬਕਣ ਲੱਗ ਜਾਂਦਾ ਹੈ, ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਪਰਮਾਤਮਾ ਵਿਸਰ ਜਾਂਦਾ ਹੈ ਅਤੇ ਉਸਦੀ ਦਰਗਾਹ ਵਿਚ ਧੱਕੇ ਪੈਂਦੇ ਹਨ ਤੇ ਸਜ਼ਾ ਮਿਲਦੀ ਹੈ। ਐਸੀ ਚੰਦਰੀ ਸ਼ਰਾਬ ਕਦੇ ਭੁੱਲ ਕੇ ਵੀ ਨਹੀਂ ਪੀਣੀ ਚਾਹੀਦੀ :

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥ (558)**

ਗੁਰਬਾਣੀ ਸਾਨੂੰ ਉਪਦੇਸ਼ ਕਰਦੀ ਹੈ ਕਿ ਸਭ ਬੁਰਾਈਆਂ ਦੀ ਜੜ੍ਹ ਸ਼ਰਾਬ ਵਰਗੀ ਭ੍ਰਿਸ਼ਟ ਚੀਜ਼ ਨੂੰ ਮੂੰਹ ਨਾ ਲਾਓ। ਉਸ ਅਕਾਲ ਪੁਰਖ ਨੇ ਸ੍ਰਿਸ਼ਟੀ ਵਿਚ ਅਨੇਕ ਪ੍ਰਕਾਰ ਦੇ ਸੁਆਦੀ ਤੇ ਸਿਹਤ ਭਰਪੂਰ ਫਲ ਪੈਦਾ ਕੀਤੇ ਹਨ, ਜਿਨ੍ਹਾਂ ਦਾ ਜੂਸ ਪੀਣ ਨਾਲ ਸਰੀਰ ਤੰਦਰੁਸਤ ਤੇ ਰਿਸ਼ਟ ਪੁਸ਼ਟ ਰਹਿੰਦਾ ਹੈ। ਇਸ ਸਭ ਕੁਝ ਦੇ ਹੁੰਦਿਆਂ ਜੇ ਮਨੁੱਖ ਸ਼ਰਾਬ ਪੀਣ ਦੀ ਬੇਵਕੂਫ਼ੀ ਕਰੇ ਤਾਂ ਇਹ ਉਸਦੀ ਮੂਰਖਤਾ ਹੀ ਹੈ।

ਸੋ ਤਣਾਅ-ਰਹਿਤ ਜੀਵਨ ਦਾ ਪਹਿਲਾ ਨਿਯਮ ਹੋਇਆ :

**ਖਾਣ ਪੀਣ ਵਿਚ ਸੰਜਮ ਰੱਖਣਾ।**

-0-

# ਕਾਰਪੋਰੇਟਾਂ ਵਿਰੁੱਧ ਲੜਣ ਵਾਲਾ ਪੰਜਾਬ ਅੱਜ ਖ਼ੁਦ ਕਾਰਪੋਰੇਟੀ


**ਹਰਲਾਜ ਸਿੰਘ**
**ਬਹਾਦਰਪੁਰ**
**#9417023911**




ਚੋਣਾਂ ਚਾਹੇ ਕੋਈ ਵੀ ਹੋਣ ਉਹ ਮਤਦਾਨ ਹੁੰਦਾ ਹੈ, ਜਿਸ ਵਿੱਚ ਸਾਰੇ ਵੋਟਰ ਦਾਤੇ ਹੁੰਦੇ ਹਨ, ਦਾਨ ਲੈਣ ਵਾਲਾ ਉਮੀਦਵਾਰ ਹੁੰਦਾ ਹੈ, ਹੱਕਦਾਰ ਨਹੀਂ ਹੁੰਦਾ, ਹੱਕ ਸਿਰਫ ਵੋਟਰ ਕੋਲ ਹੁੰਦਾ ਹੈ, ਵੋਟਰ ਨੂੰ ਹੱਕ ਹੈ ਕਿ ਉਹ ਆਪਣੀ ਮੱਤ ਜਿਸ ਨੂੰ ਚਾਹੇ ਦਾਨ ਕਰ ਸਕਦਾ ਹੈ, ਉਮੀਦਵਾਰ ਆਪਣੇ ਵਿਚਾਰ ਦੱਸ ਕੇ ਸਿਰਫ ਉਮੀਦ ਹੀ ਕਰ ਸਕਦਾ ਹੈ, ਦਾਨ ਖਰੀਦਿਆ ਵੇਚਿਆ ਨਹੀਂ ਜਾ ਸਕਦਾ ਹੁੰਦਾ, ਕਿਉਂਕਿ ਦਾਨ ਕਰਨ ਵਾਲਾ ਦਾਤਾ ਹੁੰਦਾ ਹੈ, ਦਾਤੇ ਨੂੰ ਦਾਨ ਦੀ ਕੀਮਤ ਦੇਣਾ ਦਾਨ ਦੇਣ ਵਾਲੇ ਦੀ ਬੇਇੱਜ਼ਤੀ ਕਰਨਾ ਹੁੰਦਾ ਹੈ, ਅਫਸੋਸ ਕਿ ਅਸੀਂ ਇਹ ਬੇਇੱਜ਼ਤੀ ਖੁਸ਼ ਹੋ ਕੇ ਬੜੇ ਮਾਣ ਨਾਲ ਕਰਵਾ ਰਹੇ ਹਾਂ ਅਤੇ ਕਰ ਰਹੇ ਹਾਂ, ਵੋਟ ਖਰੀਦੀ ਜਾ ਵੇਚੀ ਨਹੀਂ ਜਾ ਸਕਦੀ ਹੁੰਦੀ, ਵੋਟ ਖਰੀਦਣਾ ਜਾ ਵੇਚਣਾ ਜੁਰਮ ਹੈ, ਵੋਟ ਖਰੀਦਣ ਜਾ ਵੇਚਣ ਵਾਲੇ ਦੋਸ਼ੀ ਹਨ ਅਜਿਹੇ ਦੋਸ਼ੀਆਂ ਨੂੰ ਸਖ਼ਤ ਸਜਾ ਮਿਲਣੀ ਚਾਹੀਂਦੀ ਹੈ, ਪਰ ਸਜਾ ਦੇਵੇ ਕੌਣ ? ਕਿਉਂਕਿ ਸਾਡੀਆਂ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾ ਸਮੇਂ ਮੱਤ ਦਾਤੇ ਨੂੰ ਅਸਿੱਧੇ ਰੂਪ ਵਿੱਚ ਜਨਤਕ ਤੌਰ ਤੇ ਲਾਲਚ ਦੇ ਕੇ ਮੱਤ ਦਾਨ ਨੂੰ ਖਰੀਦ ਦੀਆਂ ਹਨ, ਪੰਚਾਇਤੀ ਚੋਣਾ ਵਿੱਚ ਵੀ ਉਵੇਂ ਹੀ ਸ਼ਰੇਆਮ ਮਤ ਦਾਤੇ ਨੂੰ ਨਿੱਜੀ ਤੌਰ ਤੇ ਖਰੀਦਿਆ ਜਾਂਦਾ ਹੈ, ਪੰਚਾਇਤੀ ਚੋਣਾ ਵਿੱਚ ਸ਼ਰੇਆਮ ਸ਼ਰਾਬ ਅਤੇ ਪੈਸਾ ਚਲਦਾ ਹੈ ਜੋ ਕਿਸੇ ਤੋਂ ਲੁਕਿਆ ਛੁਪਿਆ ਨਹੀਂ ਹੈ, ਭਗਵੰਤ ਮਾਨ ਸਰਕਾਰ ਬਿਆਨ ਬਾਜੀ ਕਰ ਰਹੀ ਹੈ ਕਿ ਚੋਣਾ ਤੇ ਪੈਸਾ ਨਾ ਲਾਇਓ, ਇਸ ਬਾਰ ਅਸੀਂ ਕਿਸੇ ਸਰਪੰਚ ਨੂੰ ਪੰਚਾਇਤਾਂ ਦਾ ਪੈਸਾ ਨਹੀਂ ਖਾਣ ਦੇਵਾਂਗੇ, ਭਰਿਸ਼ਟਾਚਾਰ ਦੇ ਵਿਰੁੱਧ ਸਰਕਾਰ ਕਹਿ ਰਹੀ ਹੁੰਦੀ ਹੈ ਕਿ ਜੇ ਕਿਤੇ ਭਰਿਸ਼ਟਾਚਾਰ ਹੁੰਦਾ ਹੈ ਤਾਂ ਸਾਨੂੰ ਉਸ ਦੀ ਵੀਡੀਓ ਬਣਾ ਕੇ ਭੇਜੋ, ਅਸੀਂ ਕਾਰਵਾਈ ਕਰਾਂਗੇ, ਆਹ ਹੁਣ ਪੰਚਾਇਤੀ ਚੋਣਾ ਵਿੱਚ ਸਰਪੰਚੀਆਂ ਦੀਆਂ ਬੋਲੀਆਂ ਕਰ ਕੇ ਸ਼ਰੇਆਮ ਭਰਿਸ਼ਟਾਚਾਰ ਕੀਤਾ ਰਿਹਾ ਹੈ, ਜਿਸ ਦੀਆਂ ਮੀਡੀਏ ਵਿੱਚ ਵੀਡੀਓ ਆ ਰਹੀਆਂ ਹਨ, ਕੀ ਹੁਣ ਸਰਕਾਰ ਇਹਨਾਂ ਉਤੇ ਕੋਈ ਕਾਰਵਾਈ ਕਰੇਗੀ ? ਸਰਕਾਰ ਨੂੰ ਚਾਹੀਦਾ ਹੈ ਕਿ ਉਹ ਚੋਣਾਂ ਵਿੱਚ ਪੈਸੇ ਦਾ ਪ੍ਰਦਰਸ਼ਨ ਕਰਨ ਵਾਲੇ ਦੋਸ਼ੀਆਂ ਉਤੇ ਬਣਦੀ ਕਾਰਵਾਈ ਕਰਕੇ ਉਹਨਾਂ ਨੂੰ ਸਜਾ ਦੇਵੇ, ਪਰ ਬਹੁਤ ਮੁਸ਼ਕਿਲ ਹੈ, ਕਿਉਂਕਿ ਅਜਿਹੀ ਕਾਰਵਾਈ ਕੋਈ ਸੱਚਾ ਇਮਾਨਦਾਰ ਇਨਸਾਨ ਹੀ ਇਹ ਕਰ ਸਕਦਾ ਹੈ, ਸਾਡੀ ਪੇਂਡੂ ਜਨਤਾ ਅਤੇ ਕਿਸਾਨ ਜਥੇਬੰਦੀਆਂ ਜੋ ਕਾਰਪੋਰੇਟੀ ਕਾਨੂੰਨਾਂ ਦੇ ਵਿਰੁੱਧ ਦਿੱਲੀ ਦੇ ਬਾਰਡਰਾਂ ਉਤੇ ਲੰਮਾ ਸਮਾਂ ਧਰਨਾ ਲਾ ਕੇ ਬੈਠੇ ਸਨ, ਅੱਜ ਪਿੰਡਾਂ ਵਿੱਚ ਲਲਕਾਰੇ ਮਾਰ ਰਹੇ ਕਾਰਪੋਰੇਟਾਂ ਅੱਗੇ ਕਿਉਂ ਚੁੱਪ ਹਨ ? ਕੀ ਸਰਪੰਚੀ ਦੀ ਚੋਣ ਨੂੰ ਪੈਸਿਆਂ ਦੀ ਖੀਰ (ਮੁੱਲ ਦੀ ਚੋਣ) ਬਣਾਉਣਾ ਕਾਰਪੋਰੇਟੀ ਸੋਚ ਨਹੀਂ ਹੈ ? ਕੇਂਦਰ ਦੇ ਕਾਰਪੋਰੇਟਾਂ ਦੇ ਵਿਰੁੱਧ ਲੜਨ ਵਾਲਿਓ ਪਿੰਡ ਦੇ ਕਾਰਪੋਰੇਟਾਂ ਦੇ ਖਿਲਾਫ ਕੌਣ ਲੜੇਗਾ ? ਮੈਂ ਨਹੀਂ ਕਹਿੰਦਾ ਕਿ ਪਿੰਡਾਂ ਵਿੱਚ ਜਮੀਨਾ ਵੇਚ ਕੇ ਚੋਣਾ ਲੜਨ ਵਾਲੇ ਕਾਰਪੋਰੇਟ ਹਨ, ਨਹੀਂ ਇਹ ਕਾਰਪੋਰੇਟ ਤਾਂ ਨਹੀਂ ਹਨ ਪਰ ਇਹਨਾ ਦੀ ਸੋਚ ਕਾਰਪੋਰੇਟੀ ਹੈ, ਜੋ ਵੋਟਰਾਂ ਨੂੰ ਖਰੀਦਣਾ ਚਾਹੁੰਦੀ ਹੈ, ਕਾਰਪੋਰੇਟੀ ਸੋਚ ਸੱਭ ਕੁੱਝ ਪੈਸੇ ਨਾਲ ਖਰੀਦਣਾ ਚਾਹੁੰਦੀ ਹੁੰਦੀ ਹੈ, ਅੱਜ ਪਿੰਡਾਂ ਵਿੱਚ ਕਾਰਪੋਰੇਟੀ ਸੋਚ ਲਲਕਾਰੇ ਮਾਰ ਰਹੀ ਹੈ, ਕਿਸਾਨ ਜਥੇਬੰਦੀਆਂ ਚੁੱਪ ਹਨ, ਲੋਕਾਂ ਦੇ ਹੱਕਾਂ ਲਈ ਲੜਨ ਵਾਲਿਓ ਅੱਜ ਤੁਹਾਡੇ ਸਾਹਮਣੇ ਲੋਕ ਖਰੀਦੇ ਜਾ ਰਹੇ ਹਨ, ਜਦੋਂ ਸਰਕਾਰੀ ਕਾਰਪੋਰੇਟ ਤੁਹਾਡੇ ਹੱਕ ਖਰੀਦਣਗੇ ਫਿਰ ਤੁਸੀਂ ਇਹਨਾਂ ਅੱਜ ਦੇ ਕਾਰਪੋਰੇਟੀ ਸੋਚ ਵਾਲਿਆਂ ਦੇ ਟਰੈਕਟਰ ਟਰਾਲੀਆਂ ਤੇ ਚੜ੍ਹ ਕੇ ਸਰਕਾਰੀ ਕਾਰਪੋਰੇਟਾਂ ਦੇ ਵਿਰੁੱਧ ਧਰਨੇ ਲਾਉਣ ਜਾਓਗੇ? ਕੁੱਝ ਸੋਚੋ ! ਸਾਡੀ ਲੜਾਈ ਕਿਸੇ ਵਿਅਕਤੀ ਵਿਸ਼ੇਸ਼ ਦੇ ਵਿਰੁੱਧ ਨਹੀਂ ਹੈ, ਸਾਡੀ ਲੜਾਈ ਲੋਕ ਮਾਰੂ ਨੀਤੀਆਂ ਦੇ ਵਿਰੁੱਧ ਹੈ, ਜੋ ਅੱਜ ਪੰਚਾਇਤੀ ਚੋਣਾ ਵਿੱਚ ਹੋ ਰਿਹਾ ਹੈ ਇਹ ਲੋਕ ਭਲਾਈ ਨਹੀਂ ਹੈ, ਇਹ ਲੋਕਾਂ ਦੀ ਅਤੇ ਲੋਕ ਰਾਜ ਦੀ ਹੱਤਿਆ ਹੈ, ਕੀ ਸਿਰਫ ਪੈਸੇ ਦੇ ਜੋਰ ਨਾਲ ਹੀ ਪੰਚ ਸਰਪੰਚ ਚੁਣੇ ਜਾਣੇ ਚਾਹੀਂਦੇ ? ਕੀ ਜਿਸ ਕੋਲ ਪੈਸਾ ਨਹੀਂ ਉਹ ਚੋਣ ਨਹੀਂ ਲੜ ਸਕਦਾ ? ਜਾਂ ਕੀ ਜਿਸ ਕੋਲ ਪੈਸਾ ਨਹੀਂ ਉਹ ਚੰਗਾ ਇਮਾਨਦਾਰ ਪੰਚ ਸਰਪੰਚ ਨਹੀਂ ਹੋ ਸਕਦਾ ? ਲੋਕ ਹੱਕਾਂ ਲਈ ਦਿੱਲੀ ਜਾ ਕੇ ਲੜਨ ਵਾਲਿਓ ਅੱਜ ਆਪਣੇ ਪਿੰਡਾਂ ਵਿੱਚ ਵੀ ਇਹ ਲੜਾਈ ਲੜੋ, ਪਿੰਡ ਪਿੰਡ ਧਰਨੇ-ਪ੍ਰਦਰਸ਼ਨ ਕਰੋ ਕਿ ਪੰਚੀਆਂ ਸਰਪੰਚੀਆਂ ਵਿਕਣ ਨਹੀਂ ਦੇਵਾਂਗਾ, ਤੁਹਾਡੀਆਂ ਜੜ੍ਹਾਂ ਪਿੰਡਾਂ ਵਿੱਚ ਹੀ ਹਨ, ਇਹਨਾ ਨੂੰ ਮਜ਼ਬੂਤ ਕਰੋ, ਜੇ ਤੁਸੀਂ ਪਿੰਡ ਬਚਾ ਲਵੋਂਗੇ ਤਾਂ ਹੀ ਪੰਜਾਬ ਬਚੇਗਾ, ਜੇ ਪਿੰਡ ਹੀ ਨਾ ਬਚੇ ਫਿਰ ਬਚਣਾ ਪੰਜਾਬ ਵੀ ਨਹੀਂ, ਇਸ ਲਈ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ ਕੇ ਪੰਚੀਆਂ ਸਰਪੰਚੀਆਂ ਨੂੰ ਖ੍ਰੀਦਣ ਵਾਲੀ ਕਾਰਪੋਰੇਟੀ ਸੋਚ ਦਾ ਵਿਰੋਧ ਕਰੀਏ ਅਤੇ ਇਮਾਨਦਾਰ ਲੋਕਾਂ ਦਾ ਸਹਿਯੋਗ ਦੇਈਏ, ਇਸ ਵਿੱਚ ਹੀ ਸਰਬੱਤ ਦਾ ਭਲਾ ਹੈ।

-0-

शहीदी दिवस पर विशेष

# बड़े साहिबज़ादों की लासानी शहादत

-अमृत पाल बंसल
# 98154-85668

संन् 1699 ई: की वैसाखी पर खालसा पंथ की साजना के बाद निर्बल और दलित जनमानस में लगातार बढ़ती शक्ति को श्री आनंदपुर साहिब के आस–पास के पहाड़ी राजे सहन नहीं कर सके और ना ही मुगल सत्ता। सिख धर्म ने सभी के लिए समानता और उस समय के अत्याचारी शासकों से स्वतंत्रता प्राप्ती की आशा की किरण पैदा कर दी थी। बड़ी संख्या में हिन्दूओं और यहां तक कि मुसलमानों को सिख धर्म को अपनाते हुए देख कर, पहाड़ी राजाओं और मुस्लिम शासकों ने सोचा कि अगर सिखों को इस दर से बढ़ने दिया गया, तो वह निर्बल और दलितों पर उनके द्वारा किये जा रहे अत्याचारों को अधिक लम्बे समय तक नियंत्रित नहीं कर सकेंगे। पहाड़ी राजाओं ने श्री गुरू गोबिन्द सिंघ जी की बढ़ती शक्ति और प्रभाव के खिलाफ औरंगज़ेब को लगातार शिकायतें करने लगे और उसके कान भरने लगे कि एक दिन पहाड़ी राजाओं और मुस्लिम शास्कों को सिख बहुत बड़े संक्ट में डाल देगें। इस लिए, उन्होंने श्री गुरू गोबिन्द सिंघ जी के बढ़ते प्रभाव को सदा के लिए समाप्त करने के लिए हाथ मिला लिया। अतः पहाड़ी राजाओं और मुगलों की संयुक्त सेना ने श्री आनंदपुर साहिब के किले को चारों तरफ से घेर लिया। आठ महीने लगातार घेरे रखा। किले के भीतर अनाज पानी की किल्लत हो रही थी। मुगलों का काफी नुकसान हुआ परंतु सिघों की संख्या भी दिन प्रति दिन कम हो रही थी। बादशाह औरंगज़ेब यद्यपि स्वयं तो दक्षिण मे बैठा था परन्तु उसके ताड़ना भरे पत्रों ने फौजदारों को संकट में डाल रखा था। संयुक्त फौजों द्वारा आठ महीने घेरा डाले रहना कोई मामूली बात नहीं थी परन्तु करें भी क्या, जब आगे वश ही कोई न चले। जब शाही फौजदारों ने घेरा डालने से काम न निकलता देखा, तो चालाकी से काम लेने की सोची। कुछ हिन्दु और कुछ मुसलमान गाय और कुरान शरीफ की कसमें खाकर गुरू साहिब जी के पास यह विश्वास दिलवाने के लिए भेजे कि यदि गुरू जी दो चार दिनों के लिए श्री आनंदपुर साहिब का किला खाली कर दें तो उनका कुछ नहीं बिगड़ेगा, क्योंकि हमारे चले जाने के तुरंत बाद आप वापिस आ जाना और हमारी आन भी रह जाएगी अन्यथा औरंगज़ेब हमें तबाह कर डालेगा। गुरू साहिब जी इस चालाकी को जानते थे और पहले भी ऐसी बात का एक बार दुश्परिणाम निकल चुका था, जबकि पहाड़ी सेना परीक्षा के लिए भेजे टूटे–फूटे सामान से लदी खच्चरों को लुटने आ पड़ी थी।

गुरू साहिब जी को विरोधियों द्वारा किए गए वादों पर कोई भरोसा नहीं था। परन्तु सिंघों द्वारा माता गुजरी जी से निवेदन करने के कारण कुछ सिंघ उतावले हो रहे थे। गुरू साहिब जी कुछ दिन और रूकने के लिए कह रहे थे। अन्ततः गुरू जी ने सिंघों की सलाह कारण, श्री आनंदपुर साहिब के किले को खाली करना स्वीकार कर लिया परन्तु यह बता दिया कि इसका परिणाम बुरा निकलेगा जो कि बाद में सत्य साबित हुआ। दिसंबर 1704 ई में गुरू जी ने लगभग हज़ार डेढ़ हज़ार सिंघों, माता गुजरी जी, गुरू महिल और चारों साहिबज़ादों सहित किले को खाली कर दिया। वह माल असबाब ले किले से बाहर निकल, अभी कुछ दूर ही चले थे कि सरसा नदी के किनारे, अपने किए वादों की जरा सी भी परवाह किए बिना, दुशमनों की भारी फौज ने पीछे से अचानक हमला बोल दिया। पोष–मास की अत्यंत बर्फीली शीत रात्रि और सरसा का बाढ़ से उफनता जल, रात्रि का अंधेरा, सारा परिवार बिछुड़ गया। अनेक सिंघ सरसा के उफनते जल में बह गए और माल असबाब, दुर्लभ साहित्य भी जल में बह गया। शाही टिब्बी तक कुछ वीर बहादुरों ने दुशमनों को रोके रखा परन्तु अंत में वह भी शहीद हो गए। बाढ़ के जल से माता गुजर कौर और छोटे साहिबज़ादे नदी के दूसरे किनारे पहुँच गए और श्री गुरू गोबिन्द सिंघ जी बड़े साहिबज़ादे बाबा अजीत सिंघ जी और बाबा जुझार सिंघ जी के साथ बचे खुचे केवल चालीस सिंघों के साथ चमकौर साहिब की और निकल पड़े। गुरू जी ने अपने महिलों को एक सिख के साथ दिल्ली भेज दिया, जो उन्हें लेकर अपने एक सम्बंधी के घर चला गया।

चमकौर साहिब में एक किला नुमा कच्ची गढ़ी थी, गुरू जी ने इसी गढ़ी को युद्ध स्थल चुना। गढ़ी में पहुँचते रात हो चुकी थी। यहां ना कुछ लंगर की व्यवस्था और न ही आराम के अन्य साधन थे, बस था तो शुरवीरों में अदम्य साहस। कई दिन के भूखे–प्यासे सिंघ शूरवीरों का साहस बरकरार था, गुरू के लिए मर मिटने को तैयार थे। मौत तो यकीनी थी। कच्ची गढ़ी के बाहर विशाल मैदान में बड़ी संख्या में दुशमन की फौज अस्त्र–शस्त्रों से लैस थी। गुरू जी के पास आश्रय था तो केवल अकाल पुरख का। अत्यंत शांति में सभी रात्रि में रहरासि साहिब जी के पाठ में जुट गए। किसी के चेहरे पर भय नहीं था। सिंघ शुरवीर वहीं गढ़ी में कच्चे फर्श पर लेट गए और थके हारे नींद में मग्न हो गए। गुरदेव जी उन सोए हुए सिंघ शुरवीरों को प्यार से निहारते हुए, उनके बीच घूम रहे थे, पता था कल का युद्ध कितना भयानक होगा, सिंघों की शहादत निश्चित थी। कभी किसी को प्यार से निहारते और कभी मुख चूमते सूफी फकीर उच्च कोटि के शायर विद्वान अल्लाह यार खां योगी ने अपनी रचना 'गंज शहीदां' में इस चित्र को अपने सुंदर शब्दों में इस तरह कलमबंद किया हैः

जिन सिंघों ने कल मौत के साहिल था उतरना।
कल सुबह था जिन खालसों ने जंग में मरना।
चुंमां कभी हलकूम दहन चूंमने बैठे।
जब पाइंती आए तो चरन चूंमने बैठे।

अपने लख्ते जिगर दोनों साहिबज़ादों को हाथों से तैयार कर मौत आ अलिंगन करने के लिए भेजना था, इसलिएः

बाकी थी घड़ी रात गुरू खैमें में आए।
शाहजादे यहां दोनों ही सोते हुए पाए।
दोनों के रूख–पाकि से गैसू जो हटाए।
अफलाक ने शरमा के महु–मिहर छुपाए।

सुबह होते ही गुरू साहिब जी ने स्नानादि के पश्चात नितनेम से निवृत होकर सिंघों को शहादतें प्राप्त करने के लिए तैयारी का आदेश दिया। गुरू साहिब के पास उस वक्त केवल चालीस सिंघ थे। पहले गढ़ी के ऊपर उन्होंने स्वयं कमान संभाली और जबरदस्त तीरों को बौछार करते दुशमनों को सबक सिखाते रहे। उनका शाही फौज पर इतना भय बैठा हुआ था कि डर के मारे सभी दूर से ही गोली चलाते थे। तब गढ़ी मे ंसे पांच–पांच सिंघों का दल खुले मैदान में कृपाण के करिश्में दिखा बड़ी संख्या की फौज का सामना करते रहे, पांच–पांच के दल शहीद होते रहे। साहिबज़ादा अजीत सिंघ जी गुरू साहिब के पास बैठे सुबह से ही तीर चला रहे थे और सिंघों को शहीद होता देखकर उनके ह्रदय में भी जोश पैदा हो रहा था। अब शाही फौज को बढ़ते देखकर उनसे न रहा गया। आप ने हाथ जोड़कर गुरू साहिब जी से रणभूमि में जाने की अनुमति मांगी। विश्व के इतिहास में यह पहली मिसाल है, जब एक पिता ने अपने पुत्र को स्वयं कृपाण से सजा कर इस प्रकार चलती तलवारों में भेजा हो। सतिगुरू जी ने खुशी खुशी अपने वीर पुत्र का मुख चूमकर और थापी देकर मैदान में भेजा। पांच सिंघ आपके साथ गए। रणभूमि में प्रवेश कर साहिबज़ादा अजीत सिंघ जी ने तीरों की ऐसी बौछार की कि आगे बढ़ रहे दल को वहीं रोक दिया। उन्होंने एक चक्रव्यूह बनाकर ऐसी तीव्रता से चारों और बाण वर्षा की कि शीघ्र ही उनके तीरों के तरकश खाली हो गए। अब वह कृपाण लेकर आगे बढ़े और लाशों के अंबार लगाने लगे। इस शूरवीरता को देखकर, लाहौर का फौजदार जबरदस्त खां अश अश कर उठा। परन्तु जब उसकी नज़र अपनी फौज की लाशों पर पड़ी तो वह क्रोध से आग बबूला हो गया और अपने सैनिकों को ललकारा कि पकड़ लो जीवित को, निकल न पाए। उसकी हल्लाशेरी सुनकर दुशमन दल का एक दस्ता झुंझला कर आगे बढ़ा और साहिबज़ादा अजीत सिंघ जी पर टूट पड़ा। अब वह भी शेर की भांति भभक कर आगे हुऐ और लगे दो हाथ दिखाने, परन्तु इस समय आप की कृपाण के दो टुक्ड़े हो गए। कृपाण फेंक कर अपना नेजा चलाना शुरू किया। परन्तु वह भी एक मुसलमान को बींघता हुआ टूटकर बेकार हो गया। वह अब खाली हाथ रह गए। बस फिर क्या था, असंख्य दुश्मनों के घेरे में शहादत का जाम पी गए। गुरू साहिब जी ऊपर से यह युद्ध देख रहे थे। उन्होंने परमात्मा का धन्यवाद किया कि साहिबज़ादे ने रणभूमि में शहादत प्राप्त कर ली है।

गुरू साहिब जी के दूसरे पुत्र साहिबज़ादा जुझार सिंघ ने गुरू जी से कहा कि अब मैं भी जंग में जाना चाहता हूँ, कृपा मुझे आज्ञा दें। रणभूमि में जाकर दुश्मन दल से युद्ध करके अपने बड़े भाई की तरह शहादत प्राप्त करूं। गुरू साहिब ने साहिबज़ादा जुझाार सिंघ जी को तैयार किया। पिता ने स्वयं तीर कमान और कृपाण सजाई और वह नमस्कार करके पांच सिंघों को साथ लेकर मैदान–ए–जंग जा उतरे। इतिहासकार लिखते हैं कि 'आप दुश्मन–दल में ऐसे घूमते थे, जैसे नदी में मछलियों की तलाश के लिए मगरमच्छ घूमता है। जो आगे बढ़ा वो झड़ा।' उन्हें जीवित पकड़ सकने की कोई आशा नहीं थी और यह रक्त पे रक्त बहाए जा रहे थे, तो क्रोधित होकर दुश्मनों ने घेरा डाल लिया। चारों और से तलवारों का हमला कर दिया और साहिबज़ादा जुझार सिंघ शहीद हो गए। गुरू जी शांतचित रहे और अल्लाह यार खां योगी के शब्दों में वाहिगुरू का शुक्राना इस तरह कियाः

मुझ पर से आज तेरी अमानत अदा हुई।

बेटे की जान धर्म की खातिर फिदा हुई।

अब संध्या हो रही थी और अंधेरा होने के साथ ही युद्ध बंद हो गया। इस समय केवल पांच सिंघ ही शेश रह गए थे– भाई दया सिंघ, भाई धर्म सिंघ, भाई मान सिंघ, भाई संत सिंघ और भाई संगत सिंघ जी। अंत में विचार हुआ कि रात्रि को चमकौर की गढ़ी खाली कर दी जाए। अतः दो सिंघों को वहां धीरे धीरे तीर चलाते रहने के लिए छोड़कर, गुरू साहिब जी और तीन सिंघ अर्द्व रात्रि को गढ़ी से बाहर निकल आए। गुरू साहिब जी ने बाहर आकर ताली बजाई और कहा कि 'गुरू जा रहा है' शाही फौज घबरा कर उठी और उनमें परस्पर भगदड़ मच गई और गुरू साहिब जी एक तरफ को निक्ल गए।

गुरू साहिब जी ने वाहिगुरू का शुक्राना किया। खालसा पंथ साजने का महत्व कार्य संपन्न हुआ। बाद में गुरू जी ने औरंगज़ेब को उसकी गलतियों का एहसास दिलाते हुए 'ज़फरनामा' पत्र लिखा तो उसमें जिक्र किया कि क्या हुआ अगर तूने अपनी क्रूरता, नीचता, कायरता और धोखे से, एक गीदड़ ने शेर के दो बच्चों को खा लिया है, शेर अभी जिंदा हैः

चि शुद गर शगाले ब मकोर रिआ,

हमी कुशल दोबच्चा इ शेर रा।

इस तरह गुरू जी के दोनों बड़े साहिबज़ादों ने चमकौर साहिब के युद्ध में मुगल फौजों से लड़ते हुए 22 दिसंबर 1704 को शहादत प्राप्त की। विश्व के इतिहास में इस युद्ध को सबसे महान और अनोखा युद्ध माना जाता है, जिस में मात्र चालीस बहादुर सिंघ योद्धाओं ने दस लाख से अधिक की सेना से लड़ाई लड़ी थी और यह मानव सभ्यता का एकमात्र असंतुलित युद्ध था। दूसरी तरफ 27 दिसंबर 1704 के दिन सरहिंद में गुरू जी के दो छोटे साहिबज़ादों बाबा ज़ोरावर सिंघ जी (आयु 9 वर्ष) और बाबा फतह सिंघ जी (आयु 7 वर्ष) को दीवार में चिनकर शहीद कर दिया गया, परन्तु उन्होंने इस्लाम कबूल नहीं किया। पोतों की शहीदी सुनकर माता गुजर कौर जी ने परमात्मा का शुक्राना किया। मुस्लिम कवि अल्लाह यार खां योगी ने इन परमवीर योद्धाओं को अपने शब्दों में इस तरह श्रद्धांजलि दी हैः

बस्स, एक हिन्द में तीर्थ है यात्रा के लिए।

कटाए बाप ने बच्चे जहां खुदा के लिए।

'अगर पृथ्वी में तीर्थ यात्रा के लिए कोई जगह है, तो वह जगह है भारत, जहां एक पिता ने मानवता के लिए अपने बेटों का बलिदान दिया।' आएं, हम भी गुरू साहिब जी के द्वारा पूरी मानवता के लिए दी गई कुर्बानियों को कोटि–कोटि नम्न करते हुए, उनकी आशीष प्राप्त करें। हम सब कितने! भाग्यशाली हैं कि हमारा तो जन्म ही इस देश में हुआ है।

—0—

# Commemorating firm faith, fearless courage and ultimate sacrifice of our young baba's : chaar sahizaade

Prof. Gurmanpreet Kaur
79730 47608



Globally, martydom of sahibzaade is commemorated every year remembering their savior, courage, wisdom, sacrifice with revered hearts and teary eyes. It's the reward of their unparalleled sacrifice for 'we' the people that today exist in a world with liberty to speech, to follow our religious practices, liberty of our very own existence. It's due to their sacrifice that we today live a wealthy living and also the supreme sacrifice of our guru, guru gobind singh ji who sacrificed his father at age of 9, guru Tegh Bahadhur sahib g for the protection of the Hinduism practices, their son's chaarsahibzaade for their beloved khalsa, their mother, their everything.

**Allah Yar Khan Jogi states:**

**ਨਾ ਕਹੂੰ ਅਬ ਕੀ ਨਾ ਕਹੂੰ ਤਬ ਕੀ, ਅਗਰ ਨਾਂ ਹੋਤੇ ਗੁਰੂ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਇਸ ਜਗ ਕੀ।**

The chaarsahibzaade sacrificed their lives for the faith and beliefs in the principles of Sikhism. It's not like that death was the only way. Wazir khan showered so many offer's to baba zorawar singh g, baba fateh singh g, gave them a lot of reasons to live, tried to manipulate them with greed of money, glamour etc. but sahibzaade refused to accept it **creating the standards for living.** They were so determined, devoted to their guru. Their faith, self-confidence was firm. Gurbani taught by their grandmother Mata Gujar kaur g in builted such strong pillars for sikhi in their hearts that even the emperor of that time failed to shake them.

**ਹਮ ਜਾਨ ਦੇ ਕਰ ਅਪਨੀ ਔਰੋਂ ਕੀ ਜਾਨੇ ਬਚਾ ਚਲੇ।**
**ਸਿੱਖੀ ਕੀ ਨੀਵ ਹਮ ਸਰੋਂ ਪਰ ਉਂਗਾ ਚਲੇ।**

**Baba Ajit Singh ji's** sacrifice is an inspiration to never surrender under any circumstances.

**Baba jujhar Singh ji's** sacrifice is pillar of Sikhism and a symbol of true values.

Chaarsahibzaade story remind us that one's ages doesn't matter when it comes to standing up for what you believe in. the journey for what's right is timeless which we should always admire and follow. Their tale of valor if read once by an indiviual ignite a passion to serve for the almighty. The story of chaarsahibzaade is a powerful reminder of the importance of faith, sacrifice, courage. The young heroes still inspire us today, showing **how strong faith and bravery can make a big difference in the world.**

We call them **OUR BABA'S** in spite of their youth because of their heroic deeds. we commemorate them daily in **ARDAAS.** We bow them daily.

Sahibzaade are beyond warriors. Their deed, courage, firmness in faith and belief exceed's the extent of standards of warriors, age factor. Nothing is and can be beyond it in this universe until the life persist.

Sahibzaade are soorma because they lived for us, fought for equality, raise their voice against inhumane acts. It was their sacrifice which ruined the kingdom of ruthlessness, brutality, cruelness which encouraged the deeds against humanity.

gurbani states,

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (1105)**

The person who stand against inhumane acts, fight for equality , live a selfless life is a soorma.

In today's time, each person who has acknowledged oneself with guru's wisdom, drenched one's soul, one's consciousness in devotion to almighty, complete guru and does deed which please guru's will is a warrior. That every person who live a truthful living, keeps their way departed from fabrications, never let their soul stained with bad deeds are warrior.

Now , even in various abroad countries kids are taught history of sahibzaade and learnings in schools. But in india till now there is no such initiative and nothing can be more misfortunatedthan this. Though Hindustan pillars, Hindustan foundation, if today in india every person enjoy's their religious practices and very own existence as per their religious customs and beliefs is the reward of sacrifices of sahibzaade. Since past year we initiated a project,

**ਘਰ-ਘਰ ਸਾਹਿਬਜ਼ਾਦੇ**

This project can only be accomplished if we will by heart learn the teachings our young warriors made us taught. Our history is a long legacy of martyrdom, sacrifice, and hardship; most of all it is a history of devotion and faith despite the difficulty of it. Even when there was gold offered for our heads and legacies of children became their death before they even reached adolescence our faith and discipline came first.

The lessons of truthfulness and honesty above all else remind us that same creator is in all of us. At that time many Mughal emperors had perverted this message for their own good and today our governments are doing same.

As I remember the Sahibzaade and Mata Gujar Kaur ji's sacrifices, I hope to be imbued with the same level of sacrifice, courage and love. -0-

ਸਿਹਤ ਸੰਭਾਲ

ਡਾ. ਅਜੀਤਪਾਲ ਸਿੰਘ ਐੱਮਡੀ

# ਬਿਨਾ ਕਿਸੇ ਚੇਤਾਵਨੀ ਤੋਂ ਵਾਰ ਕਰਦਾ ਹੈ ਕਾਰਡਿਕ ਅਰੈਸਟ

ਅਕਸਰ ਸੁਣਨ ਵਿੱਚ ਆਉਂਦਾ ਹੈ ਕਿ ਫਲਾਣੇ ਦੀ ਮੌਤ ਹਾਰਟ ਅਟੈਕ ਜਾਂ ਦਿਲ ਦਾ ਦੌਰਾ ਪੈਣ ਕਾਰਨ ਹੋ ਗਈ। ਕਈ ਵਾਰ ਇਹ ਵੀ ਸੁਣਿਆ ਜਾਂਦਾ ਹੈ ਕਿ ਕਿਸੇ ਦੀ ਕਾਰਡਿਅਕ ਅਰੈਸਟ (ਚੳਰਦਇਚ ੳਰਰੲਸਟ) ਨਾਲ ਮੌਤ ਹੋ ਗਈ। ਇਨ੍ਹਾਂ ਦੋਵਾਂ ਨੂੰ ਅਕਸਰ ਇੱਕ ਹੀ ਸਮਝ ਲੈਂਦੇ ਹਨ, ਪਰ ਇਨ੍ਹਾਂ ਦੋਵਾਂ ਵਿਚਕਾਰ ਅੰਤਰ ਹੁੰਦਾ ਹੈ। ਕਾਰਡਿਐਕ ਅਰੈਸਟ ਅਚਾਨਕ ਹੁੰਦਾ ਹੈ ਅਤੇ ਸਰੀਰ ਵੱਲੋਂ ਕੋਈ ਚਿਤਾਵਨੀ ਨਹੀਂ ਦਿੱਤੀ ਜਾਂਦੀ ਜਦੋਂਕਿ ਹਾਰਟ ਅਟੈਕ ਵਿੱਚ ਬੰਦਾ ਦਿਲ ਦੇ ਰੋਗਾਂ ਦਾ ਮਰੀਜ਼ ਹੁੰਦਾ ਹੈ, ਉਸ ਨੂੰ ਇਸ ਬਾਰੇ ਜਾਣਕਾਰੀ ਹੁੰਦੀ ਹੈ। ਕਾਰਡਿਅਕ ਅਰੈਸਟ ਆਮ ਤੌਰ 'ਤੇ ਦਿਲ ਵਿੱਚ ਹੋਣ ਵਾਲੀ ਇਲੈੱਕਟ੍ਰੀਕਲ ਗੜਬੜ ਕਰਕੇ ਹੁੰਦਾ ਹੈ ਜਿਸ ਵਿੱਚ ਧੜਕਣ ਦਾ ਤਾਲਮੇਲ ਵਿਗੜ ਜਾਂਦਾ ਹੈ। ਇਸ ਨਾਲ ਦਿਲ ਵੱਲੋਂ ਪੰਪ ਕਰਨ ਦੀ ਸਮਰੱਥਾ 'ਤੇ ਅਸਰ ਪੈਂਦਾ ਹੈ ਅਤੇ ਉਹ ਦਿਮਾਗ਼ ਜਾਂ ਸਰੀਰ ਦੇ ਦੂਜੇ ਹਿੱਸਿਆਂ ਤੱਕ ਖ਼ੂਨ ਨਹੀਂ ਪਹੁੰਚਾ ਪਾਉਂਦਾ। ਕੁਝ ਹੀ ਪਲਾਂ ਦੇ ਅੰਦਰ ਇਨਸਾਨ ਬੇਹੋਸ਼ ਹੋ ਜਾਂਦਾ ਹੈ ਅਤੇ ਨਬਜ਼ ਰੁਕ ਜਾਂਦੀ ਹੈ। ਜੇ ਸਹੀ ਸਮੇਂ 'ਤੇ ਇਲਾਜ ਨਾ ਮਿਲੇ ਤਾਂ ਕੁਝ ਸਕਿੰਟਾਂ ਜਾਂ ਮਿੰਟਾਂ ਵਿੱਚ ਹੀ ਮੌਤ ਹੋ ਜਾਂਦੀ ਹੈ। ਦਰਅਸਲ, ਕਾਰਡਿਅਕ ਅਰੈਸਟ ਮੌਤ ਦਾ ਆਖ਼ਰੀ ਬਿੰਦੂ ਹੈ। ਇਸ ਦਾ ਮਤਲਬ ਹੈ ਕਿ ਦਿਲ ਦੀ ਧੜਕਣ ਬੰਦ ਹੋ ਗਈ ਹੈ ਅਤੇ ਇਹੀ ਮੌਤ ਦੀ ਵਜ੍ਹਾ ਹੈ। ਇਸ ਦੇ ਵੱਖ ਵੱਖ ਕਾਰਨ ਹੋ ਸਕਦੇ ਹਨ। ਆਮ ਤੌਰ 'ਤੇ ਦਿਲ ਦਾ ਦੌਰਾ ਪੈਣਾ ਇਸ ਦੀ ਵਜ੍ਹਾ ਹੋ ਸਕਦਾ ਹੈ। ਹਾਲਾਂਕਿ ਛੋਟੀ ਉਮਰ ਵਿੱਚ ਆਮ ਤੌਰ 'ਤੇ ਜਾਨਲੇਵਾ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਘੱਟ ਰਹਿੰਦਾ ਹੈ।

ਇਹ ਕਿਸੇ ਹੋਰ ਬਿਮਾਰੀਆਂ ਨਾਲ ਵੀ ਹੋ ਸਕਦਾ ਹੈ ਜਿਸ ਬਾਰੇ ਅਸੀਂ ਜਾਣਦੇ ਨਹੀਂ। ਦਿਲ ਵਿੱਚ ਇਲੈੱਕਟ੍ਰੀਕਲ ਸਿਗਨਲਾਂ ਦੀਆਂ ਦਿੱਕਤਾਂ ਕਾਰਨ ਜਦ ਸਰੀਰ ਵਿੱਚ ਖ਼ੂਨ ਨਹੀਂ ਪਹੁੰਚਦਾ ਤਾਂ ਉਹ ਕਾਰਡਿਅਕ ਅਰੈਸਟ ਬਣ ਜਾਂਦਾ ਹੈ। ਜਦੋਂ ਸਰੀਰ, ਖ਼ੂਨ ਨੂੰ ਪੰਪ ਨਹੀਂ ਕਰਦਾ ਤਾਂ ਦਿਮਾਗ਼ ਨੂੰ ਆਕਸੀਜਨ ਦੀ ਘਾਟ ਹੋ ਜਾਂਦੀ ਹੈ। ਇਨਸਾਨ ਬੇਹੋਸ਼ ਹੋਣ ਲੱਗਦਾ ਹੈ ਅਤੇ ਉਸ ਦੇ ਸਾਹ ਬੰਦ ਹੋ ਜਾਂਦੇ ਹਨ।

**ਕਾਰਡਿਅਕ ਅਰੈਸਟ ਦੇ ਲੱਛਣ:** ਸਮੱਸਿਆ ਇਹ ਹੈ ਕਿ ਕਾਰਡਿਐਕ ਅਰੈਸਟ ਤੋਂ ਪਹਿਲਾਂ ਇਸ ਦੇ ਕੋਈ ਵੀ ਲੱਛਣ ਨਹੀਂ ਦਿਸਦੇ। ਇਹ ਹੀ ਵਜ੍ਹਾ ਹੈ ਕਿ ਕਾਰਡਿਅਕ ਅਰੈਸਟ ਵਿੱਚ ਮੌਤ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਇਸ ਦੀ ਸਭ ਤੋਂ ਆਮ ਵਜ੍ਹਾ ਅਸਾਧਾਰਨ ਹਾਰਟ ਰਿਦਮ ਹੈ ਜਿਸ ਨੂੰ ਵੈਂਟ੍ਰਿਕੁਲਰ ਫਿਬ੍ਰਿਲੇਸ਼ਨ ਕਹਿੰਦੇ ਹਨ। ਦਿਲ ਦੀਆਂ ਇਲੈੱਕਟ੍ਰੀਕਲ ਗਤੀਵਿਧੀਆਂ ਇੰਨੀਆਂ ਵਧ ਜਾਂਦੀਆਂ ਹਨ ਕਿ ਉਹ ਧੜਕਣ ਬੰਦ ਕਰ ਕੇ ਕੰਬਣ ਲੱਗਦਾ ਹੈ। ਕਾਰਡਿਅਕ ਅਰੈਸਟ ਦਿਲ ਨਾਲ ਜੁੜੀਆਂ ਇਨ੍ਹਾਂ ਬਿਮਾਰੀਆਂ ਕਰਕੇ ਵੀ ਹੋ ਸਕਦਾ ਹੈ ਜਿਵੇਂ ਕਿ ਕੋਰੋਨਰੀ ਦਿਲ ਦੀ ਬਿਮਾਰੀ, ਹਾਰਟ ਅਟੈਕ, ਕਾਰਡਿਓਮਾਯੋਪੈਥੀ, ਜਮਾਂਦਰੂ ਦਿਲ ਦੀ ਬਿਮਾਰੀ, ਹਾਰਟ ਵਾਲਵ ਵਿੱਚ ਪਰੇਸ਼ਾਨੀ, ਹਾਰਟ ਮਸਲ ਵਿੱਚ ਇਨਫਲੇਮੇਸ਼ਨ ਤੇ ਲੌਂਗ ਕਿਯੂਟੀ (ਲ਼ੋਨਗ ਥਠ) ਸਿੰਡਰੋਮ ਵਰਗੇ ਵਿਗਾੜ ਆਦਿ। ਕਈ ਹੋਰ ਕਾਰਨਾਂ ਕਰਕੇ ਵੀ ਕਾਰਡਿਅਕ ਅਰੈਸਟ ਹੋ ਸਕਦਾ ਹੈ: ਜਿਵੇਂ ਕਿ ਬਿਜਲੀ ਦੇ ਝਟਕੇ, ਨਸ਼ੇ ਦੀ ਓਵਰਡੋਜ਼, ਹੈਮਰੇਜ ਅਤੇ ਪਾਣੀ ਵਿੱਚ ਡੁੱਬਣਾ।

**ਬਚਾਅ:** ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਸ ਤੋਂ ਬਚਿਆ ਜਾ ਸਕਦਾ ਹੈ? ਬਿਲਕੁਲ ਇਸ ਤੋਂ ਬਚਾਅ ਹੋ ਸਕਦਾ ਹੈ। ਕਈ ਵਾਰ ਛਾਤੀ ਜ਼ਰੀਏ ਇਲੈੱਕਟ੍ਰਿਕ ਸ਼ੌਕ ਦੇਣ ਨਾਲ ਇਸ ਤੋਂ ਰਿਕਵਰ ਕੀਤਾ ਜਾ ਸਕਦਾ ਹੈ। ਇਸ ਲਈ ਡੀਫਿਬਰਿਲੇਟਰ ਨਾਂ ਦਾ ਟੂਲ ਇਸਤੇਮਾਲ ਹੁੰਦਾ ਹੈ। ਆਮ ਤੌਰ 'ਤੇ ਇਹ ਸਾਰੇ ਵੱਡੇ ਹਸਪਤਾਲਾਂ ਵਿੱਚ ਮੌਜੂਦ ਹੁੰਦਾ ਹੈ। ਇਸ ਵਿੱਚ ਮੁੱਖ ਮਸ਼ੀਨ ਅਤੇ ਸ਼ੌਕ ਦੇਣ ਦੇ ਬੇਸ ਹੁੰਦੇ ਹਨ, ਜਿਨ੍ਹਾਂ ਨੂੰ ਛਾਤੀ ਨਾਲ ਲਗਾ ਕੇ ਅਰੈਸਟ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਜੇ ਕਾਰਡਿਅਕ ਅਰੈਸਟ ਵੇਲੇ ਆਲੇ ਦੁਆਲੇ ਡਿਫਿਬਰਿਲੇਟਰ ਨਾ ਹੋਵੇ ਤਾਂ ਕੀ ਕੀਤਾ ਜਾਵੇ? ਫਿਰ ਸੀਪੀਆਰ ਯਾਨੀ ਕਿ ਕਾਰਡੀਓਪਲਮੋਨਰੀ ਰੀਸਸੀਟੇਸ਼ਨ ਮਦਦਗਾਰ ਸਾਬਤ ਹੋ ਸਕਦਾ ਹੈ। ਇਸ ਵਿੱਚ ਦੋਵੇਂ ਹੱਥਾਂ ਨੂੰ ਸਿੱਧਾ ਰੱਖਦੇ ਹੋਏ ਮਰੀਜ਼ ਦੀ ਛਾਤੀ 'ਤੇ ਜ਼ੋਰ ਨਾਲ ਦਬਾਅ ਪਾਇਆ ਜਾਂਦਾ ਹੈ। ਇਸ ਵਿੱਚ ਮੂੰਹ ਜ਼ਰੀਏ ਹਵਾ ਵੀ ਦਿੱਤੀ ਜਾਂਦੀ ਹੈ।

**ਹਾਰਟ ਅਟੈਕ ਤੋਂ ਕਿਵੇਂ ਵੱਖ ਹੈ:** ਜ਼ਿਆਦਾਤਰ ਲੋਕ ਹਾਰਟ ਅਟੈਕ ਅਤੇ ਕਾਰਡਿਅਕ ਅਰੈਸਟ ਨੂੰ ਇੱਕ ਹੀ ਮੰਨਦੇ ਹਨ, ਪਰ ਇਨ੍ਹਾਂ ਵਿੱਚ ਕਾਫ਼ੀ ਫ਼ਰਕ ਹੁੰਦਾ ਹੈ। ਹਾਰਟ ਅਟੈਕ ਕੋਰੋਨਰੀ ਆਰਟਰੀ ਵਿੱਚ ਥੱਕਾ ਜੰਮਣ ਨਾਲ ਹੁੰਦਾ ਹੈ। ਇਸ ਕਰਕੇ ਦਿਲ ਦੀਆਂ ਮਾਸਪੇਸ਼ੀਆਂ ਵਿੱਚ ਖ਼ੂਨ ਨਹੀਂ ਪਹੁੰਚ ਪਾਉਂਦਾ। ਛਾਤੀ ਵਿੱਚ ਤੇਜ਼ ਦਰਦ ਹੁੰਦਾ ਹੈ। ਹਾਲਾਂਕਿ ਕਈ ਵਾਰ ਲੱਛਣ ਕਮਜ਼ੋਰ ਹੁੰਦੇ ਹਨ, ਪਰ ਇਹ ਨੁਕਸਾਨ ਕਰਨ ਲਈ ਕਾਫ਼ੀ ਹੁੰਦੇ ਹਨ। ਹਾਰਟ ਅਟੈਕ ਵਿੱਚ ਦਿਲ ਸਰੀਰ ਦੇ ਬਾਕੀ ਹਿੱਸਿਆਂ ਵਿੱਚ ਖ਼ੂਨ ਪਹੁੰਚਾਉਂਦਾ ਰਹਿੰਦਾ ਹੈ ਅਤੇ ਮਰੀਜ਼ ਹੋਸ਼ ਵਿੱਚ ਹੁੰਦਾ ਹੈ। ਹਾਰਟ ਅਟੈਕ ਦੇ ਮਰੀਜ਼ ਲਈ ਕਾਰਡਿਅਕ ਅਰੈਸਟ ਦਾ ਖ਼ਤਰਾ ਵਧ ਜਾਂਦਾ ਹੈ।

**ਇਸ ਦੇ ਕਾਰਨ :** ਕਾਰਡਿਅਕ ਅਰੈਸਟ ਦਾ ਮਤਲਬ ਦਿਲ ਦੀ ਧੜਕਣ ਦਾ ਬੰਦ ਹੋਣਾ ਹੁੰਦਾ ਹੈ ਅਤੇ ਹਾਰਟ ਅਟੈਕ ਦਾ ਮਤਲਬ ਦਿਲ ਨੂੰ ਸਹੀ ਮਾਤਰਾ ਵਿੱਚ ਖ਼ੂਨ ਨਾ ਮਿਲਣਾ ਹੁੰਦਾ ਹੈ। ਇਹ ਵੀ ਹੋ ਸਕਦਾ ਹੈ ਕਿ ਖ਼ੂਨ ਨਾ ਮਿਲਣ ਕਰਕੇ ਕਾਰਡਿਅਕ ਅਰੈਸਟ ਹੋ ਜਾਵੇ। ਅਜਿਹੇ ਵਿੱਚ ਹਾਰਟ ਅਟੈਕ ਇਸ ਦੇ ਕਈ ਕਾਰਨਾਂ 'ਚੋਂ ਇੱਕ ਹੈ। ਇੱਕ ਖ਼ੂਨ ਦਾ ਥੱਕਾ ਕਾਰਡਿਅਕ ਅਰੈਸਟ ਦੀ ਵਜ੍ਹਾ ਬਣ ਸਕਦਾ ਹੈ। ਦਿਲ ਦੇ ਅੰਦਰ ਕਿਸੇ ਤਰ੍ਹਾਂ ਦੀ ਇਨਫੈਕਸ਼ਨ ਨਾਲ ਵੀ ਕਾਰਡਿਅਕ ਅਰੈਸਟ ਹੋ ਸਕਦਾ ਹੈ।

ਹਾਰਟ ਅਟੈਕ ਵਿੱਚ ਆਰਟਰੀ ਰੁਕਣ ਕਰਕੇ ਆਰਟਰੀ ਵਾਲਾ ਖ਼ੂਨ ਦਿਲ ਦੇ ਖ਼ਾਸ ਹਿੱਸਿਆਂ ਤੱਕ ਨਹੀਂ ਪਹੁੰਚਦਾ। ਜੇ ਇਸ ਦੀ ਰੁਕਾਵਟ ਨੂੰ ਤੁਰੰਤ ਨਹੀਂ ਖੋਲ੍ਹਿਆ ਜਾਂਦਾ ਤਾਂ ਉਸ ਜ਼ਰੀਏ ਦਿਲ ਦੇ ਜਿਸ ਹਿੱਸੇ ਵਿੱਚ ਖ਼ੂਨ ਪਹੁੰਚ ਰਿਹਾ ਹੈ, ਉਸ ਨਾਲ ਕਾਫ਼ੀ ਨੁਕਸਾਨ ਹੁੰਦਾ ਹੈ। ਹਾਰਟ ਅਟੈਕ ਵਿੱਚ ਇਲਾਜ ਵਿੱਚ ਜਿੰਨੀ ਦੇਰੀ ਹੁੰਦੀ ਰਹੇਗੀ, ਦਿਲ ਅਤੇ ਸਰੀਰ ਨੂੰ ਓਨਾ ਹੀ ਵੱਧ ਨੁਕਸਾਨ ਹੋਵੇਗਾ। ਕਾਰਡਿਅਕ ਅਰੈਸਟ ਵਾਂਗ ਹਾਰਟ ਅਟੈਕ ਵਿੱਚ ਦਿਲ ਦੀ ਧੜਕਣ ਬੰਦ ਨਹੀਂ ਹੁੰਦੀ। ਇਸ ਲਈ ਹਾਰਟ ਅਟੈਕ ਵਿੱਚ ਮਰੀਜ਼ ਦੇ ਬਚਣ ਦੀ ਸੰਭਾਵਨਾ ਵੱਧ ਹੁੰਦੀ ਹੈ।

ਦਿਲ ਨਾਲ ਜੁੜੀਆਂ ਇਹ ਦੋਵੇਂ ਬਿਮਾਰੀਆਂ ਆਪਸ ਵਿੱਚ ਵੀ ਜੁੜੀਆਂ ਹੋਈਆਂ ਹਨ। ਹਾਰਟ ਅਟੈਕ ਜਾਂ ਉਸ ਦੀ ਰਿਕਵਰੀ ਦੌਰਾਨ ਵੀ ਕਾਰਡਿਅਕ ਅਰੈਸਟ ਹੋ ਸਕਦਾ ਹੈ, ਪਰ ਇਹ ਜ਼ਰੂਰੀ ਵੀ ਨਹੀਂ ਹੈ ਕਿ ਹਾਰਟ ਅਟੈਕ ਆਉਣ 'ਤੇ ਕਾਰਡਿਅਕ ਅਰੈਸਟ ਵੀ ਹੋਵੇਗਾ। ਇੱਕ ਅਨੁਮਾਨ ਅਨੁਸਾਰ ਦਿਲ ਦੀਆਂ ਬਿਮਾਰੀਆਂ ਤੋਂ ਹੋਣ ਵਾਲੀਆਂ ਮੌਤਾਂ ਵਿੱਚ 'ਸਡਨ ਕਾਰਡਿਅਕ ਅਰੈਸਟ' ਨਾਲ ਹੋਣ ਵਾਲੀਆਂ ਮੌਤਾਂ ਦੀ ਹਿੱਸੇਦਾਰੀ 40-50 ਫੀਸਦੀ ਹੈ। ਦੁਨੀਆ ਭਰ ਵਿੱਚ ਕਾਰਡਿਅਕ ਅਰੈਸਟ ਤੋਂ ਬਚਣ ਦੀ ਦਰ ਇੱਕ ਫੀਸਦੀ ਤੋਂ ਵੀ ਘੱਟ ਹੈ ਅਤੇ ਅਮਰੀਕਾ ਵਿੱਚ ਇਹ ਕਰੀਬ 5 ਫੀਸਦੀ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਤੋਂ ਬਚਣਾ ਸੌਖਾ ਨਹੀਂ ਹੈ।

ਕਾਰਡਿਅਕ ਅਰੈਸਟ ਤੋਂ ਰਿਕਵਰ ਹੋਣ ਲਈ ਮਦਦਗਾਰ ਟੂਲ ਆਸਾਨੀ ਨਾਲ ਉਪਲੱਬਧ ਨਹੀਂ ਹਨ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਹਾਲਾਤ ਹੋਰ ਵੀ ਖ਼ਰਾਬ ਹਨ। ਦੁਨੀਆ ਵਿੱਚ ਸਾਲਾਨਾ ਲਗਭਗ 1.7 ਕਰੋੜ ਮੌਤਾਂ ਦਿਲ ਦੀਆਂ ਬਿਮਾਰੀਆਂ ਕਰਕੇ ਹੁੰਦੀਆਂ ਹਨ। ਇਹ ਕੁੱਲ ਮੌਤਾਂ ਦਾ 30 ਫੀਸਦੀ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਤਾਂ ਇਹ ਐੱਚਆਈਵੀ, ਮਲੇਰੀਆ ਅਤੇ ਟੀਬੀ ਨਾਲ ਹੋਈਆਂ ਮੌਤਾਂ ਤੋਂ ਦੁੱਗਣੀਆਂ ਮੌਤਾਂ ਲਈ ਜ਼ਿੰਮੇਵਾਰ ਹੈ।

-0-

ਸਾਡੀ ਖੇਤੀ

# ਜੌਂ ਤੱਤ ਭਰਪੂਰ ਹਾੜ੍ਹੀ ਰੁੱਤ ਦੀ ਅਣਗੌਲੀ ਫਸਲ

**ਡਾ. ਰਣਯੋਧ ਸਿੰਘ ਬੈਂਸ # 99883-12299**

ਕਰੀਬ 10 ਹਜ਼ਾਰ ਸਾਲ ਤੋਂ ਵੀ ਜ਼ਿਆਦਾ ਪਹਿਲਾਂ ਮਿਸਰ ਤੋਂ ਆ ਕੇ ਆਪਣੀ ਛਾਪ ਛੱਡਣ ਵਾਲੀ ਫ਼ਸਲ ਹਰੇ ਇਨਕਲਾਬ ਤੋਂ ਬਾਅਦ ਆਪਣੀ ਜਗ੍ਹਾ ਬਣਾਉਣ ਵਿੱਚ ਲਗਪਗ ਅਸਮਰੱਥ ਜਾਪਦੀ ਹੈ; ਭਾਵੇਂ ਕਿ ਫ਼ਸਲ ਦੇ ਗੁਣਾਂ ਭਰਪੂਰ ਹੋਣ ਦੇ ਜ਼ਿਕਰ ਰਿਗਵੇਦ ਵਿੱਚ ਵੀ ਮਿਲਦੇ ਹਨ। ਅਜੋਕੀ ਇਲਾਜ ਪ੍ਰਣਾਲੀ ਦੇ ਮੋਢੀ ਹਿਪੋਕਰੇਟਸ ਵੱਲੋਂ ਵੀ ਇਸ ਦੀ ਵਰਤੋਂ ਗਰਭਵਤੀ ਔਰਤਾਂ ਨੂੰ ਵਿਸ਼ੇਸ਼ ਤੌਰ 'ਤੇ ਖਾਣ ਦੀ ਸਿਫ਼ਾਰਸ਼ ਦੇ ਜ਼ਿਕਰ ਮਿਲਦੇ ਹਨ। ਜੋ ਜ਼ੱਚਾ-ਬੱਚਾ ਦੋਵਾਂ ਦੀ ਸਿਹਤ ਵਾਸਤੇ ਲਾਹੇਵੰਦ ਮੰਨੀ ਜਾਂਦੀ ਰਹੀ ਹੈ। ਇਸ ਦੀ ਵਰਤੋਂ ਬੱਚੇ ਤੋਂ ਲੈ ਕੇ ਹਰ ਉਮਰ ਦੇ ਵਿਅਕਤੀ ਵਲੋਂ ਕੀਤੇ ਜਾਣ ਬਾਰੇ ਵੀ ਪ੍ਰਮਾਣ ਹਨ, ਪਰ ਹਰੇ ਇਨਕਲਾਬ ਦੀ ਮਾਰ ਹੇਠ ਇਸ ਫ਼ਸਲ ਨੂੰ ਮੁੜ ਆਪਣਾ ਪਹਿਲਾਂ ਵਾਲਾ ਦਰਜਾ ਹਾਸਲ ਕਰਨ ਦਾ ਮੌਕਾ ਨਹੀਂ ਮਿਲ ਸਕਿਆ। ਸਾਲ 1960-61 ਦੌਰਾਨ ਇਸ ਫ਼ਸਲ ਹੇਠ ਕੁਲ ਭਾਰਤ ਦਾ ਕੁਲ 3.20 ਮਿਲੀਅਨ ਹੈਕਟੇਅਰ ਰਕਬਾ ਸੀ ਇਸੇ ਸਾਲ ਪੰਜਾਬ ਵਿਚ ਲਗਪਗ 66,000 ਹੈਕਟੇਅਰ ਰਕਬਾ ਇਸ ਫ਼ਸਲ ਹੇਠ ਬੀਜਿਆ ਗਿਆ ਸੀ।

ਹੁਣ ਪਾਠਕਾਂ ਦੇ ਮਨ ਵਿੱਚ ਸਵਾਲ ਪੈਦਾ ਹੋ ਰਿਹਾ ਹੋਵੇਗਾ ਕਿ ਅਜਿਹੀ ਕਿਹੜੀ ਫ਼ਸਲ ਦਾ ਜ਼ਿਕਰ ਹੋ ਰਿਹਾ ਹੈ; ਇਹ ਉਹ ਬਿਹਤਰੀਨ ਫ਼ਸਲ ਜੌਂ ਦੀ ਹੈ। ਇਹ ਬਹੁਤ ਹੀ ਜ਼ਿਆਦਾ ਗੁਣ ਭਰਪੂਰ ਹੈ। ਭਾਵੇਂ ਇਸ ਦਾ ਮਾਲਟ ਵਿਸਕੀ ਜਾਂ ਪਸ਼ੂਆਂ ਦਾ ਚਾਰਾ ਆਦਿ ਬਣਾਉਣ ਵਿੱਚ ਵੀ ਮੱਤਵਪੂਰਨ ਸਥਾਨ ਹੈ, ਇਸ ਲੇਖ ਵਿੱਚ ਅਸੀਂ ਛਿਲਕਾ ਰਹਿਤ ਜੌਂ ਦੇ ਮਨੁੱਖੀ ਸਿਹਤ ਉੱਤੇ ਪ੍ਰਭਾਵਾਂ ਬਾਰੇ ਗੱਲ ਕਰਾਂਗੇ।

ਇਹ ਫ਼ਸਲ ਕਣਕ ਦੇ ਮੁਕਾਬਲੇ ਬਹੁਤ ਹੀ ਘੱਟ ਪਾਣੀ ਨਾਲ ਪੱਕਣ ਵਾਲੀ ਫ਼ਸਲ ਹੈ। ਇਸ ਨੂੰ ਪੈਦਾ ਕਰਨ ਲਈ ਲਗਪਗ ਕਣਕ ਦੀ ਜ਼ਰੂਰਤ ਜਿੰਨੀ ਹੀ ਠੰਢ ਦੀ ਲੋੜ ਹੁੰਦੀ ਹੈ ਬਲਕਿ ਇਹ ਫ਼ਸਲ ਪੱਕਣ ਸਮੇਂ ਜੇ ਤਾਪਮਾਨ ਵਿੱਚ ਥੋੜ੍ਹਾ ਵਾਧਾ ਹੁੰਦਾ ਹੈ ਤਾਂ ਉਸ ਨੂੰ ਸਹਿਣ ਦੀ ਸਮਰੱਥਾ ਕਣਕ ਦੀ ਫ਼ਸਲ ਨਾਲੋਂ ਜ਼ਿਆਦਾ ਰੱਖਦੀ ਹੈ। ਜੌਂ ਦੀ ਫ਼ਸਲ ਲਈ 35 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜ ਦੀ ਜ਼ਰੂਰਤ ਹੁੰਦੀ ਹੈ; ਜਦਕਿ ਕਣਕ ਲਈ 40 ਕਿਲੋ ਬੀਜ ਦੀ ਜ਼ਰੂਰਤ ਹੁੰਦੀ ਹੈ। ਇਸੇ ਤਰ੍ਹਾਂ ਯੂਰੀਆ 55 ਕਿਲੋ ਅਤੇ ਡੀਏਪੀ 25 ਕਿਲੋ ਦੀ ਹੀ ਜ਼ਰੂਰਤ ਹੁੰਦੀ ਹੈ। ਜਦਕਿ ਕਣਕ ਲਈ ਕ੍ਰਮਵਾਰ 110 ਕਿਲੋ ਯੂਰੀਆ ਅਤੇ 55 ਕਿਲੋ ਡੀਏਪੀ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਭਾਵ ਕਣਕ ਦੀ ਫ਼ਸਲ ਨਾਲੋਂ ਲਗਪਗ ਅੱਧੀ ਮਾਤਰਾ ਵਿੱਚ ਹੀ ਖਾਦਾਂ ਦੀ ਜ਼ਰੂਰਤ ਹੋਣ ਕਾਰਨ ਲਾਗਤਾਂ ਦਾ ਮੁੱਲ ਵੀ ਘੱਟ ਹੋਣ ਕਾਰਨ ਇਸ ਨੂੰ ਪੈਦਾ ਕਰਨ ਦਾ ਖ਼ਰਚਾ ਵੀ ਕਣਕ ਦੇ ਮੁਕਾਬਲੇ ਘੱਟ ਆਉਂਦਾ ਹੈ।

ਕਣਕ ਦੀ ਫ਼ਸਲ ਦਾ ਜੇ ਕਰੋਮੋਸੋਮਾ ਦਾ ਹਿਸਾਬ ਦੇਖਿਆ ਜਾਵੇ ਤਾਂ ਇਹ ਹੈਕਸਾਪਲਾਓਡ (ਮਤਲਬ ਦੋ-ਦੋ ਦੇ ਤਿੰਨ ਜੋੜੇ) (ਅਅ ਭਭ ਧਧ); ਜਦੋਂਕਿ ਜੌਂ ਦੀ ਫ਼ਸਲ ਡਿਪਲਾਟਿਡ ਫ਼ਸਲ (ਅਅ ਭਭ) (ਭਾਵ ਦੋ-ਦੋ ਦੇ ਦੋ ਜੋੜੇ) ਹਨ। ਇਸ ਕਾਰਨ ਜਿੱਥੇ ਕਣਕ ਦੀ ਫ਼ਸਲ ਵਿੱਚ ਸੁਧਾਰ ਜਾਂ ਨਵੀਆਂ ਕਿਸਮਾਂ ਵਿਕਸਿਤ ਕਰਨ ਵਿੱਚ ਵਧੇਰੇ ਮੁਸ਼ਕਿਲ ਆਉਂਦੀ ਹੈ ਉੱਥੇ ਹੀ ਜੌਂ ਦੀ ਫ਼ਸਲ ਡਿਪਲਾਟਿਡ ਹੋਣ ਕਾਰਨ ਇਸ ਦੀਆਂ ਹੋਰ ਸੁਧਰੀਆਂ ਕਿਸਮਾਂ ਵਿਕਸਿਤ ਕਰਨ ਵਿੱਚ ਉਨੀ ਹੀ ਆਸਾਨੀ ਰਹਿੰਦੀ ਹੈ।

ਜੌਂ ਵਿੱਚ ਕਿਰਿਆਸ਼ੀਲ ਤੱਤਾਂ ਦੀ ਕਾਫ਼ੀ ਚੰਗੀ ਮਾਤਰਾ ਵਿੱਚ ਉਪਲਭਧਤਾ ਹੈ; ਜਿਵੇਂ ਕਿ ਬੀਟਾ ਗਲੂਕਨ (5-10%) ਜਦੋਂਕਿ ਕਣਕ ਵਿੱਚ ਸਿਰਫ਼ 1.6% ਅਤੇ ਚਾਵਲ ਵਿੱਚ 0.82% ਹੀ ਪਾਇਆ ਜਾਂਦਾ ਹੈ। ਫਾਈਟੋਕੈਮੀਕਲਜ, ਪ੍ਰਤੀਬੰਧਕ ਸਟਾਰਚ, ਲਿਗਨਿਨ, ਫੈਰੂਲਿਨ ਐਸਿਡ, ਫਾਈਟੋਸਟੀਰੋਲਜ ਅਤੇ ਐਂਟੀ-ਆਕਸੀਡੈਂਟ ਆਦਿ। ਇਨ੍ਹਾਂ ਤੋਂ ਇਲਾਵਾ ਜੌਂ ਬਹੁਤ ਹੀ ਵਧੀਆ ਮਾਤਰਾ ਵਿੱਚ ਨਾ ਘੁਲਣਸ਼ੀਲ ਵਾਲੇ ਫਾਈਬਰ, ਵਿਟਾਮਿਨ, ਪ੍ਰੋਟੀਨ ਸਣੇ ਹੋਰ ਮਹੱਤਵਪੂਰਨ ਤੱਤ ਮੌਜੂਦ ਹਨ। ਇਨ੍ਹਾਂ ਦੀ ਵੱਧ ਤੋਂ ਵੱਧ ਮਾਤਰਾ ਲੋਹਾ, ਜ਼ਿੰਕ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਮੈਗਨੀਜ਼ ਤੱਤਾਂ ਦੀ ਉਪਲਬਧਤਾ ਨੂੰ ਘੱਟ ਕਰਦੀ ਹੈ ਇਸ ਲਈ ਕਣਕ ਦੇ ਮੁਕਾਬਲੇ ਜੌਂ ਵਿੱਚ ਇਹ ਫਾਈਟੇਟਸ ਬਹੁਤ ਘੱਟ ਹੋਣ ਕਰ ਕੇ ਇਸ ਦੀ ਗੁਣਵੱਤਾ ਨੂੰ ਹੋਰ ਵੀ ਵਧੀਆ ਬਣਾਉਂਦੇ ਹਨ। ਜੌਂ ਵਿਗਿਆਨੀ, ਇੰਡੀਅਨ ਇੰਸਟੀਚਿਊਟਸ ਆਫ ਵੀਟ ਐਂਡ ਬਾਰਲੇ, ਕਰਨਾਲ ਡਾ. ਓਮਵੀਰ ਸਿੰਘ ਅਨੁਸਾਰ ਜੇ ਅਸੀਂ ਕਣਕ ਦੀ ਖ਼ਪਤ ਨੂੰ ਘੱਟ ਕਰ ਕੇ ਉਸ ਦੀ ਜਗ੍ਹਾ ਜੌਂ ਨੂੰ ਦਿੰਦੇ ਹਾਂ ਤਾਂ ਇਸ ਨਾਲ ਕਰੀਬ ਅੱਧੇ ਹਸਪਤਾਲ ਬੰਦ ਹੋਣ ਕਿਨਾਰੇ ਆ ਜਾਣਗੇ। ਇਹ ਜ਼ਰੂਰਤ ਖ਼ਾਸ ਕਰ ਕੇ ਉਨ੍ਹਾਂ ਦੇਸ਼ਾਂ ਲਈ ਹੋਰ ਵੀ ਮਹੱਤਵ ਰੱਖਦੀ ਹੈ ਜਿਨ੍ਹਾਂ ਦੀ ਅਰਥ-ਵਿਵਸਥਾ ਅਜੇ ਵਿਕਸਿਤ ਦੇਸ਼ਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਨਹੀਂ ਹੋਈ। ਇਨ੍ਹਾਂ ਵਿੱਚ ਭਾਰਤ ਵੀ ਸ਼ਾਮਲ ਹੈ ਜਿੱਥੇ ਕੁਪੋਸ਼ਣ ਅਤੇ ਤੱਤ ਭਰਪੂਰ ਖਾਣੇ ਦੀ ਘਾਟ ਹੈ।

ਇਸ ਤੋਂ ਇਲਾਵਾ ਭਾਰਤ ਵਿੱਚ ਲਗਪਗ ਕੁੱਲ ਆਬਾਦੀ ਦੇ 11.4 ਫ਼ੀਸਦੀ ਅਤੇ ਪੰਜਾਬ ਵਿੱਚ 10 ਫ਼ੀਸਦੀ ਸ਼ੂਗਰ ਦੇ ਮਰੀਜ਼ ਹਨ। ਇਨ੍ਹਾਂ ਵਾਸਤੇ ਜੌਂ ਤੋਂ ਤਿਆਰ ਖਾਣਾ ਚੰਗਾ ਹੈ। ਇਸ ਵਿੱਚ ਕਣਕ ਦੇ ਮੁਕਾਬਲੇ ਇਸ ਦਾ ਗਲੀਸੀਸਕ ਇਨਡੈਕਸ (28) ਹੈ ਅਤੇ ਸਟਾਰਚ ਤੱਤ ਵੱਧ ਹੋਣ ਕਾਰਨ, ਖ਼ੂਨ ਵਿੱਚ ਖੰਡ ਤੱਤ ਦੀ ਮਿਕਦਾਰ ਨੂੰ ਘੱਟ ਅਤੇ ਨਿਰੰਤਰਨ ਵਿੱਚ ਰੱਖਦਾ ਹੈ। ਇਸ ਤੋਂ ਇਲਾਵਾ ਬੀਟਾ-ਗਲੂਕਨ ਇਨਸੂਲਿਨ (ਖੰਡ ਦੇ ਪਾਚਣ ਲਈ ਜ਼ਰੂਰੀ ਤੱਤ) ਦੀ ਕਾਰਜਸ਼ੀਲਤਾ ਨੂੰ ਵੀ ਵਧਾਉਂਦਾ ਹੈ ਅਤੇ ਇਸ ਦੇ ਨਾਲ-ਨਾਲ ਇੱਕ ਹੋਰ ਗਲੂਕਾਗੋਨ-ਲਾਈਕ-ਪੈਪਟਾਈਡ-1 ਨਾਮਕ ਹਰਮੋਨ ਦੀ ਉਤਪਤੀ ਨੂੰ ਵੀ ਹਲੂਣਾ ਦਿੰਦਾ ਹੈ ਜਿਸ ਨਾਲ ਸਰੀਰ ਵੱਲੋਂ ਬਰਾਬਰ ਮਾਤਰਾ ਵਿੱਚ ਗੁਲੂਕੋਜ਼ ਪੈਦਾ ਕੀਤਾ ਤੇ ਵਰਤ ਲਿਆ ਜਾਂਦਾ ਹੈ। ਬੀਟਾ ਗਲੂਕਨ ਆਂਦਰਾਂ ਵਿੱਚ ਜਾਲੀ ਵਰਗਾ ਪਦਾਰਥ ਬਣਾਉਂਦਾ ਹੈ, ਜਿਸ ਨਾਲ ਭੁੱਖ ਲੱਗਣਾ ਮਹਿਸੂਸ ਹੋਣਾ ਘਟ ਜਾਂਦਾ ਹੈ। ਸਟਾਰਚ ਮੋਟਾਪੇ ਨੂੰ ਸੌਖਿਆਂ ਨਜਿੱਠਣ ਦੀ ਸਮਰੱਥਾ ਰੱਖਦਾ ਹੈ। ਬੀਟਾ ਗਲੂਕਨ ਸਿਹਤ ਲਈ ਲਾਹੇਵੰਦ ਬੈਕਟੀਰੀਆ ਲਈ ਆਧਾਰ ਮੁਹੱਈਆ ਕਰਦਾ ਹੈ ਅਤੇ ਜਲਦੀ ਨਾਲ ਇਹ ਸ਼ਾਰਟ-ਚੈਨ-ਫੈਟੀ ਐਸਿਡ (ਸ਼ਛਢਅਸ) ਦੇ ਨਿਰਮਾਣ ਵਿੱਚ ਸਹਾਈ ਹੰਦਾ ਹੈ। ਇਹ ਐਸਸੀਐਫਏ ਮਨੁੱਖ ਦੇ ਜਿਗਰ ਅਤੇ ਅੰਤੜੀਆਂ ਵਿੱਚ ਕੋਲੈਸਟਰੋਲ ਦੀ ਉਪਜ ਨੂੰ ਮੱਧਮ ਕਰ ਕੇ ਘੱਟ ਪੈਦਾ ਕਰਨ ਵਿੱਚ ਮਦਦ ਕਰਦਾ ਹੈ। ਜਿਗਰ ਵੱਲੋਂ ਕੋਲੈਸਟਰੋਲ ਨੂੰ ਬਾਈਲ ਐਸਿਡ ਬਣਾਉਣ ਲਈ ਵਰਤ ਲਿਆ ਜਾਂਦਾ ਹੈ ਅਤੇ ਅੰਤੜੀਆਂ ਵਿੱਚ ਬੀਟਾ ਗਲੂਕਨ ਬਾਈਲ ਐਸਿਡ ਨਾਲ ਜੁੜ ਕੇ, ਇਸ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਦਾ ਕੰਮ ਕਰਦਾ ਹੈ। ਇਸ ਨਾਲ ਅੰਤੜੀਆਂ ਵਿੱਚੋਂ ਕੋਲੈਸਟਰੋਲ ਘੱਟ ਜਜ਼ਬ ਹੁੰਦਾ ਕਿਉਂਕਿ ਇਸ ਵਿੱਚ ਬੀਟਾ ਗਲੂਕਨ ਨਾਮੀ ਜੈਲੀ ਮੌਜੂਦ ਹੁੰਦੀ ਹੈ ਜੋ ਇਸ ਨੂੰ ਸਰੀਰ ਵਿੱਚ ਅੰਤੜੀਆਂ ਵਿੱਚ ਘੱਟ ਜਜ਼ਬ ਹੋਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ, ਯੂਐਸਏ ਨੇ ਪੁਸ਼ਟੀ ਕੀਤੀ ਹੈ ਕਿ ਜੌਂ ਅਤੇ ਜਵੀ (ਓਟਸ) ਵਿੱਚ ਬੀਟਾ ਗਲੂਕਨ ਨਾਮ ਦਾ ਤੱਤ ਦਿਲ ਦੀਆਂ ਬਿਮਾਰੀਆਂ ਹੋਣ ਦੀਆਂ ਸੰਭਾਵਾਨਾਵਾਂ ਨੂੰ ਘੱਟ ਕਰਨ ਦੀ ਸਮਰੱਥਾ ਰੱਖਦਾ ਹੈ। ਉਨ੍ਹਾਂ ਇਸ ਦਾ ਕਾਰਨ ਇਹ ਵੀ ਦੱਸਿਆ ਹੈ ਕਿ ਬੀਟਾ ਗਲੂਕਨ ਨਾਮੀ ਤੱਤ ਲੋਅ ਡੈਂਸਟੀ ਲਿਪੋਪ੍ਰੋਟੀਨ (ਐਲਡੀਐਲ) ਅਤੇ ਕੋਲੈਸਟਰੋਲ ਦੀ ਮਾਤਰਾ ਨੂੰ ਘੱਟ ਰੱਖਦਾ ਹੈ, ਫਲਸਰੂਪ ਖ਼ੂਨ ਲਿਜਾਣ ਵਾਲੀਆਂ ਧਮਣੀਆਂ ਵਿੱਚ ਵਾਧੂ ਕੋਲੈਸਟਰੋਲ ਨੂੰ ਜੰਮਣ ਨਹੀਂ ਦਿੰਦਾ। ਇਸ ਤੋਂ ਇਲਾਵਾ ਇਨ੍ਹਾਂ ਵਿੱਚ ਫਾਈਬਰ ਦੀ ਮਾਤਰਾ ਵਧੇਰੇ

**ਬਾਕੀ ਸਫਾ 42 'ਤੇ**

ਸਾਡੀ ਖੇਤੀ

# ਲਸਣ ਦੀ ਵਧੇਰੇ ਪੈਦਾਵਾਰ ਲਈ ਵਿਗਿਆਨਕ ਢੰਗ ਅਪਣਾਓ

**-ਕੁਲਬੀਰ ਸਿੰਘ, ਮਧੂ ਸ਼ਰਮਾ ਅਤੇ ਸਈਦ ਅਬਦੁਲ ਹਮੀਦ ਪਟੇਲ** -ਸਬਜ਼ੀ ਵਿਗਿਆਨ ਵਿਭਾਗ ਮੋਬਾਈਲ : 94631-31081

ਲਸਣ ਦੀ ਸਾਡੇ ਪਕਵਾਨਾਂ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਹੈ। ਇਸ ਨੂੰ ਮਸਾਲੇ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਇਹ ਸਵਾਦ ਦੇ ਨਾਲ-ਨਾਲ ਆਪਣੇ ਪ੍ਰਤੀਰੋਧਕ ਗੁਣਾਂ ਕਰਕੇ ਵੀ ਪਸੰਦ ਕੀਤਾ ਜਾਂਦਾ ਹੈ। ਇਸ ਦੀ ਵਰਤੋਂ ਕਈ ਤਰ੍ਹਾਂ ਨਾਲ ਕੀਤੀ ਜਾਂਦੀ ਹੈ ਜਿਵੇਂ ਕਿ ਅਚਾਰ, ਚਟਣੀ ਆਦਿ। ਇਹ ਇਕ ਮਹੱਤਵਪੂਰਨ ਫ਼ਸਲ ਹੈ ਜੋ ਕਿ ਕਿਸਾਨਾਂ ਨੂੰ ਚੰਗੀ ਆਮਦਨ ਦਿੰਦਾ ਹੈ। ਇਸ ਦੇ ਵਧੀਆ ਗੱਠੇ ਤਿਆਰ ਕਰਨ ਲਈ ਠੰਢੇ ਮੌਸਮ ਦੀ ਲੋੜ ਹੁੰਦੀ ਹੈ। ਇਹ ਫ਼ਸਲ ਰੇਤਲੀ ਜ਼ਮੀਨ ਜਿਸ ਵਿਚ ਜ਼ਿਆਦਾ ਮੱਲ੍ਹੜ ਹੋਵੇ ਅਤੇ ਪੀ.ਐਚ. 6.0 ਤੋਂ 7.0 ਦੇ ਦਰਮਿਆਨ ਹੋਵੇ ਵਿਚ ਵਧੀਆ ਹੁੰਦੀ ਹੈ।

**ਸੁਧਰੀਆਂ ਕਿਸਮਾਂ :** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਹੇਠ ਲਿਖੀਆਂ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ:

**ਪੀ. ਜੀ. 18:** ਇਸ ਦੇ ਬੂਟੇ ਤੋਂ ਨਾੜ ਨਹੀਂ ਨਿਕਲਦੀ। ਇਸ ਦੇ ਗੱਠੇ ਵੱਡੇ ਹੁੰਦੇ ਹਨ ਅਤੇ 26 ਤੁਰੀਆਂ ਹੁੰਦੀਆਂ ਹਨ। ਇਹ ਤੁਰੀਆਂ ਮੋਟੀਆਂ ਤੇ ਚਿੱਟੇ ਰੰਗ ਦੀਆਂ ਹੁੰਦੀਆਂ ਹਨ। ਇਸ ਦਾ ਔਸਤਨ ਝਾੜ 51 ਕੁਇੰਟਲ ਪ੍ਰਤੀ ਏਕੜ ਹੈ।

**ਪੀ. ਜੀ. 17:** ਇਸ ਦੇ ਪੱਤੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ। ਇਸ ਦੇ ਗੱਠੇ ਇਕਸਾਰ ਅਤੇ ਚਿੱਟੇ ਰੰਗ ਦੇ ਹੁੰਦੇ ਹਨ। ਇਕ ਗੱਠੇ ਵਿਚ 25 ਤੋਂ 30 ਤੁਰੀਆਂ ਹੁੰਦੀਆਂ ਹਨ ਅਤੇ ਔਸਤਨ ਝਾੜ 50 ਕੁਇੰਟਲ ਪ੍ਰਤੀ ਏਕੜ ਹੈ।

**ਬਿਜਾਈ ਦਾ ਤਰੀਕਾ ਅਤੇ ਫ਼ਾਸਲਾ:** ਵੱਡੇ ਰਕਬੇ ਲਈ ਲਸਣ ਦੀ ਬਿਜਾਈ ਕੇਰੇ ਨਾਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਲਸਣ ਦੀ ਬਿਜਾਈ ਲਈ ਹੱਥ ਵਾਲੇ ਪਲਾਂਟਰ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਇਸ ਗੱਲ ਦਾ ਧਿਆਨ ਰੱਖੋ ਕਿ ਤੁਰੀਆਂ ਦੀ ਬੀਜਣ ਵੇਲੇ ਡੂੰਘਾਈ 2.5 ਤੋਂ 3 ਸੈ.ਮੀ. ਹੋਵੇ। ਪਲਾਂਟਰ ਨਾਲ ਸਮਾਂ ਵੀ ਘੱਟ ਲਗਦਾ ਹੈ ਜਿਸ ਕਰਕੇ 2 ਤੋਂ 3 ਬੰਦੇ ਇਕ ਦਿਨ ਵਿਚ ਅੱਧੇ ਏਕੜ ਦੀ ਬਿਜਾਈ ਕਰ ਸਕਦੇ ਹਨ।

ਘਰੇਲੂ ਬਗ਼ੀਜੀ ਲਈ ਜਾਂ ਛੋਟੀ ਪੱਧਰ 'ਤੇ ਬੀਜਣ ਲਈ ਚੌਕੇ ਨਾਲ ਬਿਜਾਈ ਕਰੋ। ਬਿਜਾਈ ਵੇਲੇ ਕਤਾਰ ਤੋਂ ਕਤਾਰ ਦਾ ਫ਼ਸਲਾ 15 ਸੈ.ਮੀ. (6 ਇੰਚ) ਅਤੇ ਬੂਟੇ ਤੋਂ ਬੂਟੇ ਦਾ ਫ਼ਸਲਾ 7.5 ਸੈ.ਮੀ.(3 ਇੰਚ.) ਰੱਖੋ।

**ਖਾਦਾਂ ਦੀ ਵਰਤੋਂ :** ਲਸਣ ਦੀ ਉਪਜ ਅਤੇ ਗੁਣਵੱਤਾ ਨੂੰ ਸਿਫ਼ਾਰਸ਼ ਕੀਤੀਆਂ ਗਈਆਂ ਖਾਦਾਂ ਦੀ ਵਰਤੋਂ ਕਰਕੇ ਪ੍ਰਾਪਤ ਕਰ ਸਕਦੇ ਹਾਂ। ਖੇਤ ਦੀ ਤਿਆਰੀ ਸਮੇਂ 20 ਟਨ ਗਲੀ ਸੜੀ ਰੂੜੀ ਨੂੰ ਜ਼ਮੀਨ ਵਿਚ ਇਕਸਾਰ ਮਿਲਾ ਲਉ। ਇਸ ਨਾਲ 50 ਕਿੱਲੋ ਨਾਈਟ੍ਰੋਜਨ (110 ਕਿੱਲੋ ਯੂਰੀਆ) ਅਤੇ 25 ਕਿੱਲੋ ਫ਼ਾਸਫ਼ੋਰਸ (155 ਕਿੱਲੋ ਸੁਪਰਫਾਸਫੇਟ) ਦੇ ਹਿਸਾਬ ਨਾਲ ਪਾਉ। ਨਾਈਟ੍ਰੋਜਨ ਖਾਦ ਨੂੰ ਤਿੰਨ ਹਿੱਸਿਆਂ ਵਿਚ, ਪਹਿਲਾ ਹਿੱਸਾ ਬਿਜਾਈ ਤੋਂ ਇਕ ਮਹੀਨੇ ਬਾਅਦ, ਦੂਜਾ





ਹਿੱਸਾ ਡੇਢ ਮਹੀਨੇ ਬਾਅਦ ਅਤੇ ਤੀਸਰਾ ਹਿੱਸਾ ਦੋ ਮਹੀਨੇ ਬਾਅਦ, ਪਾਓ ਜਦਕਿ ਸਾਰੀ ਫ਼ਾਸਫ਼ੋਰਸ ਖਾਦ ਬਿਜਾਈ ਤੋਂ ਪਹਿਲਾਂ ਪਾ ਦਿਉ।

**ਨਦੀਨਾਂ ਦੀ ਰੋਕਥਾਮ :** ਫ਼ਸਲ ਦੇ ਚੰਗੇ ਵਾਧੇ ਤੇ ਵਿਕਾਸ ਲਈ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖਣਾ ਜ਼ਰੂਰੀ ਹੈ। ਇਸ ਫ਼ਸਲ ਦੇ ਪੱਤੇ ਘੱਟ ਹੁੰਦੇ ਹਨ। ਇਸ ਕਰਕੇ ਨਦੀਨਾਂ ਨਾਲ ਚੰਗੀ ਤਰ੍ਹਾਂ ਮੁਕਾਬਲਾ ਨਹੀਂ ਕਰ ਸਕਦੇ। ਜਿਸ ਕਰਕੇ ਨਦੀਨਾਂ ਦੀ ਗਿਣਤੀ ਕਾਫ਼ੀ ਹੋ ਜਾਂਦੀ ਹੈ। ਇਸ ਲਈ ਗੋਡੀ ਨਾਲ ਨਦੀਨਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ। ਪਰ ਇਹ ਤਰੀਕਾ ਕਿਫ਼ਾਇਤੀ ਨਹੀਂ ਹੈ। ਇਸ ਲਈ ਨਦੀਨਾਂ ਨੂੰ ਲੰਬੇ ਸਮੇਂ ਤੱਕ ਕਾਬੂ ਰੱਖਣ ਲਈ ਝੋਨੇ ਦੀ ਪਰਾਲੀ ਨੂੰ 25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਲਸਣ ਉੱਗਣ ਤੋਂ ਬਾਅਦ ਫ਼ਸਲ ਵਿਚ ਵਿਛਾ ਦਿਉ।

**ਸਿੰਚਾਈ:** ਫ਼ਸਲ ਨੂੰ ਪਾਣੀ ਦੀ ਲੋੜ ਮਿੱਟੀ ਦੀ ਬਣਤਰ ਅਤੇ ਮੌਸਮ 'ਤੇ ਨਿਰਭਰ ਕਰਦੀ ਹੈ। ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਦਿਓ। ਬਾਅਦ ਵਿਚ ਸਿੰਚਾਈ 10 ਤੋਂ 15 ਦਿਨ ਦੇ ਵਕਫ਼ੇ 'ਤੇ ਕਰੋ। ਇਸ ਫ਼ਸਲ ਦੇ ਪੂਰੇ ਜੀਵਨ ਕਾਲ ਵਿਚ 10 ਤੋਂ 12 ਵਾਰੀ ਸਿੰਚਾਈ ਦੀ ਲੋੜ ਹੁੰਦੀ ਹੈ।

**ਪੁਟਾਈ ਅਤੇ ਸਾਂਭ ਸੰਭਾਲ :** ਜਦੋਂ ਪੱਤੇ ਪੀਲੇ ਜਾਂ ਭੂਰੇ ਰੰਗ ਦੇ ਹੋਣੇ ਸ਼ੁਰੂ ਹੋ ਜਾਣ ਅਤੇ ਸੁੱਕਣ ਦੇ ਸੰਕੇਤ ਦਿਖਾਈ ਦੇਣ ਲੱਗ ਪੈਣ ਤਾਂ ਫ਼ਸਲ ਪੁਟਾਈ ਲਈ ਤਿਆਰ ਹੈ। ਇਸ ਗੱਲ ਦਾ ਧਿਆਨ ਰੱਖੋ ਕਿ ਫ਼ਸਲ ਦੀ ਪੁਟਾਈ ਤੋਂ 15 ਦਿਨ ਪਹਿਲਾਂ ਸਿੰਚਾਈ ਬੰਦ ਕਰ ਦਿਓ। ਜਿਸ ਨਾਲ ਗੰਢੀਆਂ ਨੂੰ ਲੰਬੇ ਸਮੇਂ ਤੱਕ ਭੰਡਾਰਨ ਕੀਤਾ ਜਾ ਸਕਦਾ ਹੈ। ਪੁਟਾਈ ਤੋਂ ਬਾਅਦ ਲਸਣ ਨੂੰ ਛੋਟੀਆਂ ਗੁੱਟੀਆਂ ਵਿਚ ਬੰਨ੍ਹ ਲਓ ਅਤੇ 5 ਤੋਂ 7 ਦਿਨਾਂ ਲਈ ਛਾਵੇਂ ਸੁੱਕੀ ਥਾਂ 'ਤੇ ਰੱਖ ਦਿਓ। ਇੰਜ ਕਰਨ ਨਾਲ ਲਸਣ ਨੂੰ ਜ਼ਿਆਦਾ ਸਮੇਂ ਲਈ ਰੱਖਿਆ ਜਾ ਸਕਦਾ ਹੈ। ਫਿਰ ਸੁੱਕੀ ਅਤੇ ਹਵਾਦਾਰ ਥਾਂ ਤੇ ਭੰਡਾਰ ਕਰੋ ਅਤੇ ਸਮੇਂ ਸਮੇਂ 'ਤੇ ਗੰਢੀਆਂ ਦਾ ਨਿਰੀਖਣ ਕਰੋ। ਸੁੱਕੀਆਂ ਅਤੇ ਖਰਾਬ ਗੰਢੀਆਂ ਨੂੰ ਕੱਢ ਦਿਓ।

-0-



## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...



ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਮੈਸਜ਼ ਜਾਂ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

-0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਅਕਤੂਬਰ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਬੱਚਿਆਂ ਨੂੰ ਪੜ੍ਹਾ ਰਹੇ ਹਨ। ਇਲਾਕੇ ਵਿੱਚ ਵੱਖ-ਵੱਖ ਥਾਵਾਂ 'ਤੇ ਹੋਏ ਗੁਰਮਤਿ ਸਮਾਗਮਾਂ ਵਿੱਚ ਹਾਜ਼ਰੀ ਭਰਦੇ ਹੋਏ ਸੰਗਤਾਂ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਗਈ। ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਵਲੋਂ ਕਰਵਾਏ ਗਏ ਬੱਚਿਆਂ ਦੇ ਧਾਰਮਿਕ ਸਮਾਗਮਾਂ ਵਿੱਚ ਹਾਜ਼ਰੀ ਭਰੀ ਗਈ।

**2. ਪਰਿੰਗੜੀ (84370-63450)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਚੈਨ ਸਿੰਘ ਵਲੋਂ ਕੇਂਦਰ ਵਿਖੇ ਅਤੇ ਪਿੰਡ ਰੂੜੇ ਆਸਲ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**ਮਾਲਵਾ:-**

**3. ਉਮਰੀਆਣਾ (79736-84182)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਪ੍ਰੀਤ ਸਿੰਘ ਵਲੋਂ ਸਵੇਰੇ ਨਿਤਨੇਮ ਅਤੇ ਹਰ ਰੋਜ਼ ਕਥਾ-ਵੀਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਬਜੁਰਗਾਂ ਦੀਆਂ ਗੱਲਾਂ ਵੀ ਸੁਣੀਆਂ ਜਾਂਦੀਆਂ ਹਨ ਅਤੇ ਉਹਨਾਂ ਨੂੰ ਵੀ ਗੁਰਮਤਿ ਦੀਆਂ ਵੀਚਾਰਾਂ ਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਸਮਾਜਿਕ ਜ਼ਿੰਮੇਵਾਰੀਆਂ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ ਅਤੇ ਇੱਕ ਬੱਚੇ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ। ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**4. ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 5 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਪਿੰਡ ਬੁਰਜ ਦੁਨਾਂ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ, ਜਿਸ ਵਿੱਚ ਡਾ: ਰਾਜਵੰਤ ਸਿੰਘ ਯੂ. ਐਸ. ਏ. ਨੇ ਸੰਗਤ ਨਾਲ ਵੀਚਾਰਾਂ ਦੀ ਸਾਂਝ ਪਾਈ ਅਤੇ ਕੇਂਦਰ ਚੁੱਪਕੀਤੀ ਦੇ ਬੱਚੀਆਂ ਨੇ ਸੰਗਤ ਨੂੰ ਕਵੀਸ਼ਰੀ ਸੁਣਾ ਕੇ ਨਿਹਾਲ ਕੀਤਾ। 10 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤੇ ਹਨ।

**5. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 2 ਅਕਤੂਬਰ ਨੂੰ ਕੇਂਦਰ ਨਵਾਂ ਸ਼ਹਿਰ ਵਿਖੇ ਹੋਏ ਜੋਨ ਪੱਧਰੀ ਮੁਕਾਬਲਿਆਂ ਦੌਰਾਨ ਜੱਜਮੈਂਟ ਦੀ ਭੂਮਿਕਾ ਨਿਭਾਈ ਗਈ। 6 ਅਕਤੂਬਰ ਨੂੰ ਕੇਂਦਰ ਬੁਗਰਾ ਵਿਖੇ ਹੋਏ ਮੁਕਾਬਲਿਆਂ ਵਿੱਚ ਕੇਂਦਰ ਲਤਾਲਾ ਦੇ 8 ਵਿਦਿਆਰਥੀਆਂ ਨੇ ਪੁਜੀਸ਼ਨਾਂ ਹਾਸਿਲ ਕੀਤੀਆਂ, ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। 12 ਅਕਤੂਬਰ ਨੂੰ ਲਾਇਬ੍ਰੇਰੀ ਕਾਲਖ ਵਿਖੇ ਲਿਖਤੀ ਪੇਪਰ ਮੁਕਾਬਲੇ ਕਰਵਾਏ ਗਏ, ਕਰੀਬ 70 ਬੱਚਿਆਂ ਨੇ ਹਿੱਸਾ ਲਿਆ। ਪੁਜੀਸ਼ਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਪੰਚਾਇਤ ਵਲੋਂ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ, ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਟੇਸ਼ਨਰੀ ਦਾ ਸਮਾਨ ਦਿੱਤਾ ਗਿਆ। ਲਤਾਲਾ ਦੇ ਵੱਖ-ਵੱਖ ਸਕੂਲਾਂ ਵਿੱਚ ਗਰੀਨ ਦਿਵਾਲੀ ਮਨਾਉਣ ਦੇ ਸੰਬੰਧ ਵਿੱਚ ਲੈਕਚਰ ਦੁਆਰਾ ਸਾਂਝ ਪਾਈ ਗਈ। 6 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**6. ਗੁੱਜਰਵਾਲ (94655-66666)-**ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 9 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 3 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀ ਗਈ। 2 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਇਆ ਗਿਆ, ਭੈਣ ਕਿਰਨਪ੍ਰੀਤ ਕੌਰ ਨੇ ਵੀ ਹਾਜ਼ਰੀ ਭਰੀ। 25 ਬੱਚੇ ਸਹਿਜ ਪਾਠ ਕਰ ਰਹੇ ਹਨ।

**7. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਬੱਚਿਆਂ ਨੂੰ ਸਕੂਲ ਵਿੱਚ ਨੈਤਿਕ ਕਦਰਾਂ- ਕੀਮਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਸਵੇਰ ਦੀ ਸਭਾ ਵਿੱਚ ਬੱਚੇ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ। ਬੱਚੇ ਸਕੂਲ ਵਿੱਚ ਸਹਿਜ ਪਾਠ ਕਰਦੇ ਹਨ। ਬੱਚਿਆਂ ਨੂੰ ਗੁਰਮਤਿ ਮੁਕਾਬਲਿਆਂ ਲਈ ਤਿਆਰ ਕੀਤਾ ਜਾਂਦਾ ਹੈ। ਅਕਤੂਬਰ ਮਹੀਨੇ ਵਿੱਚ ਗੁਰੂ ਹਰਿ ਕ੍ਰਿਸ਼ਨ ਜੀ ਦਾ ਗੁਰਗੱਦੀ ਦਿਵਸ, ਜੋਤੀ ਜੋਤ ਗੁਰੂ ਹਰਿ ਰਾਇ ਜੀ ਦਾ ਅਤੇ ਜੱਸਾ ਸਿੰਘ ਆਹਲੂਵਾਲੀਆਂ ਦਾ ਜਨਮ ਬਾਰੇ ਵਿਚਾਰ ਸਾਂਝੇ ਕੀਤੇ ਗਏ। 58 ਬੱਚੇ ਸਹਿਜ ਪਾਠ ਕਰ ਰਹੇ ਹਨ, 18 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 8 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**8. ਬੁਗਰਾ (70097-82466)-** ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਕੇਂਦਰ ਬੁਗਰਾ ਦੇ ਗੁਰਦੁਆਰਾ ਸਾਹਿਬ ਵਿਖੇ 6 ਅਕਤੂਬਰ ਨੂੰ ਮਾਲਵਾ ਜੋਨ ਪੱਧਰ ਦੇ ਗੁਰਮਤਿ ਤੇ ਨਰੋਈ ਸਿਹਤ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ 21 ਬੱਚਿਆਂ ਨੇ ਪੁਜੀਸ਼ਨਾਂ ਹਾਸਿਲ ਕੀਤੀਆਂ। 9 ਅਕਤੂਬਰ ਨੂੰ ਗੁਰੂ ਰਾਮਦਾਸ



ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਸਮਾਗਮ ਉਲੀਕੇ ਗਏ ਅਤੇ ਸੰਗਤ ਵਲੋਂ ਸਹਿਜ ਪਾਠ ਦੀ ਸਮਾਪਤੀ ਸਮਾਗਮ ਕੀਤੇ ਗਏ ਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। 5 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ**

**9. ਕਾਲੇਵਾਲ (79731-15345)-** ਕੇਂਦਰ ਦੇ ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਰੋਜਾਨਾ ਗੁਰਦੁਆਰਾ ਸ਼ਹੀਦਾਂ ਸਿੰਘਾਂ ਵਿਖੇ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ। ਐਤਵਾਰ ਨੂੰ ਗੁਰਮਤਿ ਦੀ ਕਲਾਸ ਲਗਦੀ ਹੈ। 9 ਤਾਰੀਕ ਨੂੰ ਗੁਰਦੁਆਰਾ ਸਾਹਿਬ ਵਿਖੇ ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਮਨਾਇਆ ਗਿਆ।

**10. ਅੱਪਰਾ- (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ, ਭਾਈ ਅਜੈ ਸਿੰਘ ਵਲੋਂ ਹਰ ਹਫਤੇ 12 ਪਿੰਡਾਂ ਵਿੱਚ ਗੁਰਬਾਣੀ ਸੰਥਿਆ ਦੀਆਂ ਅਤੇ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਸ ਮਹੀਨੇ ਸ੍ਰੀ ਦਸ਼ਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਵਿਖੇ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। 3 ਸਕੂਲਾਂ ਵਿੱਚ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**11. ਮੋਹਨਵਾਲ (9815107941) -** ਪ੍ਰਚਾਰਕ ਭਾਈ ਸਤਿਨਾਮ

ਸਿੰਘ ਵਲੋਂ ਕੇਂਦਰ ਮੋਹਨਵਾਲ ਵਿਖੇ ਗ੍ਰੰਥੀ ਸਿੰਘ/ਪ੍ਰਚਾਰਕ ਵਜੋਂ ਸੇਵਾ ਨਿਭਾਉਂਦੇ ਹੋਏ ਗੁਰਦੁਆਰਾ ਸਾਹਿਬ ਵਿਖੇ ਸਵੇਰੇ-ਸ਼ਾਮ ਨਿਤਨੇਮ ਅਤੇ ਆਸਾ ਦੀ ਵਾਰ ਦੀ ਕਥਾ ਵੀਚਾਰ ਕੀਤੀ ਜਾਂਦੀ ਹੈ। 9 ਅਕਤੂਬਰ ਨੂੰ ਚੌਥੇ ਗੁਰੂ ਪਾਤਸ਼ਾਹ ਜੀ ਅਤੇ 20 ਅਕਤੂਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਹਾੜੇ ਮਨਾਏ ਗਏ। ਸ: ਰੇਸ਼ਮ ਸਿੰਘ ਯੂ. ਕੇ. ਵਲੋਂ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਕਰਵਾਏ ਗਏ। 25 ਅਕਤੂਬਰ ਨੂੰ ਸਮਾਪਤੀ ਮੌਕੇ ਸੰਗਤਾਂ ਨਾਲ ਕਥਾ-ਵੀਚਾਰ ਦੀ ਸਾਂਝ ਪਾਈ ਗਈ ਹੈ। ਪਿੰਡ ਬੁਗਵਾਈ ਅਤੇ ਪਿੰਡ ਮੋਹਨਵਾਲ ਵਿਖੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੇ ਸਹਿਯੋਗ ਨਾਲ ਹਰ ਮਹੀਨੇ ਕੇਂਦਰ ਵਿਖੇ ਲੋੜਵੰਦ ਬੱਚਿਆਂ ਨੂੰ ਵਜੀਫੇ ਦਿੱਤੇ ਜਾਂਦੇ ਹਨ। ਇੱਕ ਬੱਚੇ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ।

**12. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇ ਰਹੇ ਹਨ। ਕੇਂਦਰ ਵਿਖੇ ਗੁਰਮਤਿ ਦੀਆਂ ਕਲਾਸਾਂ ਦੇ ਨਾਲ-ਨਾਲ ਕੀਰਤਨ ਤੇ ਗਤਕੇ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਪਿੰਡ ਚੱਕ ਖੁਰਦ ਵਿਖੇ ਗੁਰਮਤਿ ਕਲਾਸਾਂ ਦੇ ਨਾਲ-ਨਾਲ ਕੀਰਤਨ ਦੀ ਕਲਾਸ ਦੀ ਸ਼ੁਰੂਆਤ ਕੀਤੀ ਗਈ ਹੈ। ਸੈਂਟ ਜੋਨਸ ਅਕੈਡਮਿਕ ਸ਼ੰਕਰ ਵਿਖੇ ਬੱਚਿਆਂ ਦੇ ਨਾਲ ਮੂਲ ਮੰਤਰ ਦੀ ਵਿਆਖਿਆ ਦੀ ਸਾਂਝ ਪਾਈ ਜਾਂਦੀ ਹੈ। ਪਿੰਡ ਜਮੀਤਪੁਰ ਢੇਰੂ ਫਿਰੋਜਪੁਰ ਵਿਖੇ 3 ਦਿਨ ਗੁਰਮਤਿ ਵੀਚਾਰਾਂ ਦੀ ਸਾਂਝ ਕੀਤੀ ਗਈ। ਗੁਰਮਤਿ ਮੁਕਾਬਲੇ ਤੇ ਨਰੋਈ ਸਿਹਤ ਮੁਕਾਬਲਿਆਂ ਲਈ ਬੱਚਿਆਂ ਦੀ ਤਿਆਰੀ ਕਰਵਾਈ ਗਈ। 3 ਬੱਚਿਆਂ ਨੇ ਸਹਿਜ ਪਾਠਾਂ ਦੀ ਸਮਾਪਤੀ ਕੀਤੀ ਅਤੇ 3 ਸਹਿਜ ਪਾਠ ਆਰੰਭ ਕੀਤੇ ਗਏ ਹਨ।

**13. ਨਵਾਂ ਸ਼ਹਿਰ (87290-86035)-** ਕੇਂਦਰ ਦੇ ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਪਿੰਡ ਮਜਾਰੀ, ਸਾਹਲੋਂ ਅਤੇ ਪਨਾਮ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਿਖੇ ਹਰ ਰੋਜ਼ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਬੱਚਿਆਂ ਦੀ ਫ੍ਰੀ ਟਿਊਸ਼ਨ ਕਲਾਸ ਅਤੇ ਫ੍ਰੀ ਕੰਪਿਊਟਰ ਕਲਾਸ ਵੀ ਲਗਾਈ ਜਾਂਦੀ ਹੈ। ਹਰ ਸੋਮਵਾਰ ਜੈ ਭਾਰਤ ਸਕੂਲ ਸਮੁੰਦੜਾ ਵਿਖੇ, ਹਰ ਮੰਗਲਵਾਰ ਬਾਬਾ ਵਜੀਰ ਸਿੰਘ ਸਕੂਲ ਨਵਾਂ ਸ਼ਹਿਰ ਅਤੇ ਹਰ ਬੁੱਧਵਾਰ ਖਾਲਸਾ ਪਬਲਿਕ ਸਕੂਲ ਔੜ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ, 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਆਰੰਭ ਕੀਤੇ ਹਨ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**14. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸ਼ਾਮ ਨੂੰ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਅਤੇ ਫ੍ਰੀ ਟਿਊਸ਼ਨ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਸਾਹਿਬ ਵਿਚ ਸੰਗਤ ਵਲੋਂ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**15. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**16. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 8.30 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਪਿੰਡ ਫਿੰਡੜ ਆਰ. ਐਸ. ਪੁਰਾ ਵਿਖੇ, 11 ਵਜੇ ਤੋਂ 1 ਵਜੇ ਤੱਕ



ਗੁਰਦੁਆਰਾ ਸਾਹਿਬ ਮਮਕਾ ਵਿਖੇ, 3.30 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ ਗੁਰਮਤਿ ਦੀ ਸਭਾ ਵਿੱਚ ਮੁੱਢਲੇ ਸਿਧਾਂਤ ਦਾ ਪਾਠ ਕਰਵਾਇਆ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਕਰਵਾਈ ਗਈ।

**17. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜਨੰਦਗਾਓ ਛੱਤੀਸਗੜ੍ਹ 'ਚ ਗੁਰਮਤਿ ਕਲਾਸਾਂ ਲਗਾਈਆਂ ਗਈਆਂ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਗਈ। ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਬੱਚਿਆਂ ਵਲੋਂ ਕੀਰਤਨ ਕੀਤਾ ਗਿਆ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**18. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**19. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

**ਸਫਾ 38 ਦਾ ਬਾਕੀ**

ਹੋਣ ਸਦਕਾ ਇਹ ਖੂਨ ਦੇ ਦਬਾਅ ਨੂੰ ਵੀ ਨਿਯੰਤਰਨ ਵਿੱਚ ਰੱਖਣ ਵਿੱਚ ਸਹਾਈ ਹੁੰਦੇ ਹਨ। ਜੌਂ ਵਿੱਚ ਮੌਜੂਦ ਐਂਟੀ-ਆਕਸੀਡੈਂਟ, ਵਿਟਾਮਿਨ, ਫਾਈਟੋ-ਨਿਊਟਰੀਐਂਟ, ਵਿਟਾਮਿਨ ਆਦਿ ਤੱਤ ਸਰੀਰ ਵਿੱਚ ਕਿਸੇ ਤਰ੍ਹਾਂ ਦੀ ਸੋਜ਼ਿਸ਼ ਨੂੰ ਵੀ ਘੱਟ ਕਰਨ ਕਰ ਕੇ ਦਿਲ ਦੀ ਸਿਹਤ ਲਈ ਲਾਹੇਵੰਦ ਹੁੰਦੀ ਹੈ। ਜੌਂ ਵਿੱਚ ਮੌਜੂਦ ਮੈਗਨੀਸ਼ੀਅਮ, ਪੋਟਾਸ਼ੀਅਮ ਅਤੇ ਕੈਲਸ਼ੀਅਮ ਦਿਲ ਦੀਆਂ ਮਾਸਪੇਸ਼ੀਆਂ ਨੂੰ ਤਕੜਾ ਰੱਖਣ 'ਚ ਵਧੀਆ ਭੂਮਿਕਾ ਨਿਭਾਉਂਦੇ ਹਨ।

ਅੰਤੜੀਆਂ ਇੱਕ ਖ਼ਾਸ ਵਾਤਾਵਰਨ ਵਿੱਚ ਸੂਖਮ ਜੀਵਾਣੂ ਬੀਟਾ ਗਲੂਕਨ ਐਸਸੀਐਫਏਜ ਬਿਊਟੀਰੇਟ, ਐਸੀਟੇਟ ਅਤੇ ਪ੍ਰੋਟੀਨੇਟ ਉਪਜਦੇ ਹਨ, ਜੋ ਅੰਤੜੀਆਂ ਦੀ ਅੰਦਰੂਨੀ ਸਤਹਿ ਦੀ ਸਿਹਤ ਲਈ ਬਹੁਤ ਹੀ ਵਧੀਆ ਹੁੰਦੇ ਹਨ। ਇਹ ਅੰਤੜੀਆਂ ਦੀ ਸਿਹਤ ਵਧੀਆ ਰੱਖਣ ਵਿੱਚ ਲਾਹੇਵੰਦ ਸਾਬਤ ਹੁੰਦੀ ਹੈ। ਜ਼ਿਕਰਯੋਗ ਹੈ ਕਿ ਸਿਹਤਮੰਦ ਅੰਤੜੀਆਂ ਸਰੀਰ ਦਾ ਲਗਪਗ 90 ਫ਼ੀਸਦੀ ਤੋਂ ਵੀ ਵੱਧ ਸੀਰੋਟੋਨਿਨ ਹਾਰਮੋਨ ਪੈਦਾ ਕਰਦੀਆਂ ਹਨ ਜੋ ਦਿਮਾਗੀ ਸਿਹਤ ਲਈ ਜ਼ਰੂਰੀ ਅਤੇ ਲੋੜੀਂਦਾ ਤੱਤ ਹੈ। ਇਹ ਹਾਰਮੋਨ ਸਿਰਫ਼ ਮਨੁੱਖ ਨੂੰ ਖ਼ੁਸ਼ ਰੱਖਣ ਲਈ ਹੀ ਜ਼ਰੂਰੀ ਨਹੀਂ ਹੁੰਦਾ ਸਗੋਂ ਪੜ੍ਹਾਈ ਕਰਨਾ, ਯਾਦਸ਼ਕਤੀ, ਨੀਂਦ, ਸਰੀਰ ਦੇ ਤਾਪਮਾਨ ਦਾ ਨਿਯੰਤਰਨ, ਭੁੱਖ ਲੱਗਣ ਅਤੇ ਮਰਦਾਨਾ/ਜ਼ਨਾਨਾ ਤਾਕਤ ਆਦਿ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ।

***ਲੇਖਕ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਿੱਚ ਖੇਤੀਬਾੜੀ ਅਫ਼ਸਰ**

## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ 27 ਅਕਤੂਬਰ ਨੂੰ ਸਰਹਾਲੀ (ਤਰਨਤਾਰਨ) ਵਿਖੇ ਪੰਜਾਬ ਪੱਧਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ 2024 ਕਰਵਾਏ ਗਏ।















RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ 27 ਅਕਤੂਬਰ ਨੂੰ ਸਰਹਾਲੀ (ਤਰਨਤਾਰਨ) ਵਿਖੇ ਪੰਜਾਬ ਪੱਧਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ 2024 ਕਰਵਾਏ ਗਏ।











